ਪੰਜਾਬੀ ਦੁਨੀਆਂ

ਪੱਤਰ ਕਾਰੀ ਅੰਕ - ਅਗਸਤ

1968



'ਹਮਦਰਦ'

ਪਹਿਲਾ ਸਨਮਾਨਿਤ ਪਤਰਕਾਰ

ਭਾਈ ਗੁਰਦਾਸ ਅੰਕ

ਭਾਸ਼ਾ ਵਿਭਾਗ ਨੇ ,ਪਿਛਲੇ 18 ਸਾਲਾਂ ਵਿੱਚ 'ਪੰਜਾਬੀ ਦੁਨੀਆ' ਦੇ ਕਈ ਵਿਸ਼ੇਸ਼ ਅੰਕ ਪੰਜਾਬੀ ਜਗਤ ਨੂੰ ਭੇਟਾ ਕੀਤੇ ਹਨ । ਸਾਹਿਤਕਾਰਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਪਾਠਕਾਂ ਨੇ ਇਨ੍ਹਾਂ ਅੰਕਾਂ ਨੂੰ ਵਿਸ਼ੇਸ਼ ਸਨੇਹ ਤੇ ਹਿਤ ਨਾਲ ਅਪਣਾਕੇ ਵਿਭਾਗ ਨੂੰ ਮਾਣ ਬਖਸ਼ਿਆ ਹੈ। ਪਾਠਕਾਂ ਵੱਲੋਂ ਭਾਈ ਗੁਰਦਾਸ ਅੰਕ ਦੀ ਬਾਰ ਬਾਰ ਮੰਗ ਆਉਣ ਕਰਕੇ, ਵਿਭਾਗ ਨੇ ਇਹ ਅੰਕ ਸੋਧੇ ਹੋਏ ਰੂਪ ਵਿੱਚ ਮੁੜ ਪ੍ਰਕਾਸ਼ਤ ਕਰਨ ਦਾ ਨਿਰਣਾ ਕੀਤਾ ਹੈ। ਛੇਤੀ ਹੀ ਇਹ ਅੰਕ ਪਾਠਕਾਂ ਤੀਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਸੰਪਾਦਕ

ਪੰਜਾਬੀ ਦੁਨੀਆ

ਅਗਸਤ 1968

[ਸਾਲ ਵੀਹਵਾਂ ਨੰ: 8]

ਪ੍ਰਕਾਸ਼ਕ :—ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਛਾਪਕ : —ਡਿਪਟੀ ਕੰਟਰੋਲਰ ਛਪਾਈ ਅਤੇ ਸਟੇਸ਼ਨਰੀ ਵਿਭਾਗ ਪੰਜਾਬ, ਪਟਿਆਲਾ।

ਤਰਤੀਬ

ਸਨਮਾਨ–ਪੱਤਰ

ਜੋ ਪੰਜਾਬ ਦੇ ਪ੍ਰਸਿਧ ਪੱਤਰਕਾਰ ਸਰਦਾਰ ਸਾਧੂ ਸਿੰਘ ਹਮਦਰਦ ਨੂੰ ਉਨ੍ਹਾਂ ਦੀ ਸਾਹਿੱਤ ਤੇ ਪੱਤਰਕਾਰੀ ਦੀ ਸੇਵਾ ਦੀ ਪ੍ਰਸ਼ੰਸਾ ਵਜੋਂ

ਭਾਸ਼ਾ ਵਿਭਾਗ, ਪੰਜਾਬ

ਵਲੋਂ

ਮਿਤੀ 27 ਮਾਰਚ, 1968 ਨੂੰ ਵਾਰਸ਼ਿਕ ਸਾਹਿੱਤ ਸਮਾਰੋਹ ਸਮੇਂ
ਸਤਿਕਾਰ ਸਹਿਤ ਭੇਟਾ
ਕੀਤਾ ਗਿਆ ।

ਸਤਿਕਾਰ ਯੋਗ ਹਮਦਰਦ ਜੀਓ,

ਭਾਸ਼ਾ ਵਿਭਾਗ, ਪੰਜਾਬ ਆਪ ਜਿਹੇ ਪੰਜਾਬੀ ਦੇ ਆਧੁਨਿਕ ਪੱਤਰਕਾਰ ਨੂੰ ਸਨਮਾਨਣ ਵਿੱਚ ਮਹਾਨ ਖੁਸ਼ੀ ਅਤੇ ਗੌਰਵ ਅਨੁਭਵ ਕਰ ਰਿਹਾ ਹੈ । ਬਚਪਨ ਤੋਂ ਹੀ ਆਪ ਜੀ ਦੀ ਸਹਿਰਦ ਤੇ ਅਨੁਭਵੀ ਕਲਪਨਾ ਵਿਚ ਸਾਹਿੱਤ ਅਤੇ ਮਾਨਵੀ ਪ੍ਰੇਮ ਦਾ ਜਜ਼ਬਾ ਠਾਠਾਂ ਮਾਰਨ ਲਗ ਪਿਆ ਸੀ । ਇਸ ਵੇਗ ਨੂੰ ਆਪ ਜੀ ਨੇ ਕਲਮ, ਦੁਆਤ ਤੇ ਕਾਗਜ਼ ਦੀ ਤ੍ਰਿਬੈਣੀ ਵਿੱਚ ਡੁਬਕੀ ਦੇ ਕੇ ਕਲਿਆਣਕਾਰੀ ਸੇਧ ਦੇ ਲਈ । ਅੱਜ ਲਗ ਭਗ ਤਿੰਨ ਦਹਾਕਿਆਂ ਦੀ ਹੱਡ–ਭੰਨਵੀਂ ਘਾਲ ਉਪਰੰਤ ਆਪ ਜੀ ਦੀ ਸ਼ਖਸੀਅਤ ਪੰਜਾਬੀ ਪੱਤਰਕਾਰੀ ਤੇ ਸਾਹਿਤ ਦੇ ਖੇਤਰ ਵਿੱਚ ਚੁੰਬਕੀ ਸਾਹਸ ਦੇਣ ਵਾਲੀ ਤੇ ਲੋਕ–ਪ੍ਰਿਯ ਬਣ ਗਈ ਹੈ । ਅੱਜ ਆਪ ਜੀ ਦੀ ਸ਼ੁਹਰਤ ਪੰਜਾਬ ਦੀਆਂ ਵਲਗਣਾਂ ਨੂੰ ਉਲੰਘ ਕੇ ਦੇਸ਼–ਵਿਆਪੀ ਬਣ ਗਈ ਹੈ । ਆਲ ਇੰਡੀਆ ਨਿਊਜ਼ ਪੇਪਰਜ਼ ਕਾਨਫ੍ਰੰਸ ਦੀ ਸਟੈਂਡਿੰਗ ਕਮੇਟੀ ਦਾ ਮੈਂਬਰ, ਸਟੇਟ ਕਮੇਟੀ ਦਾ ਕਨਵੀਨਰ ਅਤੇ ਕੇਂਦਰੀ ਸਾਹਿਤ ਅਕਾਡਮੀ ਨਵੀਂ ਦਿੱਲੀ ਦਾ ਸਲਾਹਕਾਰ ਹੋਣਾ ਮਾਣ ਤੇ ਸ਼ੁਹਰਤ ਦੇ ਫੈਲਾਅ ਦੀਆਂ ਹਰੀਆਂ ਸ਼ਾਖਾਂ ਹਨ ।

ਪੰਜਾਬ ਦੇ ਸ਼੍ਰੋਮਣੀ ਪੱਤਰਕਾਰ ਜੀਓ,

ਆਪ ਜੀ ਨੇ ਪੰਜਾਬੀ ਪੱਤਰਕਾਰੀ ਵਿੱਚ ਆਦਰਸ਼ਕ ਮਿਆਰਾਂ ਦੀ ਸਥਾਪਨਾ ਕੀਤੀ । ਖੁਸ਼ਾਮਦੀ ਕੀਮਤਾਂ ਨੂੰ ਝੰਜੋੜਦਿਆਂ ਆਪ ਜੀ ਨੇ ਆਪਣੇ ਆਦਰਸ਼ ਦੀ ਵਜ਼ਾਹਤ ਕਰਦਿਆਂ ਕਿਹਾ ਸੀ ਕਿ ਲੀਡਰਾਂ ਜਾਂ ਸਰਕਾਰੇ ਦਰਬਾਰੇ ਪਹੁੰਚ ਰੱਖਣ ਨਾਲ ਕੋਈ ਪਰਚਾ ਨਹੀਂ ਚਲ ਸਕਦਾ । ਲੋਕਾਂ ਵੇਖਣਾ ਇਹ ਹੁੰਦਾ ਹੈ ਕਿ ਪਰਚੇ ਦੀ ਪਾਲਿਸੀ ਕੀ ਹੈ; ਉਸ ਦੀਆਂ ਖਬਰਾਂ ਤੇ ਫੀਚਰ ਕੀ ਹਨ ਤੇ ਉਸ ਦੀ ਦਿਖ ਤੇ ਛਪਾਈ ਕਿਹੋ ਜਿਹੀ ਹੈ ? ਜਿਹੜਾ ਪਰਚਾ ਪਾਠਕਾਂ

ਦੀਆਂ ਸਾਰੀਆਂ ਭੁੱਖਾਂ ਸਰਚਾਏਗਾ ਉਸੇ ਨੂੰ ਲੋਕ ਅਪਨਾਉਣਗੇ।' ਇਸ ਨਿਸ਼ਾਨੇ ਨੂੰ ਮੁੱਖ ਰੱਖਣ ਲਈ ਅਸੀਂ ਜਾਣਦੇ ਹਾਂ ਕਿ ਆਪ ਜੀ ਨੂੰ ਮਾਲੀ ਸੰਕਟ ਸਹਿਣਾ ਪਿਆ, ਕਈਆਂ ਦੀਆਂ ਘੂਰੀਆਂ ਜਰਨੀਆਂ ਪਈਆਂ, ਭੁੱਖ ਦੁੱਖ ਵਿੱਚ ਪਲਸੇਟੇ ਮਾਰਨੇ ਪਏ ਅਤੇ ਤ੍ਰਿਸਕਾਰ ਨੂੰ ਵੀ ਆਦਰ ਸਮਝਣਾ ਪਿਆ। ਇਹੋ ਟੱਕਰ ਸੀ, ਇਹੋ ਭੰਵਰ ਸੀ, ਇਹੋ ਸੰਕਟ ਸੀ, ਜਿਸ ਦੀ ਲਿਸ਼ਕਾਰ ਆਪ ਜੀ ਨੇ ਆਪਣੀ ਗਜ਼ਲ ਦੇ ਗੁਣਗੁਣਾਉਂਦੇ ਸ਼ਿਅਰ ਨਾਲ ਸਵੀਕਾਰ ਕਰਕੇ ਪੰਜਾਬੀ ਪੱਤਰਕਾਰੀ ਨੂੰ ਉਚਿਆਉਣ ਦਾ ਮਾਣ ਜਿਤਿਆ:—

"ਆਪਣੇ ਬਲ ਤੇ ਹੁਣ ਭਰੋਸਾ ਕਰ ਲਿਆ,
ਡਰ ਲਿਆ, ਡਰਨਾ ਸੀ ਜਿੰਨਾ ਡਰ ਲਿਆ।"

ਪੰਜਾਬੀ ਗ਼ਜ਼ਲ ਦੇ ਉਸਤਾਦ ਜੀਓ,

ਆਪ ਜੀ ਨੇ ਪੰਜਾਬੀ ਗ਼ਜ਼ਲ ਨੂੰ ਨਵਾਂ ਨਿਖਾਰ ਅਤੇ ਨਵਾਂ ਰੂਪ ਦਿੱਤਾ ਹੈ। ਕਾਵਿ-ਮੰਡਲ ਵਿੱਚ ਗ਼ਜ਼ਲ ਅਰਬੀ ਨਖਲਿਸਤਾਨ ਦਾ ਬੂਟਾ ਮੰਨਿਆ ਜਾਂਦਾ ਸੀ। 'ਸਾਅਦੀ' ਤੇ 'ਹਾਫਿਜ਼' ਜਿਹੇ ਉਸਤਾਦਾਂ ਨੇ ਇਸ ਨੂੰ ਸ਼ੀਰਾਜ਼ੀ ਅਤੇ 'ਮੀਰ' ਤੇ 'ਦਾਗ਼' ਨੇ 'ਦੇਹਲਵੀ' ਬਣਾਇਆ ਪਰ ਆਪ ਜੀ ਦੇ ਕਲਾਕਾਰੀ ਹੱਥ ਨੇ ਇਸ ਬੂਟੇ ਨੂੰ ਪੰਜਾਬ ਦੀ ਧਰਤੀ ਵਿੱਚ ਸਫ਼ਲਤਾ ਸਹਿਤ ਗਡਿਆ। ਹੌਲੀ ਫੁਲ ਸ਼ੈਲੀ ਜਿਸ ਵਿੱਚੋਂ ਰਸ, ਰੰਗ ਤੇ ਸੁਗੰਧੀ ਪੜ੍ਹਨ ਤੇ ਸੁਣਨ ਵਾਲਿਆਂ ਨੂੰ ਅਦਭੁਤ ਹੁਲਾਰੇ ਪ੍ਰਦਾਨ ਕਰੇ, ਆਪ ਜੀ ਦੇ ਸ਼ਿਅਰਾਂ ਦਾ ਚਮਤਕਾਰੀ ਗੁਣ ਹੈ। ਨੈਣਾਂ ਦੀ ਤਕਣੀ ਡੂੰਘੇ ਜ਼ਖਮਾਂ ਨੂੰ ਭਰਦੀ ਦਰਸਾ ਕੇ ਅਤੇ ਜਿੱਤ ਹਾਰਾਂ ਵਿੱਚੋਂ ਸਿਰ ਕੱਢਦੀ ਵਿਖਾ ਕੇ ਆਪ ਜੀ ਨੇ ਫ਼ਾਰਸੀ ਸ਼ਾਇਰੀ ਦੀ 'ਨਿਗਾਹੇ ਕਰਮ' ਅਤੇ ਭਾਰਤੀ ਸ਼ਾਇਰੀ ਦਾ 'ਪਤਨ ਤੇ ਵਿਕਾਸ' ਨੂੰ ਮੂਰਤੀਮਾਨ ਕੀਤਾ ਹੈ:—

"ਮਦ ਭਰੇ ਨੈਣਾਂ ਨੇ ਤੱਕਿਆ ਜ਼ਖਮ ਨੂੰ, ਜ਼ਖਮ ਨੇ ਮੂੰਹ ਵੇਖਿਆ ਅੰਗੂਰ ਦਾ।"

ਅਤੇ—

ਜਿਵੇਂ ਫੁਲ ਉਗਦਾ ਏ ਖ਼ਾਰਾਂ ਦੇ ਵਿੱਚੋਂ,
ਤਿਵੇਂ ਜਿੱਤ ਹਸਦੀ ਏ ਹਾਰਾਂ ਦੇ ਵਿੱਚੋਂ।

ਪੰਜਾਬ ਦੇ ਗੌਰਵ ਦੇ ਪਰਸੰਸਕ ਜੀਓ,

ਹਰ ਕੌਮ ਦਾ ਇਤਿਹਾਸ, ਲੋਕਾਂ ਲਈ ਪ੍ਰੇਰਨਾ ਤੇ ਕੌਮੀ ਗੌਰਵ ਦਾ ਸੋਮਾਂ ਹੋਇਆ ਕਰਦਾ ਹੈ। ਭਾਈ ਵੀਰ ਸਿੰਘ ਜੀ ਨੇ 'ਸੁੰਦਰੀ' ਤੇ 'ਵਿਜੈ ਸਿੰਘ' ਨਾਂ ਦੇ ਇਤਿਹਾਸਕ ਨਾਵਲ ਲਿਖ ਕੇ ਪੰਜਾਬੀਆਂ ਨੂੰ ਜਾਗ੍ਰਤੀ ਦਾ ਹਿਲੂਣਾ ਦਿੱਤਾ ਸੀ। ਆਪ ਜੀ ਨੇ ਇਸੇ ਪ੍ਰਥਾ ਨੂੰ ਕਾਇਮ ਰਖਦਿਆਂ ਪੰਜਾਬੀ ਲੋਕਾਂ ਦੀਆਂ ਸੁੱਤੀਆਂ ਸੰਭਾਵਨਾਵਾਂ ਨੂੰ ਟੁੰਬਣ ਲਈ, ਜ਼ੀਨਤ ਬਘੇਲ ਸਿੰਘ ਆਦਿ ਲਗ ਭਗ ਇਕ ਦਰਜਨ ਸਾਹਿਤ ਦੀਆਂ ਰਚਨਾਵਾਂ ਬੜੀ ਰੌਚਕਤਾ, ਢੁਕਵੀਂ ਸ਼ੈਲੀ, ਸਰਲ

ਸ਼ਬਦਾਵਲੀ ਵਿੱਚ ਲਿਖ ਕੇ ਪੰਜਾਬੀ ਬੋਲੀ ਸਾਹਿਤ ਤੇ ਸਭਿਆਚਾਰ ਦੀ ਬਹੁਮੁੱਲੀ ਸੇਵਾ ਕੀਤੀ ਹੈ। ਇਹ ਰਚਨਾਵਾਂ ਪੰਜਾਬੀਆਂ ਦੇ ਸੱਚੇ ਸੁੱਚੇ ਆਦਰਸ਼ ਦਾ ਨਮੂਨਾ ਪੇਸ਼ ਕਰਦੀਆਂ ਹਨ ਅਤੇ ਨ ਵੇਂ ਪੋਚ ਨੂੰ ਉਸਾਰਨ ਉਭਾਰਨ ਸੰਵਰਨ-ਸੰਵਾਰਨ, ਅਣਖੀਲੇ ਤੇ ਸਵੈਮਾਨ ਵਾਲੇ ਬਣਨ ਅਤੇ ਸਾਵਧਾਨ ਰਹਿਣ ਦੀ ਚੇਤਨਤਾ ਬਖਸ਼ਦੀਆਂ ਹਨ:—

'ਮਰ ਗਏ ਪਰ ਨ ਝੁਕੇ ਬਿਲਕੁਲ ਅਸੀਂ,
ਹੋਰ ਸਨ ਜੋ ਮਰ ਗਏ ਹੱਥ ਜੋੜਦੇ।"

ਸੱਚੇ ਦੇਸ ਸੇਵਕ ਜੀਓ

ਆਪ ਜੀ ਬਚਪਨ ਤੋਂ ਹੀ ਇਨਕਲਾਬੀ ਜਜ਼ਬੇ ਨਾਲ ਮਖਮੂਰ ਹੋ ਰਹੇ ਹੋ। ਸ਼ਹੀਦ ਭਗਤ ਸਿੰਘ, ਸ਼ਹੀਦ ਗਿਆਨੀ ਹਰਬੰਸ ਸਿੰਘ, ਸ਼ਹੀਦ ਬਾਬੂ ਲਾਭ ਸਿੰਘ ਜਿਹੇ ਮਹਾਨ ਪੰਜਾਬੀਆਂ ਨੇ ਆਪਣੀ ਰੂਹ ਨਾਲ ਆਪ ਜੀ ਦੇ ਹਿਰਦੇ ਨੂੰ ਕੌਮੀ ਤੇ ਮਾਨਵੀ ਭਾਵਨਾਵਾਂ ਨਾਲ ਸਰਸ਼ਾਰ ਕੀਤਾ ਅਤੇ ਆਪ ਜੀ ਨੇ ਕਲਮ ਨੂੰ ਤਲਵਾਰ ਦੀ ਪਾਣ ਚਾੜ੍ਹ ਕੇ ਧੱਕੇ, ਜ਼ੁਲਮ, ਗੁਲਾਮੀ ਅੰਧਕਾਰ, ਅੰਧ-ਵਿਸ਼ਵਾਸ ਤੇ ਅਧਰਮ ਦੇ ਖਿਲਾਫ਼ ਜੂਝਣ ਦਾ ਪ੍ਰਣ ਕੀਤਾ। ਪਿਛਲੇ 33 ਸਾਲਾਂ ਤੋਂ ਆਪ ਲਗਾਤਾਰ ਇਸੇ ਮੰਜ਼ਿਲ ਵਲ ਵਧਦੇ ਜਾ ਰਹੇ ਹੋ।

ਇਸ ਮਹਾਨ ਸਾਹਿਤਕ-ਘਾਲ ਨੂੰ ਸਾਹਮਣੇ ਰਖਦਿਆਂ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਇਹ ਸਿਰੋਪਾ ਅਤੇ 1100 ਰੁਪਏ ਦੀ ਥੈਲੀ ਦੀ ਤੁੱਛ ਜਿਹੀ ਭੇਟਾ ਕਰਨ ਵਿੱਚ ਅਸੀਂ ਖੁਸ਼ੀ ਤੇ ਚਾਉ ਮਹਿਸੂਸ ਕਰਦੇ ਹਾਂ। ਅਸੀਂ ਆਸ ਰਖਦੇ ਹਾਂ ਕਿ ਆਪ ਜੀ ਦੀ ਕਲਮ ਆਉਂਦਿਆਂ ਸਾਲਾਂ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ, ਨੂੰ ਉਚਿਆਉਣ ਲਈ ਤਿਖੇਰੀ ਹੋ ਕੇ ਚਲੇਗੀ ਤਾਂ ਜੋ ਇਸ ਦੇ ਮੋਤੀ ਭਾਰਤ ਮਾਂ ਦੀ ਆਭਾ ਨੂੰ ਚਾਰ ਚੰਨ ਲਾਉਣ। ਅੰਤ ਅਸੀਂ ਆਪ ਜੀ ਦੀ ਸਲਾਮਤੀ ਤੇ ਚੜ੍ਹਦੀ ਕਲਾ ਲਈ ਪ੍ਰਾਰਥਨਾ ਕਰਦੇ ਹਾਂ।

ਤੂੰ ਸਲਾਮਤ ਰਹੇਂ ਹਜ਼ਾਰ ਬਰਸ।
ਹਰ ਬਰਸ ਕੇ ਦਿਨ ਹੋਂ ਪੱਚਾਸ ਹਜ਼ਾਰ।

ਲਾਲ ਸਿੰਘ
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਪੰਜਾਬੀ ਪਤ੍ਰਕਾਰੀ ਦਾ ਵਿਕਾਸ

ਗਿਆਨੀ ਨਾਹਰ ਸਿੰਘ

ਅੰਗ੍ਰੇਜ਼ਾਂ ਦੇ ਹਿੰਦੁਸਤਾਨ ਵਿੱਚ ਆਉਣ ਤੋਂ ਹੀ ਅੰਗ੍ਰੇਜ਼ੀ ਤੇ ਹੋਰ ਬੋਲੀਆਂ ਵਿੱਚ ਪਤ੍ਰ-ਕਾਰੀ ਦਾ ਸਿਲਸਿਲਾ ਅਰੰਭ ਹੋਇਆ। ਪੰਜਾਬ ਵਿੱਚ ਅੰਗ੍ਰੇਜ਼ੀ ਰਾਜ 1846 ਤੋਂ ਹੀ ਆ ਗਿਆ ਸੀ। ਪਰ ਏਥੇ ਪਤ੍ਰਕਾਰੀ ਪੰਜਾਬੀ ਅੱਖਰਾਂ ਵਿੱਚ 1867 ਵਿਚ ਅਰਭ ਹੋਈ। ਪੰਜਾਬੀ ਪਤ੍ਰਕਾਰੀ ਸਮੇਂ ਅਨੁਸਾਰ, ਕਈ ਰੰਗਾਂ ਵਿੱਚ ਵਰਤੀ ਹੈ। ਸਾਡੀ ਜਾਚੇ ਸਮੇਂ ਅਨੁਸਾਰ ਇਸਨੂੰ ਹੇਠ ਲਿਖੇ ਸਮਿਆਂ ਵਿੱਚ ਵੰਡਿਆ ਜਾ ਸਕਦਾ ਹੈ:—

1. 1867 ਤੋਂ 1900 ਤਕ ਦਾ ਸਮਾਂ
2. 1900 ਤੋਂ 1912 ਤਕ ਦਾ ਸਮਾਂ
3. 1913 ਤੋਂ 1920 ਤਕ ਦਾ ਸਮਾਂ
   1920 ਤੋਂ 1947,
4. 1943 ਤੋਂ 1968 ਦਾ ਸਮਾਂ

ਹੁਣ ਇਸ ਸਮੇਂ ਦੀ ਵੰਡ ਅਨੁਸਾਰ ਪੰਜਾਬੀ ਪਤ੍ਰਕਾਰੀ ਦਾ ਵੇਰਵਾ ਸੰਖੇਪ ਰੂਪ ਵਿੱਚ ਦਰਜ ਕੀਤਾ ਜਾਂਦਾ ਹੈ:—

ਮਹਾਰਾਜਾ ਰਣਜੀਤ ਸਿੰਘ ਨਾਲ 1809 ਵਿਚ ਪੰਜਾਬ ਦੀ ਹਦਬੰਦੀ ਸਮਝੌਤਾ ਹੋਣ ਪਰ ਅੰਗ੍ਰੇਜ਼ ਪਾਦਰੀਆਂ ਨੇ ਆਪਣਾ ਅੱਡਾ ਲੁਧਿਆਣੇ ਵਿੱਚ ਕਾਇਮ ਕੀਤਾ। ਇਨ੍ਹਾਂ ਪੰਜਾਬੀ ਦੀ ਉਨਤੀ ਲਈ ਬਹੁਤ ਕੁਝ ਕੀਤਾ। 1812 ਈ. ਵਿੱਚ ਪੰਜਾਬੀ ਦਾ ਵਿਆਕਰਣ ਬਣਾਇਆ। ਫਿਰ ਅੰਗ੍ਰੇਜ਼ੀ-ਪੰਜਾਬੀ ਡਿਕਸ਼ਨਰੀ ਬਣਾਈ। 1860 ਈ. ਵਿੱਚ ਪਾਦਰੀਆਂ ਨੇ ਪੰਜਾਬੀ ਦਾ ਪਹਿਲਾ ਅਖਬਾਰ ਜਾਰੀ ਕੀਤਾ, ਜੋ ਵਿਰਤੂ ਸਮਾਚਾਰ ਚਿੱਠੀਆਂ ਦੇ ਰੂਪ ਵਿਚ ਸੀ। ਜਿਸ ਰਾਹੀਂ ਈਸਾਈ ਮਤ ਦਾ ਪ੍ਰਚਾਰ ਤੇ ਲੋੜੀਂਦੀਆਂ ਖਬਰਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਸਨ। ਪੰਜਾਬੀ ਪਤ੍ਰਕਾਰੀ ਦਾ ਮਢ ਈਸਾਈ ਪਾਦਰੀਆਂ ਨੇ ਹੀ ਬੰਨ੍ਹਿਆ। ਇੰਜੀਲ ਦਾ ਤਰਜਮਾਂ ਪੰਜਾਬੀ ਵਿਚ ਛਾਪਿਆ। ਹੋਰ ਵੀ ਕਈ ਪੁਸਤਕਾਂ ਛਾਪੀਆਂ। 1845 ਵਿੱਚ ਪੰਜਾਬੀ (ਗੁਰਮੁਖੀ) ਅੱਖਰਾਂ ਦਾ ਟਾਈਪ ਬਣਾਇਆ ਜੋ 1846 ਈ. ਵਰਤੋਂ ਵਿੱਚ ਲਿਆਂਦਾ ਗਿਆ। ਈਸਾਈਆਂ ਦਾ ਮਨੋਰਥ ਈਸਾਈ ਧਰਮ ਦਾ ਪ੍ਰਚਾਰ ਸੀ। 1867 ਈ. ਵਿੱਚ 'ਸ੍ਰੀ ਦਰਬਾਰ ਸਾਹਿਬ' ਨਾਮ ਦਾ ਪਤ੍ਰ ਮੁਨਸ਼ੀ ਹਰਿਨਾਰਾਇਣ ਤੇ ਵਿਰਾਇਆ ਲਾਲ ਨੇ ਜਾਰੀ ਕੀਤਾ। ਜਿਸਦਾ ਮਨੋਰਥ ਹਿੰਦੂ ਧਰਮ ਦਾ ਪ੍ਰਚਾਰ ਸੀ। 1875 ਵਿੱਚ 'ਸੁਦਬਿਧੰਛਧਨੀ' ਤੇ 1876 ਵਿੱਚ ਅਖਬਾਰ 'ਕਾਬਯ ਚੰਦੋਂਦਯ' ਨਿਕਲੇ ਇਨ੍ਹਾਂ ਵਿਚ ਹਿੰਦੀ-ਸੰਸਕ੍ਰਿਤ ਸ਼ਬਦਾਂ ਦੀ ਭਰਮਾਰ ਸੀ। ਅੱਖਰ ਜੁੜਵੇਂ ਹੁੰਦੇ ਸਨ। ਪੱਥਰ ਦੇ ਛਾਪੇ ਵਿੱਚ ਛਪਦੇ ਸਨ। ਇਨ੍ਹਾਂ ਦਾ ਮੰਤਵ ਧਰਮ ਪ੍ਰਚਾਰ ਤੇ ਰਾਜਭਗਤੀ ਸੀ। 1880 ਤੋਂ 1900 ਦਾ ਸਮਾਂ ਹਫਤਾਵਾਰੀ ਤੇ

ਮਾਸਕ ਰਸਾਲਿਆਂ ਦਾ ਸੀ । ਇਸ ਸਮੇਂ ਦੇ ਅੰਦਰ 12 ਹਫਤੇਵਾਰ ਅਖਬਾਰ ਤੇ ਦਸ ਮਾਹਵਾਰੀ ਰਸਾਲੇ ਜਾਰੀ ਹੋਏ ।

1873 ਵਿੱਚ ਸਿੰਘ ਸਭਾ ਲਹਿਰ ਜਾਰੀ ਹੋਈ । ਇਸੇ ਲਹਿਰ ਦੇ ਸਦਕੇ ਪੰਜਾਬੀ ਪਤ੍ਰਕਾਰੀ ਦੀ ਉਨਤੀ ਹੋਈ । ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ, ਨੇ ਗੁਰਮੁਖੀ ਨਾਮ ਦਾ ਹਫਤੇਵਾਰ ਪਰਚਾ 10 ਨਵੰਬਰ, 1880 ਨੂੰ ਜਾਰੀ ਕੀਤਾ । ਜੋ ਪਹਿਲੇ ਪਥਰ ਦੇ ਛਾਪੇ ਵਿੱਚ ਤੇ ਫੇਰ 1893 ਤੋਂ 1896 ਤਕ ਗੁਰਮੁਖੀ ਟਾਈਪ ਵਿਚ ਛਪਦਾ ਰਿਹਾ । ਭਾਈ ਗੁਰਮੁਖ ਸਿੰਘ ਨੇ 1889 ਵਿੱਚ 'ਵਿਦਿਆਤਕ' ਅਰਥਾਤ ਵਿਦਿਆ ਦਾ ਸੂਰਜ ਨਾਮ ਦਾ ਮਾਹਵਾਰੀ ਰਸਾਲਾ ਜਾਰੀ ਕੀਤਾ । 1886 ਵਿੱਚ ਆਪਨੇ 'ਸੁਧਾਰਕ' ਨਾਮ ਦਾ ਮਾਸਕ ਪਤ੍ਰ ਸਿਖ ਧਰਮ ਦੇ ਪ੍ਰਚਾਰ ਤੇ ਫਿਲਾਸਫੀ ਸਬੰਧੀ ਅਰੰਭ ਕੀਤਾ । ਇਸ ਤੋਂ ਪਿੱਛੋਂ ਭਾਈ ਗੁਰਮੁਖ ਸਿੰਘ ਦੇ ਯਤਨ ਨਾਲ ਹੀ ਗਿਆਨੀ ਝੰਡਾ ਸਿਘ ਵਲੋਂ 12 ਜੂਨ, 1886 ਨੂੰ 'ਖਾਲਸਾ ਅਖਬਾਰ' ਸ਼ੁਰੂ ਹੋਇਆ ਪਰ ਕੁਝ ਚਿਰ ਪਿਛੋਂ ਇਹ ਬੰਦ ਹੋ ਗਿਆ । ਫਿਰ ਇਹੋ ਅਖਬਾਰ 1 ਮਈ 1892 ਨੂੰ ਗਿਆਨੀ ਦਿੱਤ ਸਿੰਘ ਜੀ ਦੀ ਐਡੀਟਰੀ ਹੇਠ ਅਰੰਭ ਹੋਇਆ । ਗਿਆਨੀ ਜੀ ਇੱਕ ਲਾਇਕ ਲਿਖਾਰੀ, ਕਵੀ ਤੇ ਧੜਲੇਦਾਰ ਵਿਚਾਰ ਚਰਚਾ ਕਰਨ ਵਾਲੇ ਸਨ । 1901 ਵਿੱਚ ਆਪ ਪਰਲੋਕ ਸਿਧਾਰ ਗਏ ਤੇ ਭਾਈ ਮਈਆਂ ਸਿੰਘ ਇਸ ਨੂੰ ਚਲਾਉਂਦੇ ਰਹੇ । ਇਹ ਅਖਬਾਰ ਸਿੰਘ ਸਭਾ ਲਹਿਰ ਦੇ ਪ੍ਰਚਾਰ ਦਾ ਸਭ ਤੋਂ ਮੋਢੀ ਅਖਬਾਰ ਸੀ ।

1891 ਵਿੱਚ ਸਿੰਧ ਦੇ ਮਿਸਤ੍ਰੀ ਗਿਦੂ ਮਲ ਤੇ ਸੰਤ ਦਾਸ ਨੇ ਸਿਖ ਧਰਮ ਦੇ ਪ੍ਰਚਾਰ ਲਈ ਤੇ ਵਿਹਾਰ ਸੁਧਾਰ ਲਈ 'ਸੁਧਾਰ ਪਤ੍ਰਕਾ, ਮਾਹਵਾਰੀ ਰਸਾਲਾ ਜਾਰੀ ਕੀਤਾ ਜੋ 1910 ਤਕ ਚਲਦਾ ਰਿਹਾ । ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਨੇ 1892 ਵਿੱਚ 'ਨਿਰਗੁਣੀਆਰਾ' ਨਾਮ ਦਾ ਮਾਹਵਾਰੀ ਪਤ੍ਰ ਜਾਰੀ ਕੀਤਾ । ਜਿਸ ਦਾ ਮੰਤਵ ਸਿਖ ਧਰਮ ਤੇ ਵਿਦਿਆ ਪ੍ਰਚਾਰ ਹੈ ਜੋ ਹੁਣ ਤਕ ਜਾਰੀ ਹੈ । 'ਖਾਲਸਾ ਸਮਾਚਾਰ' ਸਪਤਾਹਿਕ ਅਖਬਾਰ ਭਾਈ ਵੀਰ ਸਿੰਘ ਜੀ ਨੇ 1899 ਵਿੱਚ ਅੰਮ੍ਰਿਤਸਰ ਤੋਂ ਜਾਰੀ ਕੀਤਾ ਜੋ ਹੁਣ ਤਕ ਜਾਰੀ ਹੈ । ਇਸਦਾ ਸਿੰਘ ਸਭਾ ਲਹਿਰ, ਚੀਫ ਖਾਲਸਾ ਦੀਵਾਨ ਨਾਲ ਗੂੜਾ ਸਬੰਧ ਹੈ । ਇਨਾ ਦੋਹਾਂ ਪਰਚਿਆਂ ਨੂੰ ਜਾਰੀ ਕਰਨ ਦਾ ਉਦਮ ਭਾਈ ਸਾਹਿਬ ਵੀਰ ਸਿੰਘ ਜੀ ਦੇ ਪਿਤਾ ਡਾਕਟਰ ਚਰਨ ਸਿੰਘ ਨੇ ਕੀਤਾ ਸੀ । 1899 ਵਿੱਚ ਅਕਾਲੀ ਲੀਡਰ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ 'ਖਾਲਸਾ ਨੌਜਵਾਨ ਬਹਾਦਰ' ਨਾਮ ਦਾ ਮਾਸਕ ਪਤ੍ਰ ਜਾਰੀ ਕੀਤਾ । ਇਸ ਸਮੇਂ ਦੀ ਪਤ੍ਰਕਾਰੀ ਵਿੱਚ ਧਰਮ ਪ੍ਰਚਾਰ, ਵਿਦਿਆ ਤੇ ਵਿਹਾਰ ਸੁਧਾਰ ਆਦਿ ਪਹਿਲੂਆਂ ਪਰ ਜ਼ੋਰ ਦਿੱਤਾ ਜਾਂਦਾ ਸੀ । ਰਾਜਨੀਤੀ ਦਾ ਪ੍ਰਵੇਸ਼ ਨਹੀਂ ਹੋਇਆ ਸੀ ।

(2)
1900–1920 ਤਕ

1900 ਤੋਂ 1915 ਤਕ ਸਿੰਘ ਸਭਾ ਲਹਿਰ ਜ਼ੋਰਾਂ ਪਰ ਰਹੀ, ਇਸ 1900 ਤੋਂ 1920 ਤਕ ਦੇ ਸਮੇਂ ਵਿੱਚ 18 ਹਫਤੇਵਾਰ, ਤਿੰਨ ਪੰਦਰਾ

ਰੋਜ਼ਾ ਅਖ਼ਬਾਰ, 42 ਮਾਸਕ ਪਤ੍ਰ ਤੇ 'ਪੰਜਾਬੀ ਫੁਲਵਾੜੀ' ਨਾਮ ਦਾ ਇਕ ਤ੍ਰੈ-ਮਾਸਕ ਪੱਤ੍ਰ ਚਾਲੂ ਹੋਏ। ਸੰਖੇਪ ਵੇਰਵਾ ਇਸ ਤਰ੍ਹਾਂ ਹੈ:— 1908 ਵਿੱਚ ਲੁਧਿਆਣੇ ਤੋਂ 'ਪੰਜਾਬੀ, ਨਾਮ ਦਾ ਅਖ਼ਬਾਰ ਡਾਕਟਰ ਨਥਾ ਸਿੰਘ, ਪਿੰਡ ਗੁਜਰਵਾਲ, ਜ਼ਿਲਾ ਲੁਧਿਆਣਾ ਨੇ ਜਾਰੀ ਕੀਤਾ ਜੋ ਕਈ ਸਾਲ ਚਲਦਾ ਰਿਹਾ। 1909 ਵਿਚ ਮਾਸਟਰ ਤਾਰਾ ਸਿੰਘ ਜੀ ਨੇ 31 ਅਗੱਸਤ ਨੂੰ ਤਿੰਨ ਰੋਜ਼ਾ ਪਤ੍ਰ 'ਸਚਾ ਢੰਡੋਰਾ' ਜਾਰੀ ਕੀਤਾ, ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖ਼ਬਾਰ 'ਸ਼ਹੀਦ' 4 ਦਸੰਬਰ, 1914 ਨੂੰ ਜਾਰੀ ਹੋਇਆ ਪਰ ਚਲ ਨਾ ਸਕਿਆ। ਫੇਰ ਜਦੋਂ 1914-18 ਦੀ ਜਰਮਨੀ ਦੀ ਲੜਾਈ ਸ਼ੁਰੂ ਹੋਈ ਤਾਂ 1915 ਈ. ਵਿੱਚ ਭਾਈ ਮਹਿਤਾਬ ਸਿੰਘ, ਸਪੁਤ੍ਰ ਸੰਤ ਲਖਬੀਰ ਸਿੰਘ ਨੇ 'ਬੀਰ' ਨਾਮ ਦਾ ਰੋਜ਼ਾਨਾ ਅਖ਼ਬਾਰ ਜਾਰੀ ਕੀਤਾ। ਇਹ ਵੀ ਕੁਝ ਸਮਾਂ ਹੀ ਚਲਿਆ। ਇਨ੍ਹਾਂ ਵਰ੍ਹਿਆਂ ਵਿੱਚ ਕੁਝ ਜ਼ਾਤ ਬਰਾਦਰੀਆਂ ਦੇ ਪਤ੍ਰ ਹੇਠ ਲਿਖੇ ਅਨੁਸਾਰ ਚਾਲੂ ਹੋਏ, ਰਾਮਗੜ੍ਹੀਆ ਪਤ੍ਰਕਾ ਮਾਸਕ ਪੱਤ੍ਰ 15 ਨਵੰਬਰ, 1902 ਨੂੰ ਜਾਰੀ ਹੋਇਆ, ਵਿਸ਼ਕਰਮਾ 1903 ਵਿਚ ਸ਼ੁਰੂ ਹੋਇਆ। 190? ਵਿੱਚ 'ਅਰੋੜ ਬੰਸ ਗਜ਼ਟ' ਤੇ 'ਆਹਲੂਵਾਲੀਆ ਗਜ਼ਟ' ਜਾਰੀ ਹੋਏ। ਉਨ੍ਹਾਂ ਦਾ ਮਾਸਕ 'ਮਹਿਰਾ ਪਤ੍ਰਕਾ' 1909 ਵਿੱਚ ਅਰੰਭ ਹੋਇਆ। 1902 ਵਿੱਚ ਟਾਂਕ ਛਤ੍ਰੀਆਂ ਵਲੋਂ 'ਨਾਮਦੇਵ ਪਤ੍ਰ ਮਹਾਂਵਾਰੀ ਜਾਰੀ ਹੋਇਆ ਸੀ। ਸ੍ਰ. ਨੌਰੰਗ ਸਿੰਘ ਤਾਂਘੀ ਨੇ ਸੁਤੰਤ੍ਰ ਤੇ 'ਵਿਦਿਆ' ਨਾਮ ਦੇ ਦੋ ਪਤ੍ਰ ਵਾਰੀ ਵਾਰੀ ਜਾਰੀ ਕੀਤੇ। ਇਨ੍ਹਾਂ ਤੋਂ ਬਿਨਾਂ ਵੱਖੋ ਵੱਖ ਕ੍ਰਿਤਾਂ (ਕਿਤਿਆਂ) ਸਬੰਧੀ ਇਹ ਪਰਚੇ ਜਾਰੀ ਹੋਏ:—1904 ਵਿੱਚ ਭਾਈ ਸੇਵਾ ਸਿੰਘ ਫੋਟੋਗਰਾਫਰੀ (ਚਿਤ) ਨਾਮ ਦਾ ਲਾਹੌਰੋਂ, 1906 ਵਿੱਚ ਭਾਈ ਮੋਹਨ ਸਿੰਘ ਵੈਦ ਨੇ ਤਰਨ ਤਾਰਨ ਤੋਂ 'ਦੁਖ ਨਿਵਾਰਨ', ਭਾਈ ਆਇਆ ਸਿੰਘ ਵੈਦ ਨੇ 1910 ਵਿੱਚ ਲਾਹੌਰ ਤੋਂ 'ਵੈਦਰਾਜ' ਤੇ ਭਾਈ ਲਾਭ ਸਿੰਘ ਵੈਦ ਨੇ 1916 ਵਿੱਚ 'ਚਕਿਤਸਾ ਦਰਪਨ' ਨਾਮ ਦੇ ਮਾਹਵਾਰੀ ਰਸਾਲੇ ਜਾਰੀ ਕੀਤੇ।

ਇਸਤ੍ਰੀ ਜਾਤੀ ਦੀ ਵਿਦਿਆ ਤੇ ਉਨਤੀ ਸਬੰਧੀ ਹੇਠ ਲਿਖੇ ਪੱਤ੍ਰ ਜਾਰੀ ਹੋਏ:— 'ਇਸਤ੍ਰੀ ਸਤਿਸੰਗ' ਅਪ੍ਰੈਲ, 1904 ਵਿੱਚ ਲਾਹੌਰੋਂ 'ਪੰਜਾਬੀ ਭੈਣ' (ਮਈ, 1907) ਵਿੱਚ ਫੀਰੋਜ਼ਪੁਰੋਂ, 'ਇਸਤ੍ਰੀ ਸਮਾਚਾਰ' 2 ਜੁਲਾਈ, 1908 ਨੂੰ ਕੋਇਟੇ ਤੋਂ, 'ਇਸਤ੍ਰੀ ਸੁਧਾਰ ਪੱਤ੍ਰ' ਤੇ 'ਇਸਤ੍ਰੀ ਸੁਧਾਰ' ਲਾਹੌਰੋਂ ਜਾਰੀ ਹੋਏ, 'ਸੁਘੜ ਸਹੇਲੀ' ਜੁਲਾਈ, 1917 ਤੇ 'ਭੁਜੰਗਣ ਪਤ੍ਰਕਾ' ਪਹਿਲੀ ਸਤੰਬਰ, 1917 ਨੂੰ ਅੰਮ੍ਰਿਤਸਰ ਤੋਂ ਜਾਰੀ ਹੋਏ।

ਦੋ ਸਰਕਾਰੀ ਪਰਚੇ ਇਸ ਸਮੇਂ ਵਿੱਚ ਜਾਰੀ ਹੋਏ 'ਮਹਾਰਾਜਾ ਭੁਪਿੰਦਰ ਸਿੰਘ ਨੇ ਗੱਦੀ ਪਰ ਬੈਠ ਕੇ ਦਫਤਰਾਂ ਵਿੱਚ ਪੰਜਾਬੀ ਬੋਲੀ ਗੁਰਮੁਖੀ ਅੱਖਰਾਂ ਵਿੱਚ ਜਾਰੀ ਕੀਤੀ। ਤੇ 29 ਮਈ, 1908 ਨੂੰ 'ਪਟਿਆਲਾ ਗਜ਼ਟ' 'ਹਫਤਾਵਾਰੀ' ਜਾਰੀ ਕੀਤਾ। ਉਪਰ ਸਰਕਾਰ ਹਿੰਦ ਦੇ ਫੌਜੀ ਮਹਿਕਮੇਂ ਵਲੋਂ 'ਫੌਜੀ ਅਖ਼ਬਾਰ' ਸਪਤਾਹਕ ਪਰਚਾ 1 ਅਕਤੂਬਰ, 1909 ਨੂੰ ਪੰਜਾਬੀ ਵਿੱਚ ਜਾਰੀ ਹੋਇਆ। ਜਿਸਦਾ ਨਾਮ ਹੁਣ ਸੈਨਿਕ ਸਮਾਚਾਰ ਹੈ।

ਵੈਦ ਗੁਰਦਿਤ ਸਿੰਘ ਜੀ ਨੇ ਲਾਹੌਰ ਤੋਂ 1909 ਵਿੱਚ 'ਨਿਰਮਲੇ ਸਿੰਘਾਂ' ਦਾ ਨਿਰਮਲ ਪਤ੍ਰ ਮਹਾਵਾਰੀ ਰਸਾਲਾ ਜਾਰੀ ਕੀਤਾ ।

(3)

ਰਾਜਨੀਤੀ ਤੇ ਪੰਜਾਬੀ ਪਤ੍ਰਕਾਰੀ

1909 ਵਿੱਚ ਸਰਕਾਰ ਅੰਗ੍ਰੇਜ਼ੀ ਨੇ ਹਿੰਦੁਸਤਾਨ ਵਿੱਚ ਮੁਸਲਮਾਨਾਂ ਲਈ ਵਖਰੇ ਹੱਕ ਪ੍ਰਵਾਨ ਕਰਨ ਤੇ ਜਿਸ ਕਰਕੇ ਸਿੱਖਾਂ ਨੇ ਵੀ ਆਪਣੇ ਲਈ ਵਖਰੇ ਹੱਕ 30 ਫੀ ਸਦੀ ਦੀ ਮੰਗ ਪੰਜਾਬ ਵਿੱਚ ਕਰ ਦਿੱਤੀ । ਉਸ ਸਮੇਂ ਸਿੱਖ ਮੁਖੀ ਅਖਬਾਰਾਂ ਵਿੱਚ ਇਸ ਮੰਗ ਸਬੰਧੀ ਖਬਰਾਂ ਤੇ ਲੇਖ ਛਪਦੇ ਸਨ । ਸਿੱਖ ਸਭਾ ਸੁਸਾਇਟੀਆਂ ਵਲੋਂ ਇਸ ਮੰਗ ਸਬੰਧੀ ਮਤੇ ਪਾਸ ਕੀਤੇ ਜਾਂਦੇ ਸਨ । ਅਖਬਾਰਾਂ ਵਿੱਚ ਜਿਥੇ ਵਿਦਿਅਕ, ਧਾਰਮਿਕ ਉਨਤੀ ਸਬੰਧੀ ਪ੍ਰਚਾਰ ਹੁੰਦਾ ਸੀ ਓਥੇ ਸਰਕਾਰ ਅੰਗ੍ਰੇਜ਼ੀ ਦੇ ਹੱਕ ਵਿੱਚ ਵੀ ਲਿਖਿਆ ਜਾਂਦਾ ਸੀ । ਪਰ 1907 ਤੋਂ ਜਦ ਹਿੰਦੁਸਤਾਨੀ ਸਿੱਖ ਬਹੁਤੇ ਟਾਪੂਆਂ ਤੇ ਕੈਨੇਡਾ ਤੇ ਯੂ. ਐਸ. ਏ. (ਅਮ੍ਰੀਕਾ) ਵਿੱਚ ਜਾਣ ਲਗੇ ਤਾਂ ਉਨ੍ਹਾਂ ਨਾਲ ਰੰਗ, ਨਸਲ ਤੇ ਪਰਾਧੀਨ ਹੋਣ ਕਰਕੇ ਪਰਦੇਸਾਂ ਵਿੱਚ ਭੈੜਾ ਸਲੂਕ ਹੋਣ ਲਗ ਪਿਆ, ਜਿਸ ਕਾਰਨ ਪ੍ਰਦੇਸ ਗਏ ਲੋਕਾਂ ਵਿੱਚ ਰਾਜਸੀ ਖ਼ਿਆਲਾਂ ਦਾ ਪ੍ਰੀਵਰਤਨ ਹੋਇਆ ਤੇ ਆਜ਼ਾਦੀ ਦੇ ਪ੍ਰਚਾਰ ਲਈ 1 ਨਵੰਬਰ, 1913 ਨੂੰ ਸਾਨਫ੍ਰਾਂਸਿਸਕੋ ਤੋਂ 'ਗਦਰ' ਨਾਮ ਦਾ ਅਖਬਾਰ ਜਾਰੀ ਹੋਇਆ । ਦੂਜਾ ਨਾਮ 'ਗਦਰ ਦੀ ਗੂੰਜ' ਵੀ ਸੀ । ਇਸ ਦੇ ਐਡੀਟਰ ਹਰਦਿਆਲ ਐਮ. ਏ., ਭਾਈ ਭਗਵਾਨ ਸਿੰਘ ਤੇ ਸ੍ਰ. ਕਰਤਾਰ ਸਿੰਘ ਸਰਾਭਾ ਵਰਨਣਯੋਗ ਹਨ । ਇਹ ਪਤ੍ਰ 1949 ਤਕ ਚਲਦਾ ਰਿਹਾ । ਇਹ ਅੱਠ ਬੋਲੀਆਂ ਵਿੱਚ ਛਪਦਾ ਸੀ । ਇਸ ਸਮੇਂ ਕੈਨੇਡਾ ਦੇ ਸ਼ਹਿਰ ਵੈਨਕੋਵਰ ਤੋਂ 'ਸੰਸਾਰ' ਨਾਮ ਦਾ ਹਫ਼ਤਾਵਾਰ ਅਖਬਾਰ ਜਾਰੀ ਹੋਇਆ ਜੋ ਦੋ ਤਿੰਨ ਸਾਲ ਚਲਦਾ ਰਿਹਾ । ਇਹ ਪਰਚਾ ਹਿੰਦੁਸਤਾਨੀਆਂ ਦੇ ਹੱਕਾਂ ਲਈ ਪ੍ਰਚਾਰ ਕਰਦਾ ਸੀ । ਇਸ ਸਮੇਂ ਤੋਂ ਪੰਜਾਬੀ ਪਤ੍ਰਕਾਰੀ ਵਿੱਚ ਰਾਜਸੀ ਪ੍ਰਚਾਰ ਦਾ ਸਿਲਸਿਲਾ ਜਾਰੀ ਹੋਇਆ ਜੋ ਪਿਛੋਂ ਅਕਾਲੀ ਲਹਿਰ ਤੇ ਕਾਂਗਰਸ ਲਹਿਰ ਸਮੇਂ ਬਹੁਤ ਜ਼ੋਰ ਪਕੜਦਾ ਗਿਆ । 1914–15 ਦੇ ਜਰਮਨ ਜੰਗ ਦੇ ਸਮੇਂ ਵਿੱਚ ਸਰਕਾਰ ਵਲੋਂ 'ਹੱਕ' ਨਾਮ ਦਾ ਅਖਬਾਰ ਜਾਰੀ ਹੋਇਆ । 1918 ਵਿੱਚ ਸ੍ਰ. ਚੰਨਣ ਸਿੰਘ ਦੀ ਐਡੀਟਰੀ ਹੇਠ 'ਕੁਆਲਾਲੰਪਰ' ਮਲਾਇਆ ਤੋਂ 'ਪਰਦੇਸੀ ਖਾਲਸਾ' ਨਾਮ ਦਾ ਪਰਚਾ ਜਾਰੀ ਹੋਇਆ । ਹੁਣ ਵੀ ਮਲਾਇਆ ਵਿੱਚ ਪੰਜਾਬੀ ਦਾ ਇਕ ਅਖਬਾਰ ਜਾਰੀ ਹੈ । ਅੰਮ੍ਰਿਤਸਰ ਤੋਂ ਡਾਕਟਰ ਸੂਚਾ ਸਿੰਘ ਨੇ 'ਪੰਜਾਬ ਦਰਪਣ' ਹਫ਼ਤਾਵਾਰੀ ਅਖਬਾਰ ਜਾਰੀ ਕੀਤਾ ਜੋ 1930 ਤਕ ਚਲਦਾ ਰਿਹਾ ਹੈ । ਪਹਿਲੀ ਨਵੰਬਰ, 1901 ਵਿੱਚ ਭਾਈ ਲਾਲ ਸਿੰਘ ਉਪਦੇਸ਼ਕ ਗੁਜਰਾਂਵਾਲਾ ਨੇ 'ਪੰਥ' ਨਾਮ ਦਾ ਪਰਚਾ ਜਾਰੀ ਕੀਤਾ, ਜੋ 1915 ਤਕ ਚਲਦਾ ਰਿਹਾ । ਇਸ ਦਾ ਚੰਦਾ ਛੇ ਆਨੇ ਹੀ ਸੀ ਸਥਾਨਕ ਗਾਹਕਾਂ ਲਈ ਚਾਰ ਆਨੇ ਹੀ ਸੀ । ਭਾਈ ਲਾਹੌਰਾ ਸਿੰਘ ਅੰਮ੍ਰਿਤਸਰ ਨੇ ਪਹਿਲਾ 'ਸਿੰਘ ਸਭਾ ਗਜ਼ਟ' ਜਾਰੀ ਕੀਤਾ ਫੇਰ 'ਨੌ ਰਤਨ' 1908 ਵਿੱਚ ਜਾਰੀ ਕੀਤਾ ਜੋ 1935 ਤਕ ਚਲਦਾ ਰਿਹਾ ।

1920 ਵਿੱਚ ਗੁਰਦੁਆਰਿਆਂ ਦੀ ਪ੍ਰਬੰਧਕ ਦਸ਼ਾ ਦੇ ਸੁਧਾਰ ਲਈ ਅਕਾਲੀ ਲਹਿਰ ਜਾਰੀ

ਹੋਈ। ਇਸ ਲਹਿਰ ਦੀ ਪੱਤ੍ਰਕਾਰੀ ਦਾ ਸਿਹਰਾ ਅਕਾਲੀ ਅਖਬਾਰ ਦੇ ਸਿਰ ਹੈ, ਜੋ ਸ੍ਰ. ਹਰਚੰਦ ਸਿੰਘ ਲਾਇਲਪੁਰ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਹੋਰ ਸਜਣਾਂ ਦੇ ਉਦਮ ਨਾਲ ਮਈ, 1920 ਵਿੱਚ ਜਾਰੀ ਹੋਇਆ। ਇਸਦੇ ਪਹਿਲੇ ਪਰਚੇ ਵਿੱਚ ਜੋ ਧੜੱਲੇਦਾਰ ਉਤਸ਼ਾਹ ਜਨਕ ਕਵਿਤਾ ਛਪੀ, ਉਸਦੀਆਂ ਪਹਿਲੀਆਂ ਦੋ ਸਤਰਾਂ ਇਹ ਹਨ :

'ਅੱਖਾਂ ਖੋਲੋ ਢਿਲੜ ਵੀਰੋ
ਆ ਗਿਆ ਫੇਰ ਅਕਾਲੀ ਜੇ
ਝੰਡਾ ਫੜਿਆ ਹਥ ਸਚ ਦਾ,
ਜੋਤ ਮਾਰਦੀ ਲਾਲੀ ਜੇ,

ਇਥੇ 'ਅਕਾਲੀ' ਤੋਂ ਬਾਬਾ ਫੂਲਾ ਸਿੰਘ ਜੀ ਵਲ ਇਸ਼ਾਰਾ ਹੈ। ਫੇਰ ਇਸ ਦੇ ਸ੍ਰ: ਮੰਗਲ ਸਿੰਘ ਜੀ ਬੀ.ਏ. ਐਡੀਟਰ ਰਹੇ। ਫਰਵਰੀ, 1922 ਵਿਚ ਕੈਨੇਡਾ ਅਮਰੀਕਾ ਦੇ ਸਿਖਾਂ ਦੀ ਪ੍ਰੇਰਨਾ ਨਾਲ 'ਪਰਦੇਸੀ ਖਾਲਸਾ' ਰੋਜ਼ਾਨਾ ਜਾਰੀ ਹੋਇਆ ਫੇਰ ਦੋਹਾਂ ਅਖਬਾਰਾਂ ਨੂੰ ਇਕੱਠਾ ਕਰਕੇ 'ਅਕਾਲੀ ਪ੍ਰਦੇਸੀ, ਨਾਮ ਰਖਿਆ ਗਿਆ ਜੋ ਅਕਤੂਬਰ, 1922 ਵਿਚ ਜਾਰੀ ਹੋਇਆ। 1930 ਵਿਚ ਆਰਡੀਨੈਂਸ ਹੇਠ ਇਸ ਦੀ ਜ਼ਮਾਨਤ ਹੋ ਗਈ, ਫੇਰ ਇਹ ਅਕਾਲੀ ਪਤ੍ਰਕਾ ਦੇ ਨਾਮ ਹੇਠ ਲਾਹੌਰ ਤੋਂ ਜਾਰੀ ਹੋਇਆ ਤੇ ਹੁਣ ਜਲੰਧਰੋਂ ਛਪਦਾ ਹੈ। 24 ਨਵੰਬਰ, 1924 ਨੂੰ ਮਾਲਵਾ ਸੁਧਾਰ ਸੁਸਾਇਟੀ ਅਮ੍ਰੀਕਾ ਤੇ ਕੈਨੇਡਾ ਦੀ ਸਹਾਇਤਾ ਨਾਲ ਰੋਜ਼ਾਨਾ 'ਕੌਮੀ ਦਰਦ' ਅੰਮ੍ਰਿਤਸਰ ਤੋਂ ਜਾਰੀ ਹੋਇਆ। ਫੇਰ ਇਸਦਾ ਨਾਮ ਅਸਲੀ ਕੌਮੀ ਦਰਦ ਹੋਇਆ ਫੇਰ ਇਹੋ ਪਰਚਾ ਸਿਖ ਸੇਵਕ ਤੇ ਖਾਲਸਾ ਸੇਵਕ ਦੇ ਨਾਮ ਹੇਠ ਜਾਰੀ ਰਿਹਾ। ਇਸ ਦੇ ਐਡੀਟਰ ਗਿਆਨੀ ਚੇਤ ਸਿੰਘ ਤੇ ਗਿਆਨੀ ਨਾਹਰ ਸਿੰਘ ਰਹੇ। 7 ਫਰਵਰੀ, 1922 ਨੂੰ ਚੀਫ ਖਾਲਸਾ ਦੀਵਾਨ ਨੇ ਭਾਈ ਜੋਧ ਸਿੰਘ ਐਮ. ਏ. ਦੀ ਐਡੀਟਰੀ ਹੇਠ 'ਰੋਜ਼ਾਨਾ ਖਾਲਸਾ' ਨਾਮ ਦਾ ਪਰਚਾ ਅੰਮ੍ਰਿਤਸਰ ਤੋਂ ਜਾਰੀ ਕੀਤਾ। ਪਰ ਫੇਰ ਇਹ ਖਾਲਸਾ ਐਡਵੋਕੇਟ ਵਿਚ 1927 ਨੂੰ ਸ਼ਾਮਲ ਕਰ ਦਿਤਾ ਗਿਆ ਜੋ ਹੁਣ ਹਫਤਾਵਾਰੀ ਹੈ। ਗੜਗੱਜ ਅਕਾਲੀ ਦੀਵਾਨ ਨੇ 26 ਫਰਵਰੀ, 1922 ਨੂੰ 'ਗੜਗੱਜ ਅਕਾਲੀ' ਤੇ 'ਬਬਰ ਸ਼ੇਰ' 15 ਜੂਨ 1923 ਨੂੰ ਰੋਜ਼ਾਨਾ ਅਖਬਾਰ ਜਾਰੀ ਕੀਤੇ। 'ਬਬਰ ਸ਼ੇਰ' ਕੁਝ ਸਮਾਂ ਚਲਦਾ ਰਿਹਾ। 1922 ਵਿਚ ਲਾਹੌਰ ਤੋਂ ਨਾਮਧਾਰੀਆਂ ਵਲੋਂ ਰੋਜ਼ਾਨਾ ਕੂਕਾ ਅਖਬਾਰ ਜਾਰੀ ਹੋਇਆ ਜੋ ਅਕਾਲੀਆਂ ਦੇ ਵਿਰੁਧ ਲਿਖਦਾ ਸੀ। ਨਾਮਧਾਰੀ ਦਰਬਾਰ ਵਲੋਂ ਸਪਤਾਹਕ 'ਸਤਿਜੁਗ' ਲਾਹੌਰ ਤੋਂ 26 ਮਈ 1924 ਨੂੰ ਜਾਰੀ ਹੋਇਆ, ਜਿਸ ਦੇ ਐਡੀਟਰ ਸ੍ਰੀ ਇੰਦਰ ਸਿੰਘ ਚਕ੍ਰਵਰਤੀ, ਸੰਤ ਨਿਧਾਨ ਸਿੰਘ ਆਲਿਮ ਤੇ ਸੰਤ ਮੰਗਲ ਸਿੰਘ ਇਸ ਦੇ ਐਡੀਟਰ ਰਹੇ। ਹੁਣ ਸਤਿਜੁਗ, ਜੀਵਨ ਨਗਰ ਤਸੀਲ ਸਰਸਾ ਜਿਲਾ ਹਿਸਾਰ ਤੋਂ ਨਿਕਲਦਾ ਹੈ। ਕੁਝ ਚਿਰ ਇਹ ਪਿੰਡ ਕੂਕਾ ਭੈਣੀ ਜ਼ਿਲ੍ਹਾ ਲੁਧਿਆਣਾ ਤੋਂ ਵੀ ਛਪਦਾ ਰਿਹਾ।

ਪੰਚ ਖਾਲਸਾ ਦੀਵਾਨ ਭਸੌੜ ਇਲਾਕਾ ਧੂਰੀ ਵਲੋਂ ਬਾਬੂ ਤੇਜਾ ਸਿੰਘ ਜੀ ਦੀ ਅਗਵਾਈ ਹੇਠ ਲਿਖੇ ਪਰਚੇ 1922 ਤੋਂ ਜਾਰੀ ਹੋਏ। ਕ੍ਰਿਪਾਨ ਬਹਾਦਰ, ਪੰਚ ਖਾਲਸਾ—ਸਮਾਚਾਰ, ਖਾਲਸਾ ਪਾਰਲੀਮੈਂਟ ਗੱਜ਼ਟ, ਕਕਾਰ ਬਹਾਦਰ, ਖਾਲਸਾ ਸੁਆਣੀ, ਤੇ ਉਪਕਾਰੀ ਮਾਤਾ। ਇਹ ਪਰਚੇ ਬਾਬੂ ਜੀ ਦੀ ਜਿੰਦਗੀ ਤਕ ਚਲਦੇ ਰਹੇ। ਗੁਰਬਾਣੀ ਕੀਰਤਨ ਦੇ ਸਿਲਸਿਲੇ ਵਿਚ ਬਾਬੂ ਤੇਜਾ ਸਿੰਘ ਜੀ ਤਨਖਾਹੀਏ ਕਰਾਰ ਦਿੱਤੇ ਜਾਣ

ਕਰਕੇ ਇਨ੍ਹਾਂ ਅਖਬਾਰਾਂ ਨੂੰ ਧੱਕਾ ਲਗਾ ਤੇ ਹੁਣ ਇਨ੍ਹਾਂ ਵਿਚੋਂ 'ਖ਼ਾਲਸਾ ਪਾਰਲੀਮੈਂਟ ਗੱਜ਼ਟ' ਮਾਹਵਾਰੀ ਸ਼ਕਲ ਵਿਚ ਕਾਇਮ ਰਹਿ ਗਿਆ ਹੈ।

ਉਦਾਸੀ ਸੁਆਮੀ ਅਮਰਦਾਸ ਦੀ ਐਡੀਟਰੀ ਹੇਠ 'ਧਰਮਵੀਰ' (1921—1925) ਸੁਆਮੀ ਰਾਮ ਸਰੂਪ ਦੀ ਐਡੀਟਰੀ ਹੇਠ 'ਸੰਤ ਸਮਾਚਾਰ' (1921) ਫੇਰ ਸੰਤ ਉਪਦੇਸ਼, ਮਹਾਤਮਾ ਸਮਾਚਾਰ (1932—1939), ਸਾਧੂ ਸਮਾਚਾਰ ਵੀ 1932 ਵਿਚ ਚਲਦਾ ਰਿਹਾ। 1930—40 ਤਕ ਮਹੰਤ ਦਿਆਲ ਸਿੰਘ ਵਲੋਂ ਨਿਰਮਲ ਪਤ੍ਰ ਚਲਦਾ ਰਿਹਾ। ਫੇਰ ਮਹੰਤ ਹਰੀ ਸਿੰਘ ਨੇ ਨਿਰਮਲ ਉਦੇਸ਼ ਜਾਰੀ ਕੀਤਾ।

ਦੇਸ਼ ਦਰਪਣ ਕਲਕਤੇ ਤੋਂ ਰੋਜ਼ਾਨਾ ਸਰਦਾਰ ਨਿਰੰਜਨ ਸਿੰਘ ਤਾਲਿਬ ਨੇ 1930 ਵਿਚ ਜਾਰੀ ਕੀਤਾ।

ਰਿਆਸਤਾਂ ਵਿਚ ਪਰਜਾ ਦੇ ਹਕਾਂ ਦੇ ਪ੍ਰਚਾਰ ਲਈ ਹੇਠ ਲਿਖੇ ਪਰਚੇ ਜਾਰੀ ਹੋਏ। 'ਰਿਆਸਤੀ ਕੈਹਰ' (24 ਅਪ੍ਰੈਲ ਤੋਂ 1927 ਤਕ) ਐਡੀਟਰ ਗੁਲਵੰਤ ਸਿੰਘ, 'ਰਿਆਸਤੀ ਦੁਨੀਆ' ਐਡੀਟਰ ਸ੍ਰ. ਉਜਾਗਰ ਸਿੰਘ ਭੌਰਾ (ਠੀਕਰੀਵਾਲਾ) 1931 ਵਿਚ ਫੇਰ 'ਪਰਜਾ ਮਿਤ੍ਰ' (1933) ਵਿਚ ਦਲੀਪ ਸਿੰਘ ਦੁਆਬੀਆ ਨੇ ਅੰਮ੍ਰਿਤਸਰੋਂ ਜਾਰੀ ਕੀਤੇ। 'ਨਰੇਸ਼' ਰਾਜਿਆਂ ਦੇ ਹੱਕ ਵਿਚ ਸ੍ਰ. ਮਖਣ ਸਿੰਘ ਨੇ ਲਾਹੌਰੋਂ ਜਾਰੀ ਕੀਤਾ। ਇਨ੍ਹਾਂ ਹੀ ਦਿਨਾਂ ਵਿੱਚ ਪਰਜਾ ਮੰਡਲ ਵਾਲੇ ਸ੍ਰ. ਸੇਵਾ ਸਿੰਘ ਠੀਕਰੀ ਵਾਲੇ ਦੇ ਸਕਤ੍ਰ ਗਿਆਨੀ ਸਰਦਾਰਾ ਸਿੰਘ 'ਜੁਲਫ' ਨੇ ਅੰਮ੍ਰਿਤਸਰੋਂ ਹਫਤਾਵਾਰ ਅਖਬਾਰ 'ਦੇਸ਼ ਦਰਦੀ' ਜਾਰੀ ਕੀਤਾ ਜੋ ਕਈ ਸਾਲ ਕਾਮਯਾਬੀ ਨਾਲ ਚਲਦਾ ਰਿਹਾ। ਇਸੇ ਸਮੇਂ ਵਿਚ ਹੀ ਮਾਸਟਰ ਚੰਦਾ ਸਿੰਘ ਜੀ ਦਾ ਸੇਵਕ ਅਖਬਾਰ ਕਈ ਵਰਸ ਚਲਦਾ ਰਿਹਾ। ਅਕਾਲੀ ਲਹਿਰ ਸਮੇਂ ਲੁਧਿਆਣੇ ਤੋਂ ਸ੍ਰ. ਗੁਰਬਖਸ਼ ਸਿੰਘ ਪਟਿਆਲੇ ਨੇ ਹਫ਼ਤਾਵਾਰ ਅਕਾਲੀ ਸੇਵਕ' ਜਾਰੀ ਕੀਤਾ ਤੇ ਫੇਰ ਸਿੱਖ ਸੁਧਾਰ ਕਮੇਟੀ ਵਲੋਂ ਲੁਧਿਆਣੇ ਤੋਂ 'ਸਿੱਖ' ਨਾਮ ਦਾ ਹਫਤਾਵਾਰ ਅਖਬਾਰ ਸ੍ਰ. ਝੰਡਾ ਸਿੰਘ ਵਕੀਲ ਤੇ ਸ੍ਰ. ਪ੍ਰਦੁਮਣ ਸਿੰਘ ਦੀ ਐਡੀਟਰੀ ਹੇਠ 11 ਨਵੰਬਰ, 1924 ਤੋਂ 1926 ਤਕ ਚਲਦਾ ਰਿਹਾ। ਰਾਮਗੜ੍ਹੀਆ ਪਤ੍ਰਕਾ 1919 ਵਿਚ ਲਾਹੌਰੋਂ ਤੇ ਰਾਮਗੜ੍ਹੀਆ ਗੱਜ਼ਟ 1920 ਵਿਚ ਸ਼ਿਮਲੇ ਤੋਂ ਜਾਰੀ ਹੋਏ। ਟਾਂਕ ਛਤ੍ਰੀਆਂ ਵਲੋਂ 1926 ਵਿਚ ਕੌਮੀ ਸੁਤੰਤ੍ਰ ਜਾਰੀ ਹੋਇਆ।

ਮਲਾਯਾ ਤੋਂ ਕਲਗੀਧਰ (1920) 'ਪ੍ਰਦੇਸੀ ਖ਼ਾਲਸਾ ਸੇਵਕ ਕੁਆਲਾਲੰਪਰ (1930) ਤੇ ਮਲਾਇਆ 'ਖ਼ਾਲਸਾ ਮਲਾਇਆ ਦਰਪਨ, (1932 ਤੋਂ 14 ਦਸੰਬਰ, 1941) ਜਾਰੀ ਹੋਏ। 1933 ਵਿਚ ਬਰਮਾ ਤੋਂ ਭਾਈ ਸੋਹਣ ਸਿੰਘ ਅੰਮ੍ਰਿਤਸਰੀ ਨੇ 'ਬਰਮਾ ਦਰਪਣ' ਜਾਰੀ ਕੀਤਾ।

ਹਾਸਰਸ ਦਾ ਸਭ ਤੋਂ ਵਧੀਆ ਪਰਚਾ ਜੋ ਆਪਣੀ ਮਿਸਾਲ ਆਪ ਹੀ ਹੈ 1927 ਵਿਚ ਐਸ. ਐਸ. ਚਰਨ ਸਿੰਘ ਨੇ ਅੰਮ੍ਰਿਤਸਰ ਤੋਂ ਜਾਰੀ ਕੀਤਾ ਜੋ ਹੁਣ ਜਲੰਧਰੋਂ ਪ੍ਰਕਾਸ਼ਤ ਹੋ ਰਿਹਾ ਹੈ। ਇਸ ਨੂੰ ਸ੍ਰ. ਬਖਸ਼ੀਸ਼ ਸਿੰਘ ਚਲਾ ਰਹੇ ਹਨ। 1927 ਵਿਚ ਸ੍ਰ. ਲਾਭ ਸਿੰਘ ਨਾਰੰਗ ਨੇ 'ਫਤਿਹ' ਹਫ਼ਤਾਵਾਰੀ ਲਾਹੌਰੋਂ ਜਾਰੀ ਕੀਤਾ ਜੋ ਅਜ ਕਲ ਦਿੱਲੀ ਤੋਂ ਨਿਕਲਦਾ ਹੈ। ਸ੍ਰ. ਗੋਪਾਲ ਸਿੰਘ ਕੌਮੀ ਨੇ 1933 ਵਿਚ 'ਕੁੰਦਲ' ਹਫਤਾਵਾਰ ਜਾਰੀ ਕੀਤਾ। 1933 ਵਿਚ

ਸ੍ਰ. ਅਵਤਾਰ ਸਿੰਘ ਆਜ਼ਾਦ ਨੇ 'ਅਕਾਸ਼ਬਾਣੀ' ਜਾਰੀ ਕੀਤਾ।

15 ਦਸੰਬਰ, 1927 ਨੂੰ ਭਾਈ ਨਿਹਾਲ ਸਿੰਘ ਜੀ ਕੜਾਹ ਪ੍ਰਸਾਦ ਵਾਲਿਆਂ ਨੇ 'ਕੜਾਹ ਪ੍ਰਸ਼ਾਦ' ਹਫ਼ਤਾਵਾਰ ਜਾਰੀ ਕੀਤਾ। ਮਾਹਵਾਰੀ ਰਸਾਲਾ "ਫ਼ੁਲਕਣਾ" (1920—1926) ਤਕ ਚਲਦਾ ਰਿਹਾ। ਬੁਰਛਾ ਸੁਧਾਰ ਦੇ ਵੀ ਕੁਝ ਪਰਚੇ ਨਿਕਲੇ। ਇਹ ਅਸਲੀ ਕੌਮੀ ਦਰਦ ਦੇ ਸਟਾਫ਼ ਨੇ ਹੀ ਜਾਰੀ ਕੀਤਾ ਸੀ। 1935—1937 ਗਿਆਨੀ ਨਾਹਰ ਸਿੰਘ ਦੀ ਐਡਟਰੀ ਹੇਠ ਗੁਰਸੇਵਕ ਹਫ਼ਤਾਵਾਰ ਜਾਰੀ ਰਿਹਾ। ਜਦੋਂ ਗੁਰਬਾਣੀ ਦੇ ਖੰਡਣ ਦਾ ਸਵਾਲ ਚਲ ਰਿਹਾ ਸੀ ਤਦ 13 ਅਪ੍ਰੈਲ 1929 ਨੂੰ ਦੁਸ਼ਟ ਦਮਨ ਹਫ਼ਤਾਵਾਰ ਅੰਮ੍ਰਿਤਸਰੋਂ ਗਿਆਨੀ ਨਾਹਰ ਸਿੰਘ ਦੀ ਐਡੀਟਰੀ ਹੇਠ ਜਾਰੀ ਹੋਇਆ ਜੋ 1932 ਵਿਚ ਰੋਜ਼ਾਨਾ ਹੋਕੇ ਆਰਡੀਨੈਂਸ ਹੇਠ ਜ਼ਮਾਨਤ ਹੋਕੇ ਬੰਦ ਹੋ ਗਿਆ। ਇਸੇ ਅਸਲੀ ਕੌਮੀ ਦਰਦ ਦੇ ਸਟਾਫ਼ ਤੇ ਗਿਆਨੀ ਹਰਭਜਨ ਸਿੰਘ 'ਮਜ਼ਦੂਰ' ਹਫ਼ਤੇਵਾਰ ਜਾਰੀ ਕੀਤਾ।

ਪੰਜਾਬੀ ਰਸਾਲੇ

1923 ਵਿਚ ਸ੍ਰ. ਲਾਭ ਸਿੰਘ ਨਾਰੰਗ ਨੇ ਪ੍ਰੀਤਮ ਮਾਹਵਾਰੀ ਰਸਾਲਾ ਜਾਰੀ ਕੀਤਾ ਜੋ ਮਿੰਟਗੁਮਰੀ ਲਾਹੌਰ ਤੇ ਹੁਣ ਦਿਲੀ ਤੋਂ ਛਪਦਾ ਹੈ। ਗਿਆਨੀ ਹੀਰਾ ਸਿੰਘ ਦਰਦ ਨੇ ਫੁਲਵਾੜੀ 1924 ਵਿਚ ਜਾਰੀ ਕੀਤਾ। ਡਾ. ਮੋਹਨ ਸਿੰਘ ਦੀਵਾਨਾ ਦਾ ਓਰੀਐਂਟਲ ਕਾਲਜ ਮੈਗਜ਼ੀਨ ਲਾਹੌਰੋਂ 1947 ਤਕ ਛਪਦਾ ਰਿਹਾ। ਰਾਵੀ ਲਾਹੌਰ ਤੋਂ ਜਾਰੀ ਕੀਤਾ ਸੀ। ਅੰਮ੍ਰਿਤਸਰ ਤੋਂ ਪੰਜਾਬੀ ਲੋਕਾਂ ਵਾਲੇ ਰਸਾਲੇ ਸਨ। ਸ੍ਰੀ ਗੁਣਾਂਵਿੱਤਾ ਖੰਨਾ 'ਬਸੰਤ' ਮਾਸਕ ਪਤ੍ਰ 1928 ਵਿਚ ਗਿਆਨੀ ਕਰਤਾਰ ਸਿੰਘ ਹਿਤਕਾਰੀ ਨੇ 1929 ਵਿਚ 'ਰਣਜੀਤ ਨਗਾਰਾ' ਤੇ ਐਸ.ਐਸ. ਚਰਨ ਸਿੰਘ ਨੇ 'ਹੰਸ' ਤੇ ਗੁਰਬਖਸ਼ ਸਿੰਘ ਨਾਰੰਗ ਨੇ 1933 ਵਿਚ ਪੰਜਾਬੀ ਮੰਚ ਰਸਾਲੇ ਜਾਰੀ ਕੀਤੇ। ਸਤੰਬਰ, 1933 ਵਿਚ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਵਾਲੇ ਨੇ ਪ੍ਰੀਤ ਲੜੀ ਮਾਹਵਾਰੀ ਰਸਾਲਾ ਜਾਰੀ ਕੀਤਾ ਜੋ ਹੁਣ ਤਕ ਚਲਦਾ ਹੈ। ਇਹ ਰਸਾਲਾ ਧਰਮ ਭਾਵ ਤੋਂ ਉਪਰ ਤੇ ਹੋਰ ਸੁਧਾਰਕ ਖਿਆਲਾਂ ਦਾ ਹੈ। ਭਾਈ ਸੰਤੋਖ ਸਿੰਘ ਪਿੰਡ ਸਰਦੇਉ ਜ਼ਿਲਾ ਅੰਮ੍ਰਿਤਸਰ ਨੇ 1924 ਵਿਚ ਕਮਿਊਨਿਜ਼ਮ ਦੇ ਪ੍ਰਚਾਰ ਲਈ ਇਕ ਰਸਾਲਾ ਜਾਰੀ ਕੀਤਾ ਜੋ ਖਾਸਾ ਚਿਰ ਚਲਦਾ ਰਿਹਾ। ਧਾਰਮਿਕ ਰਸਾਲੇ ਪ੍ਰਿੰਸੀਪਲ ਗੰਗਾ ਸਿੰਘ ਨੇ ਅੰਮ੍ਰਿਤ' ਤੇ ਸੁੰਦਰ ਸਿੰਘ ਰੰਗ ਨੇ 'ਉਪਦੇਸ਼ਕ' ਜਾਰੀ ਕੀਤੇ। ਬੱਚਿਆਂ ਲਈ ਗਿਆਨੀ ਲਾਲ ਸਿੰਘ ਨੇ 1932 ਵਿਚ ਅੰਮ੍ਰਿਤਸਰ ਤੋਂ ਬਾਲਕ ਰਸਾਲਾ ਜਾਰੀ ਕੀਤਾ। ਜੋ ਕਈ ਬਰਸ ਚਾਲੂ ਰਿਹਾ। ਲਾਭ ਸਿੰਘ ਨਾਰੰਗ ਨੇ 1928 ਵਿਚ ਮੋਤੀਆ ਨਾਮ ਦਾ ਰਸਾਲਾ ਜਾਰੀ ਕੀਤਾ ਸੀ। ਕਲਕੱਤੇ ਤੋਂ ਮੁਨਸ਼ਾ ਸਿੰਘ ਦੁਖੀ ਨੇ ਕਵੀ ਨਾਮ ਦਾ ਮਾਹਵਾਰੀ ਪਤ੍ਰ ਜਾਰੀ ਕੀਤਾ। 1920 ਤੋਂ 1935 ਤਕ ਦੇ ਪਤਰਾਂ ਦੀ ਗਿਣਤੀ ਦਾ ਅੰਦਾਜ਼ਾ ਇਸ ਪ੍ਰਕਾਰ ਹੈ। ਛੇ—ਰੋਜ਼ਾਨਾ, 8 ਪੰਜਰੋਜ਼ਾ, 67 ਹਫ਼ਤੇਵਾਰ ਪੰਦਰਾਂ ਰੋਜ਼ਾ ਚਾਰ, ਮਾਹਵਾਰੀ 24 ਤੇ ਸਤ ਤਿਮਾਹੀ ਪਤ੍ਰ ਜਾਰੀ ਹੋਏ। ਅਕਾਲੀ ਲਹਿਰ, ਕਾਂਗ੍ਰਸ ਲਹਿਰਾਂ ਦੇ ਕਾਰਜ ਪੰਜਾਬੀ ਪਤ੍ਰਕਾਰੀ ਪਰ ਬਹੁਤ ਅਸਰ ਹੋਇਆ। ਅੰਗ੍ਰੇਜ਼ੀ ਸਰਕਾਰ ਸਬੰਧੀ ਨਫ਼ਰਤ, ਨਾ—ਮਿਲਵਰਤਣ

ਤੇ ਆਜ਼ਾਦੀ ਦੀ ਭਾਵਨਾ ਵਧਦੀ ਗਈ। ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੇ ਸਮੇਂ ਪੰਜਾਬੀ ਬੋਲੀ ਬਹੁਤ ਉੱਨਤ ਹੋਈ। ਤੇ ਪਤ੍ਰਾਂ ਵਿਚ ਠੇਠ ਪੰਜਾਬੀ ਬੋਲੀ ਵਰਤੋਂ ਵਿਚ ਆਉਂਦੀ ਰਹੀ, ਜੋ ਸੁਖੈਨ ਤੇ ਸਰਲ ਹੁੰਦੀ ਸੀ। ਇਸ ਸਮੇਂ ਦੀ ਪੰਜਾਬੀ ਬੋਲੀ ਹੀ ਸਟੈਂਡਰਡ ਬੋਲੀ ਕਹੀ ਜਾ ਸਕਦੀ ਹੈ। ਇਨ੍ਹਾਂ ਲਹਿਰਾਂ ਦੇ ਸਮਿਆਂ ਵਿਚ ਪ੍ਰੈਸ ਐਕਟ ਤੇ ਆਰਡੀਨੈਂਸਾਂ ਦੀ ਸਖਤੀ ਅਖਬਾਰਾਂ ਸਬੰਧੀ ਬੜੀ ਤੇਜ਼ੀ ਨਾਲ ਕੰਮ ਕਰਦੀ ਸੀ। ਅਖਬਾਰਾਂ ਦੀਆਂ ਜ਼ਮਾਨਤਾਂ ਮੰਗੀਆਂ ਜਾਂਦੀਆਂ, ਤੇ ਐਡੀਟਰ ਨੂੰ ਗ੍ਰਿਫਤਾਰ ਕਰਕੇ ਮੁਕਦਮੇ ਚਲਾਕੇ ਸਜ਼ਾਵਾਂ ਦਿਤੀਆਂ ਜਾਂਦੀਆਂ। ਇਸ ਸਖਤੀ ਤੋਂ ਬਚਣ ਲਈ ਅਖਬਰਾਂ ਦੇ ਅਸਲੀ ਐਡੀਟਰਾਂ ਦੀ ਥਾਂ ਅਖਬਾਰਾਂ ਦੇ ਪਬਲਿਸ਼ਰ, ਪ੍ਰਿੰਟਰ ਤੇ ਐਡੀਟਰ ਹੋਰ ਮੁਲਾਜ਼ਮ ਰਖੇ ਜਾਂਦੇ ਜਿਨ੍ਹਾਂ ਦੇ ਨਾਮ ਅਖਬਾਰ ਪਰ ਛਪਦੇ ਤੇ ਉਹੋ ਹੀ ਗ੍ਰਿਫਤਾਰ ਹੁੰਦੇ ਤੇ ਅਸਲੀ ਲਿਖਾਰੀ ਬਚੇ ਰਹਿੰਦੇ।

(4)

1939 ਤੋਂ 1945 ਤਕ ਹਿਟਲਰ ਵਾਲਾ ਦੁਨੀਆ ਦਾ ਦੂਜਾ ਜੰਗ ਜਾਰੀ ਰਿਹਾ। ਇਸ ਸਮੇਂ 'ਛਡੋ ਹਿੰਦੁਸਤਾਨ' ਦੀ ਕਾਂਗ੍ਰਸ ਲਹਿਰ ਦਾ ਚਰਚਾ ਰਿਹਾ ਤੇ ਅਖਬਾਰਾਂ ਪਰ ਕਾਫੀ ਸਖਤੀ ਰਹੀ। ਇਸ ਸਮੇਂ ਜਾਪਾਨ ਤੇ ਟਾਪੂਆਂ ਵਿਚ 'ਆਜ਼ਾਦ ਹਿੰਦ' ਫੌਜ ਕਾਇਮ ਹੋਈ ਤੇ ਪੰਜਾਬੀ ਦਾ ਰੋਜ਼ਾਨਾ ਪਤ੍ਰ 'ਆਜ਼ਾਦ ਹਿੰਦ' ਜਾਰੀ ਹੋਇਆ ਜੋ 1945 ਤਕ ਚਲਦਾ ਰਿਹਾ। 1936 ਤੋਂ 1947 ਤਕ ਦੇ ਸਮੇਂ ਵਿਚਕਾਰ ਪੰਜਾਬੀ ਦੇ ਤਿੰਨ ਰੋਜ਼ਾਨਾ ਅਖਬਾਰ, 31 ਹਫ਼ਤੇਵਾਰ, 4 ਪੰਦਰਾ ਰੋਜ਼ਾ ਤੇ 42 ਮਾਸਕ ਪਤ੍ਰ ਜਾਰੀ ਹੋਏ।

ਦੇਸ ਦੇ 1947 ਵਿਚ ਆਜ਼ਾਦ ਹੋਣ ਪਰ ਪੰਜਾਬੀ ਵਿਚ ਕਾਂਗ੍ਰਸ ਦੇ ਪ੍ਰਚਾਰ ਲਈ ਜਥੇਦਾਰ ਊਧਮ ਸਿੰਘ ਤੇ ਸ੍ਰ. ਈਸ਼ਰ ਸਿੰਘ ਮਝੈਲ ਨੇ 'ਵਰਤਮਾਨ' ਨਾਮ ਦਾ ਰੋਜ਼ਾਨਾ ਅਖਬਾਰ ਜਾਰੀ ਕੀਤਾ ਜੋ ਫੇਰ ਹਫ਼ਤਾਵਾਰ ਹੋਕੇ ਬੰਦ ਹੋ ਗਿਆ। ਹੇਠ ਲਿਖੇ ਪਤ੍ਰ ਇਸ ਸਮੇਂ ਵਿਚ ਜਾਰੀ ਹੋਏ :—

ਸੁਖਜੀਵਨ ਮੋਗਾ, 4 ਅਕਤੂਬਰ, 1936 ਨੂੰ ਸ੍ਰ. ਆਤਮਾ ਸਿੰਘ ਗਿਆਨੀ ਨੇ ਜਾਰੀ ਕੀਤਾ ਜੋ ਹੁਣ ਭੀ ਚਲਦਾ ਹੈ। ਜੁਲਾਈ 1936 ਨੂੰ ਸੰਤ ਪ੍ਰੇਮ ਸਿੰਘ ਮੁਰਾਲਾ ਦਾ ਪ੍ਰੇਮ ਪ੍ਰਕਾਸ਼ ਜਾਰੀ ਹੋਇਆ। ਗਿਆਨੀ ਸ਼ੇਰ ਸਿੰਘ ਨੇ ਅੰਮ੍ਰਿਤਸਰ ਤੋਂ ਹਫ਼ਤੇਵਾਰ ਪੰਜਾਬ 1938—44 ਜਾਰੀ ਕੀਤਾ।

1. ਪਹਿਰੇਦਾਰ (ਲੁਧਿਆਣਾ ਸ੍ਰ. ਗੁਪਾਲ ਸਿੰਘ ਖਾਲਸਾ (ਜੂਨ 1938)
2. ਪ੍ਰੀਤ ਸੈਨਕ (ਸ੍ਰ. ਗੁਰਬਖਸ਼ ਸਿੰਘ ਪ੍ਰੀਤ— ਲੜੀ 1940)
3. ਰਣਜੀਤ ਪਟਿਆਲਾ (30 ਜਨਵਰੀ, 1937) ਜੋ ਹੁਣ ਰੋਜ਼ਾਨਾ ਪ੍ਰਚਾ ਹੈ (ਮਾਲਕ ਡਾ. ਬਲਵੰਤ ਸਿੰਘ)
4. ਰਾਮਗੜ੍ਹੀਆ ਬੀਰ ਠਾਕਰ ਸਿੰਘ ਸਿਧੂ ਅੰਮ੍ਰਿਤਸਰ (1944)
5. ਸੇਵਾਦਾਰ, ਬੰਬਈ (ਜੂਨ 194) ਸ੍ਰ. ਕਰਤਾਰ ਸਿੰਘ ਨੇ ਜਾਰੀ ਕੀਤਾ।

6. ਇਨਾਂ ਸਮਿਆਂ ਵਿਚ 'ਚੰਦਨ' ਤੇ 'ਪਟਿਆਲਾ ਸਮਾਚਾਰ' ਪੰਦਰਾ ਰੋਜ਼ਾ ਰਸਾਲੇ ਜਾਰੀ ਹੋਏ।

7. ਪ੍ਰੋਫੈਸਰ ਮੋਹਣ ਸਿੰਘ ਨੇ ਰਸਾਲਾ ਪੰਜ ਦਰਿਆ ਮਾਹਵਾਰੀ 1939 ਵਿਚ ਜਾਰੀ ਕੀਤਾ ਜੋ ਹੁਣ ਵੀ ਛਪਦਾ ਹੈ। ਸ੍ਰ. ਜਮੀਅਤ ਸਿੰਘ ਤੇ ਸ੍ਰ. ਅਤੇ ਸਿੰਘ ਨੇ ਕੰਵਲ ਰਸਾਲਾ ਅੰਮ੍ਰਿਤਸਰ ਤੋਂ ਜਾਰੀ ਕੀਤਾ। ਸ੍ਰ. ਜਗਦੀਸ਼ ਸਿੰਘ ਪ੍ਰੋਫੈਸਰ ਨੇ ਬਾਲ ਸੰਦੇਸ਼ ਰਸਾਲਾ ਪ੍ਰੀਤ ਨਗਰ ਤੋਂ ਜਾਰੀ ਕੀਤਾ (1940)

ਹੋਰ ਵੀ ਰਸਾਲੇ ਜਾਰੀ ਹੋਏ। ਹਣ ਆਤਮ ਸਾਇੰਸ (ਕਲਕਤਾ) ਪੰਜਾਬੀ ਸਾਹਿਤ ਲਾਹੌਰ (1942) ਮਾਸਟਰ ਤਾਰਾ ਸਿੰਘ ਜੀ ਨੇ ਸੰਤ ਸਿਪਾਹੀ 1945 ਵਿਚ ਸ਼ੁਰੂ ਕੀਤਾ ਜੋ ਹੁਣ ਸ੍ਰ. ਮਨਜੀਤ ਸਿੰਘ ਚਲਾ ਰਹੇ ਹਨ। ਦੇਸ ਦੀ ਵੰਡ ਦੇ ਕਾਰਨ ਲਾਹੌਰ ਤੇ ਹੋਰ ਪਛਮੀ ਪੰਜਾਬ ਤੋਂ ਪੰਜਾਬੀ ਪਤ੍ਰਾਂ ਨੂੰ ਧਕਾ ਲਗਾ ਜੋ ਪੂਰਬੀ ਪੰਜਾਬ ਤੇ ਦਿੱਲੀ ਵਿਚ ਆਕੇ ਮੁੜ ਸੁਰਜੀਤ ਹੋਏ।

(5)

1947 ਤੋਂ 1951 ਵਿਚਕਾਰ ਸਤ ਰੋਜ਼ਾਨਾ, ਛੇ ਹਫ਼ਤੇਵਾਰ, ਇਕ ਪੰਦਰਾਂ ਰੋਜ਼ਾ ਤੇ 42 ਮਾਸਕ ਪਤ੍ਰ ਜਾਰੀ ਹੋਏ। ਇਨ੍ਹਾਂ ਪਤ੍ਰਾਂ ਦੇ ਸਾਰੇ ਨਾਮ ਵਿਸਤਾਰ ਤੋਂ ਬਚਣ ਲਈ ਨਹੀਂ ਦਿਤੇ ਜਾਂਦੇ ਜੋ ਪਰਚੇ ਚਾਲੂ ਹਨ, ਕੇਵਲ ਉਨ੍ਹਾਂ ਦੇ ਨਾਮ ਹੀ ਦਿੱਤੇ ਜਾਂਦੇ ਹਨ। ਰੋਜ਼ਾਨਾ 'ਪ੍ਰਕਾਸ਼' ਚੰਡੀਗੜ੍ਹ—ਗਿਆਨੀ ਗੁਰਦਿਤ ਸਿੰਘ ਨੇ 1909 ਵਿਚ ਜਾਰੀ ਕੀਤਾ। 15 ਅਕਤੂਬਰ,1948 ਨੂੰ ਗਿਆਨੀ ਉਤਮ ਸਿੰਘ ਦੀ ਐਡੀਟਰੀ ਹੇਠ ਸਰਕਾਰ ਪੰਜਾਬ ਵਲੋਂ 'ਵੀਰਭੂਮੀ' ਜਾਰੀ ਕੀਤਾ। ਜੋ ਹੁਣ 'ਜਾਗ੍ਰਿਤੀ' ਦੇ ਨਾਮ ਹੇਠ ਚਾਲੂ ਹੈ। ਪੰਜਾਬੀ ਦੁਨੀਆਂ ਪਟਿਆਲਾ (1950) 1949 ਵਿਚ ਇਤਿਹਾਸਿਕ ਪੱਤਰ ਤ੍ਰੈ-ਮਾਸਕ—ਸ੍ਰ. ਗੰਡਾ ਸਿੰਘ ਦੀ ਐਡੀਟਰੀ ਹੇਠ ਜਾਰੀ ਹੋਇਆ ਜੋ ਪਿਛੋਂ ਬੰਦ ਹੋ ਗਿਆ।

(6)

1952 ਤੋਂ 1961 ਦੇ ਸਮੇਂ ਵਿਚਕਾਰ 15 ਰੋਜ਼ਾਨਾ, 59 ਸਪਤਾਹਿਕ, 16 ਪੰਦਰਾਂ ਰੋਜ਼ਾ ਤੇ 149 ਮਾਸਕ ਪਤ੍ਰ ਚਾਲੂ ਹੋਏ, ਜਿਨ੍ਹਾਂ ਵਿਚੋਂ ਬਹੁਤ ਬੰਦ ਹੋ ਗਏ। ਇਸ ਸਮੇਂ ਦੇ ਜੋ ਪਤ੍ਰ ਹੁਣ ਚਾਲੂ ਹਨ ਉਨ੍ਹਾਂ ਦੇ ਨਾਮ ਇਹ ਹਨ, 1. ਮਾਸਟਰ ਤਾਰਾ ਸਿੰਘ ਨੇ 1 ਅਪ੍ਰੈਲ, 1961 ਨੂੰ ਰੋਜ਼ਾਨਾ ਜਥੇਦਾਰ ਜਲੰਧਰੋਂ ਜਾਰੀ ਕੀਤਾ। 1952 ਵਿਚ ਕਲਕਤੇ ਤੋਂ 'ਨਵੀਂ ਪ੍ਰਭਾਤ' ਰੋਜ਼ਾਨਾ ਜਾਰੀ ਹੋਇਆ। 1956 ਵਿਚ ਕਮਿਊਨਿਸਟ ਪਾਰਟੀ ਦਾ ਰੋਜ਼ਾਨਾ 'ਨਵਾਂ ਜਮਾਨਾ' ਜਲੰਧਰ ਤੋਂ ਜਾਰੀ ਹੋਇਆ। 1959 ਵਿਚ ਸ੍ਰ. ਸਾਧੂ ਸਿੰਘ ਹਮਦਰਦ ਦਾ ਰੋਜ਼ਾਨਾ 'ਅਜੀਤ' ਜਲੰਧਰੋਂ ਜਾਰੀ ਹੋਇਆ। ਪੰਜਾਬੀ ਮੋਰਚੇ ਦੇ ਸਮੇਂ ਦਿੱਲੀ ਤੋਂ 'ਪੰਜਾਬੀ ਸੂਬਾ' ਤੇ 'ਸੇਵਾਦਾਰ' ਦਿੱਲੀ ਤੋਂ ਰੋਜ਼ਾਨਾ ਨਿਕਲਦੇ ਰਹੇ। ਰੂਸੀ ਸਫ਼ਾਰਤ ਖਾਨਾ ਦਿੱਲੀ ਵਲੋਂ ਪੰਜਾਬੀ ਵਿਚ 'ਸੋਵੀਅਤ ਦੇਸ' ਪੰਦਰਾ ਰੋਜ਼ਾ ਪਰਚਾ ਜਾਰੀ ਹੈ। 1952 ਤੋਂ 1961 ਦੇ ਸਮੇਂ ਵਿਚ ਕਈ ਧਾਰਮਿਕ ਪਰਚੇ ਜਾਰੀ ਹੋਏ ਜਿਨ੍ਹਾਂ ਵਿਚੋਂ ਸ਼੍ਰੋਮਣੀ ਕਮੇਟੀ ਦਾ 'ਗੁਰਮਤਿ ਪ੍ਰਕਾਸ਼' ਅੰਮ੍ਰਿਤਸਰ ਬਹੁਤ ਪ੍ਰਸਿਧ ਹੈ। ਹਜ਼ੂਰ ਸਾਹਿਬ ਤੋਂ 'ਸਚਖੰਡ ਸੰਦੇਸ਼' ਕਈ ਸਾਲਾਂ ਤੋਂ ਚਲ ਰਿਹਾ ਹੈ। ਹੋਰ ਜੋ ਪਰਚੇ ਇਸ ਸਮੇਂ ਜਾਰੀ ਹੋਏ ਪਰ ਚਲ ਨ ਸਕੇ ਜਾਂ ਬਹੁਤੇ ਪ੍ਰਸਿਧ ਨਹੀਂ ਉਨ੍ਹਾਂ ਦਾ ਵੇਰਵਾ ਨਹੀਂ ਦਿਤਾ ਗਿਆ।

(7)

1960 ਤੋਂ 1966 ਤਕ ਦਾ ਵੇਰਵਾ

1967 ਦੀ ਪ੍ਰੈਸ ਰਜਿਸਟਰਾਰ ਨਵੀਂ ਦਿਲੀ ਦੀ ਰਪੋਟ ਅਨੁਸਾਰ 1966 ਦੇ ਅਖੀਰ ਤਕ ਭਾਰਤ ਦੇ ਸਾਰੇ ਪੰਜਾਬੀ ਪੱਤਰਾਂ ਦਾ ਸਮੁਚਾ ਵੇਰਵਾ ਉਤੇ ਦਿੱਤਾ ਗਿਆ ਹੈ। ਰੋਜ਼ਾਨਾ-17, ਤਿੰਨ ਰੋਜ਼ਾ ਜਾਂ ਹਫਤੇ ਵਿਚ ਦੋ ਵਾਰ—1, ਹਫ਼ਤਾਵਾਰ ਤੇ ਮਾਹਵਾਰੀ 171, ਕੁਲ ਜੋੜ 189, ਸੂਬੇਵਾਰ ਵੰਡ ਇਸ ਤਰ੍ਹਾਂ ਹੈ :—

ਭਾਰਤ ਦੀਆਂ ਕੁਲ ਬੋਲੀਆਂ ਵਿਚੋਂ 43 ਬੋਲੀਆਂ ਵਿਚ ਅਖਬਾਰ ਛਪਦੇ ਹਨ। ਜਿਨ੍ਹਾਂ ਵਿਚੋਂ 20 ਬੋਲੀਆਂ ਵਿਚ ਰੋਜ਼ਾਨਾ ਪਤ੍ਰ ਛਪਦੇ ਹਨ। 1965 ਦੇ ਅਖੀਰ ਵਿਚ ਪੰਜਾਬੀ ਬੋਲੀ ਦੇ 17 ਪਰਚਿਆਂ ਦੀ ਪ੍ਰਕਾਸ਼ਨ ਗਿਣਤੀ 59 ਹਜ਼ਾਰ ਸੀ। ਰੋਜ਼ਾਨਾ ਅਖਬਾਰਾਂ ਦੇ ਨਾਮ ਇਹ ਹਨ:— 1. ਅਜੀਤ ਜਲੰਧਰ, 2. ਅਕਾਲੀ ਪਤ੍ਰਕਾ, 3. ਜਥੇਦਾਰ, 4. ਨਵਾਂ ਜ਼ਮਾਨਾ, 5. ਲੋਕ ਲਹਿਰ, 6. ਨਵਾਂ ਜੋਸ਼—(ਲੁਧਿਆਣਾ), 7. ਨਿਰਮਲ—ਲੁਧਿਆਣਾ, 8. ਕੌਮੀਦਰਦ ਸਵੇਰੇ, 9. ਕੌਮੀ ਦਰਦ (ਸ਼ਾਮ)—ਜਲੰਧਰ, 10. ਰਣਜੀਤ—ਪਟਿਆਲਾ, 11. ਰਣਜੀਤ—ਬਠਿੰਡਾ, 12. ਸ਼ਿੱਖ—ਛੇਹਰਟਾ, 13. ਪ੍ਰਕਾਸ਼—ਚੰਡੀਗੜ੍ਹ, 14. ਰਣਜੀਤ—ਬੰਬਈ, 15. ਦੇਸ਼ ਦਰਪਣ—ਕਲਕਤਾ, 16. ਨਵੀਂ ਪ੍ਰਭਾਤ—ਕਲਕਤਾ 17. ਨਵਾਂ ਹਿੰਦੁਸਤਾਨ—ਦਿਲੀ ਪੰਜਾਬ ਵਿਚ ਜੋ ਅਖਬਾਰ ਪਿਛੇ ਗਿਣਤੀ ਵਿਚ ਨਹੀਂ ਆਏ। ਉਨ੍ਹਾਂ ਦੇ ਨਾਮ ਇਹ ਹਨ—ਰਸਾਲਾ 'ਸੁਰਾ'—ਪਟਿਆਲਾ, ਗੁਰਦੁਆਰਾ ਗਜ਼ਟ (1929) ਪੰਜਾਬੀ ਯੂਨੀਵਰਸਿਟੀ ਸਮਾਜਕ ਤੇ ਵਿਦਿਆਕ ਪਤ੍ਰ,ਪਟਿਆਲਾ ਤੇ ਚੰਗੀ ਖੇਤੀ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ।

ਹਰਿਆਣਾ

ਹਰਿਆਣੇ ਵਿਚ ਤਿਨ ਹਫ਼ਤਾਵਾਰੀ ਪਤ੍ਰ ਨਿਕਲਦੇ ਹਨ, ਜਿਨ੍ਹਾਂ ਵਿਚੋਂ 'ਹਰਿਆਣਾ ਸਿਖ-ਸਮਾਚਾਰ—ਅੰਬਾਲਾ ਤੇ ਸਤਿਯੁਗ ਜੀਵਨ ਨਗਰ ਪ੍ਰਸਿਧ ਹਨ। ਤੇ ਚਾਰ ਮਾਹਵਾਰੀ ਪਤ੍ਰ ਹਨ, ਜਿਨ੍ਹਾ ਵਿਚੋਂ ਬ੍ਰਹਮਣ ਸਿਖ ਸਮਾਚਾਰ ਤੇ ਅੰਬਾਲਾ ਸ਼ਹਿਰ ਤੇ ਗੁਰਸੰਦੇਸ਼—ਜਗਾਧਰੀ ਪ੍ਰਧਿਸ ਹਨ।

ਬੰਬਈ ਤੋਂ ਰਣਜੀਤ ਰੋਜ਼ਾਨਾ ਤੇ ਤਿੰਨ ਹਫ਼ਤਾਵਾਰ ਪਰਚਾ ਜਾਰੀ ਹਨ ਜਿਹਾ ਕਿ 'ਪੰਜਾਬੀ ਸਮਾਚਾਰ' ਤੇ 'ਪਬਲਿਕ ਲੀਡਰ' ਹਜ਼ੂਰ ਸਾਹਿਬ ਤੋਂ 15 ਰੋਜ਼ 'ਸਚਖੰਡ ਸੰਦੇਸ਼' ਨਿਕਲਦਾ ਹੈ। ਬਾਲਮਿਤ੍ਰ (ਬੰਬਈ) ਮਾਹਵਾਰੀ ਰਸਾਲਾ ਹੈ।

ਰਾਜਿਸਥਾਨ—ਅਜਮੇਰ ਤੋਂ ਗੁਰਬਾਣੀ (1961) ਇਹ ਹਿੰਦੀ ਪੰਜਾਬੀ ਤੇ ਸਿੰਧੀ ਤਿੰਨਾਂ ਬੋਲੀਆਂ ਵਿਚ ਛਪਦਾ ਹੈ।

ਉਤਰ ਪ੍ਰਦੇਸ਼—ਉਤ੍ਰ ਪ੍ਰਦੇਸ਼ ਵਿਚ ਪੰਥ ਪ੍ਰਕਾਸ਼ (1965) ਤੇ ਯੂ. ਪੀ. ਸਿਖ ਗਜ਼ਟ (1946) ਲਖਨਊ ਦੇ ਸਪਤਾਹਕ ਪਤਰ ਤੇ ਖਤਰੀ ਬੀਰ—ਡੇਰਾਦੂਨ ਤੋਂ ਮਾਹਵਾਰੀ ਹੈ।

ਪੱਛਮੀ ਬੰਗਾਲ

ਕਲਕਤੇ ਵਿਚ ਦੇਸ਼ ਦਰਪਣ ਤੇ ਨਵੀਂ ਪ੍ਰਭਾਤ ਦੋਹਾਂ ਰੋਜ਼ਾਨਾ ਤੋਂ ਬਿਨਾ 'ਖਾਲਸਾ ਗਜ਼ਟ' (1946) ਤੇ 'ਬਰਾਦਰੀ ਸਮਾਚਾਰ (1966) ਦੇ ਸਪਤਾਹਕ ਅਖਬਾਰ ਹਨ।

ਚੰਡੀਗੜ੍ਹ

ਇਥੇ 'ਪ੍ਰਕਾਸ਼' ਰੋਜ਼ਾਨਾ ਤੋਂ ਬਿਨਾ 'ਖਾਲਸਾ ਸੇਵਕ' 1966 ਤੋਂ ਰੋਜ਼ਾਨਾ ਜਾਰੀ ਹੈ। ਪੰਜ ਹਫ਼ਤੇਵਾਰ ਪਰਚੇ ਹਨ। 1. ਲੋਕਯੁਗ (1960), 2. ਮੇਲ ਮਿਲਾਪ (1857), 3. ਰਣਜੀਤ ਨਗਾਰਾ, (1961), 4. ਸਾਡਾ ਯੁਗ (1960). 5. ਸਮਕਾਲੀ (1965) ਮਾਹਵਾਰੀ ਹਨ। ਹਿੰਮਤ ਨਗਾਰਾ, ਜਾਗਰਤੀ, ਜੀਵਨ ਪ੍ਰੀਤੀ, ਭਾਰਤ ਸੇਵਕ, ਕ੍ਰਿਸ਼ਕ ਸਮਾਚਾਰ, ਪੰਚਾਇਤੀ ਰਾਜ।

ਦਿੱਲੀ ਤੇ ਨਵੀਂ ਦਿੱਲੀ

ਇਥੇ ਰੋਜ਼ਾਨਾ ਪਰਚਾ ਇਕੋ ਹੀ 'ਨਵਾਂ ਹਿੰਦੁਸਤਾਨ' ਪਹਾੜ ਗੰਜ ਤੋਂ ਨਿਕਲਦਾ ਹੈ। 12 ਹਫ਼ਤੇਵਾਰ ਪਤ੍ਰ ਹਨ ਜਿਨ੍ਹਾਂ ਵਿਚੋਂ ਪ੍ਰਸਿੱਧ ਗਰਜ, ਫ਼ਤਿਹ, ਲੋਕ ਦਰਸ਼ਨ, ਸੈਨਿਕ ਸਮਾਚਾਰ ਆਦਿ ਹਨ। ਦੋ ਪੰਦਰਾਂ ਰੋਜ਼ਾ ਪਤ੍ਰ ਹਨ, ਛੇ ਮਾਹਵਾਰੀ ਰਸਾਲੇ ਹਨ। ਜਿਨ੍ਹਾਂ ਵਿਚੋਂ 'ਸ਼ੀਸ਼ ਗੰਜ' ਗੁਰਦੁਆਰਾ ਕਮੇਟੀ ਦਾ ਪਰਚਾ ਹੈ। ਅੰਮ੍ਰਿਤਵੇਲਾ ਤ੍ਰਿਮਾਹੀ ਹੈ। ਹਫ਼ਤੇ ਵਿਚ ਤਿੰਨ ਵਾਰ ਨਿਕਲਣਵਾਲਾ ਪਰਚਾ 'ਸੰਵੀਅਤ ਦੇਸ਼' ਤੇ 'ਵਿਚਾਰ ਤੇ ਸਮਾਚਾਰ' ਹੈ ਤੇ ਪੰਦਰਾ ਰੋਜ਼ਾ ਪਰਚਾ 'ਸੰਵੀਅਤ ਦੇਸ਼' ਹੈ।

ਹਿਮਾਚਲ ਪਰਦੇਸ਼ :—ਸ਼ਿਮਲਾ ਤੋਂ ਹਫ਼ਤੇ-ਵਾਰ ਰਾਮਗੜ੍ਹੀਆ ਗਜ਼ਟ (1921) ਹੈ, ਤੇ ਅਨੰਦ ਸਰੋਵਰ (1960) ਤ੍ਰੈ ਮਾਸਕ ਹੈ ਅਜਕਲ ਲੰਡਨ ਤੋਂ 'ਪੰਜਾਬ' ਨਾਮ ਦਾ ਹਫ਼ਤਾ-ਵਾਰ ਪਰਚਾ ਜਾਰੀ ਹੈ। 1932 ਵਿਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਪਿੰਡਾਂ ਦੇ ਸੁਧਾਰ ਲਈ 'ਸੱਚਾ ਸਜਣ' ਪੰਜਾਬੀ ਤੇ ਉਰਦੂ ਵਿਚ ਜਾਰੀ ਕੀਤਾ ਜੋ ਕਈ ਬਰਸ ਗਿਆਨੀ ਰਾਜਿੰਦਰ ਸਿੰਘ ਦੀ ਐਡੀਟਰੀ ਹੇਠ ਜਾਰੀ ਰਿਹਾ। ਸ੍ਰ. ਨਾਰਾਇਣ ਸਿੰਘ ਭਾਈ ਨੇ ਹਿਸਾਰ ਤੋਂ ਇਸੇ ਸਮੇਂ 'ਜਨ—ਸੁਧਾਰ' ਪਰਚਾ ਜਾਰੀ ਕੀਤਾ। 1947 ਤੋਂ ਪਿਛੋਂ ਪੰਜਾਬੀ ਬੋਲੀ ਕਾਲਜਾਂ ਤੇ ਦਫਤਰਾਂ ਵਿਚ ਵਧੇਰੇ ਵਰਤੇ ਜਾਣ ਦੇ ਕਾਰਨ ਪੰਜਾਬੀ ਪਤ੍ਰਕਾਰੀ ਨੇ ਵੀ ਬਹੁਤ ਉਨਤੀ ਕੀਤੀ ਹੈ, ਤੇ ਹੁਣ ਪੰਜਾਬੀ ਸੂਬਾ ਬਣ ਜਾਣ ਤੇ ਪੰਜਾਬੀ, ਪੰਜਾਬ ਦੀ ਸਰਕਾਰੀ ਬੋਲੀ ਹੋ ਜਾਣ ਨਾਲ ਪੰਜਾਬੀ ਦੀ ਉਨਤੀ ਲਈ ਦੇ ਤੇ ਪੱਤ੍ਰਕਾਰੀ ਲਈ ਮੈਦਾਨ ਹੋਰ ਖੁਲ੍ਹਾ ਹੋ ਗਿਆ ਹੈ। ਇਹ ਪਹਿਲਾ ਮੌਕਾ ਹੈ ਕਿ ਪੰਜਾਬੀ ਬੋਲੀ ਨੂੰ ਆਪਣੇ ਜਨਮ ਸਥਾਨ ਵਿਚ ਇਸ ਨੂੰ ਆਪਣਾ ਉਹ ਯੋਗ ਤੇ ਲੋੜੀਂਦਾ ਸਨਮਾਨ ਪ੍ਰਾਪਤ ਹੋਇਆ ਹੈ। ਇਹ ਸਿਹਰਾ ਉਨ੍ਹਾਂ ਲੋਕਾਂ ਦੇ ਸਿਰ ਹੈ ਜਿਨ੍ਹਾਂ ਪੰਜਾਬੀ ਸੂਬਾ ਤੇ ਪੰਜਾਬੀ ਬੋਲੀ ਲਈ ਸਿਰਤੋੜ ਯਤਨ ਕੀਤੇ।

(8)

ਪ੍ਰਸਿਧ ਪੰਜਾਬੀ ਪਤ੍ਰਕਾਰਾਂ ਦੇ ਨਾਮ ਤੇ ਥਾਂ

1. ਭਾਈ ਗੁਰਮੁਖ ਸਿੰਘ (1849—1898) ਪਿੰਡ ਚੰਧੜ, ਜ਼ਿਲਾ ਗੁਜਰਾਂ ਵਾਲਾ।
2. ਗਿਆਨੀ ਦਿੱਤ ਸਿੰਘ (1853—1901) ਪਿੰਡ ਨੰਦਪੁਰ ਕਲੌੜ (ਇਲਾਕਾ ਸਰਹੰਦ)
3. ਭਾਈ ਸਾਹਿਬ ਵੀਰ ਸਿੰਘ (1872—1957), ਅੰਮ੍ਰਿਤਸਰ।
4. ਭਾਈ ਸੇਵਾ ਸਿੰਘ (1882—1905) ਸਰਾਏ ਨੌਰੰਗਾਬਾਦ, ਜ਼ਿਲਾ ਜਿਹਲਮ। (ਐਡੀਟਰ,ਖਾਲਸਾ ਸਮਾਚਾਰ ਅੰਮ੍ਰਿਤਸਰ)
5. ਗਿਆਨੀ ਮਹਾਂ ਸਿੰਘ, ਅੰਮ੍ਰਿਤਸਰ।

6. ਸ੍ਰ. ਮਿਹਰ ਸਿੰਘ ਕੰਵਲ (ਖਾਲਸਾ ਐਡਵੋਕੇਟ), ਅੰਮ੍ਰਿਤਸਰ ।
7. ਐਸ. ਐਸ. ਚਰਨ ਸਿੰਘ (ਮੌਜੀ), ਅੰਮ੍ਰਿਤਸਰ (1891—1935)
8. ਭਾਈ ਮਹਨ ਸਿੰਘ ਵਦ (1881—1936), ਤਰਨਤਾਰਨ ।
9. ਮਾਸਟਰ ਤਾਰਾ ਸਿੰਘ (1885—1 67), ਅੰਮ੍ਰਿਤਸਰ ।
10. ਭਾਈ ਗੁਰਬਖਸ਼ ਸਿਘ ਕੇਸਰੀ (1881-1958) ਪਿੰਡ ਹਸਨਪੁਰ ਜ਼ਿਲ੍ਹਾ ਰੋਪੜ ।
11. ਸ੍ਰ. ਗੁਰਮੁਖ ਸਿੰਘ 'ਗੁਰਮੁਖ' (1895) ਪਿੰਡ ਝੰਡੇ, ਜ਼ਿਲ੍ਹਾ ਅੰਮ੍ਰਿਤਸਰ ।
12. ਗਿਆਨੀ ਉਤਮ ਸਿੰਘ (1896), ਪਿੰਡ ਗੜ੍ਹ ਵੱਤੇ ਸ਼ਾਹ, ਜ਼ਿਲ੍ਹਾ ਗੁਜਰਾਂਵਾਲਾ ।
13. ਸ੍ਰ. ਰਾਜਿੰਦਰ ਸਿੰਘ, ਬੀ.ਏ., ਪਿੰਡ ਰਸੀਰ ਵਾਲ, ਜ਼ਿਲ੍ਹਾ ਸਿਆਲਕੋਟ ਆਪ ਕਈਆਂ ਅਖਬਾਰਾਂ ਨਾਲ ਸਬੰਧਤ ਰਹੇ । ਅਜ ਕਲ ਆਪ ਅਜੀਤ ਵਿੱਚ ਕੰਮ ਕਰਦੇ ਹਨ ।
14. ਗਿਆਨੀ ਨਾਹਰ ਸਿੰਘ (1893), (ਅਸਲੀ ਕੌਮੀ ਦਰਦ, ਸਿਖ ਸੇਵਕ, ਦੁਸ਼ਟਦਮਨ, ਗੁਰਸੇਵਕ ਤੇ ਪੰਜਾਬੀ ਰਤਨ ਦੇ ਐਡੀਟਰ ਰਹੇ) ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ ।
15. ਬਾਬੂ ਤੇਜਾ ਸਿੰਘ ਭਸੌੜ (1867—1933)
16. ਗਿਆਨੀ ਲਾਲ ਸਿੰਘ ਸੰਗਰੂਰ (1900),
17. ਸ੍ਰ. ਸੋਹਨ ਸਿੰਘ ਜੋਸ਼ (1900)
18. ਸ੍ਰ. ਅਰਜਣ ਸਿੰਘ ਗੜਗੱਜ (1900—1960)
19. ਸ੍ਰ. ਇੰਦਰ ਸਿੰਘ ਚਕਰਵਰਤੀ (1901)
20. ਸ੍ਰ. ਨਿਧਾਨ ਸਿੰਘ ਆਲਮ (ਇਹ ਦੋਨੋਂ ਨਾਮਧਾਰੀਆਂ ਦੇ ਪਤ੍ਰਾਂ ਦੇ ਸੰਪਾਦਕ ਰਹੇ ।)
21. ਸ੍ਰ. ਰਣਧੀਰ ਸਿੰਘ (1901), ਪਿੰਡ ਰੂਪਹੇੜੀ, ਜ਼ਿਲ੍ਹਾ ਲੁਧਿਆਣਾ ।
22. ਗਿਆਨੀ ਸਤਿਨਾਮ ਸਿੰਘ (1901), ਅੰਮ੍ਰਿਤਸਰ ।
23. ਗਿਆਨੀ ਹੀਰਾ ਸਿੰਘ ਦਰਦ (1906—1964), ਜਲੰਧਰ ।
24. ਸ੍ਰ. ਅਵਤਾਰ ਸਿੰਘ ਆਜ਼ਾਦ (1909), ਅੰਮ੍ਰਿਤਸਰ
25. ਭਾਈ ਸਾਹਿਬ ਜੋਧ ਸਿੰਘ, ਐਮ. ਏ. (1882), ਹਾਲ ਆਬਾਦ, ਲੁਧਿਆਣਾ
26. ਗਿਆਨੀ ਸ਼ੇਰ ਸਿੰਘ, ਪਿੰਡ, ਠੀਕਰੀ ਵਾਲਾ, ਇਲਾਕਾ ਬਰਨਾਲਾ, ਜ਼ਿਲ੍ਹਾ ਸੰਗਰੂਰ, ਰਾਜਸੀ ਨੇਤਾ, ਅਕਾਲੀ ਲੀਡਰ ਤੇ ਉਰਦੂ ਪੰਜਾਬੀ ਪੱਤਰਾਂ ਦਾ ਪਤ੍ਰਕਾਰ)
27. ਸ੍ਰ. ਸਰਦੂਲ ਸਿੰਘ ਕਵੀਸ਼ਰ (1889-1964), ਦਿੱਲੀ ਅਸਲ ਵਸਨੀਕ ਪਟਿਆਲਾ ਦੇ ਸਨ ।
28. ਪੰਡਤ ਕਰਤਾਰ ਸਿੰਘ ਦਾਖਾ (1888—1958), ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ (ਗੁਰਬਾਂਸੀ ਪਤ੍ਰ ਰਸਾਲਾ ਦੇ ਮਾਲਕ ਤੇ ਐਡੀਟਰ ਸਨ)
29. ਸ੍ਰ. ਕਰਤਾਰ ਸਿਘ ਬਲਬੀਰ (1904), ਪਿੰਡ ਭੁਚੋ ਵੱਡੀ, ਜ਼ਿਲ੍ਹਾ ਬਠਿੰਡਾ

(ਅਸਲੀ ਕੌਮੀ ਦਰਦ) ਬੁਰਛਾ ਸੁਧਾਰ ਨਾਲ ਸਬੰਧਤ ਰਹੇ ।

30. ਸ੍ਰ. ਨਿਰੰਜਣ ਸਿੰਘ ਤਾਲਿਬ (1901) ਚੰਡੀਗੜ੍ਹ

31. ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ (1895) ਪ੍ਰੀਤ ਨਗਰ (ਅੰਮ੍ਰਿਤਸਰ)

32. ਸ੍ਰੀ. ਐਸ. ਐਸ. ਅਮੋਲ (1907) ਅੰਮ੍ਰਿਤਸਰ ਰਿਸਾਲਾ ਲਿਖਾਰੀ ਦੇ ਸੰਪਾਦਕ

33. ਸ੍ਰ. ਮੋਹਨ ਸਿੰਘ ਮਤਵਾਲਾ (1916) ਅੰਮ੍ਰਿਤਸਰ ਕਈ ਅਖਬਾਰਾਂ ਨਾਲ ਸਬੰਧਤ ਰਹੇ ।

34. ਗਿਆਨੀ ਸ਼ਾਦੀ ਸਿੰਘ ਐਮ. ਏ. (1915) ਐਡੀਟਰ ਅਕਾਲੀ ਪਤ੍ਰਕਾ ।

35. ਸ੍ਰ. ਕਰਮ ਸਿੰਘ ਜ਼ਖਮੀ (1917) ਕਈ ਅਖਬਾਰਾਂ ਦੇ ਸੰਪਾਦਕ ਰਹੇ ।

36. ਸ੍ਰ. ਮੁਨਸ਼ਾ ਸਿੰਘ ਦੁਖੀ (ਕਵੀ, ਵਿਹਾਰ ਸੁਧਾਰ ਤੇ ਕੌਮੀ ਸੰਦੇਸ਼ ਦੇ ਸੰਪਾਦਕ ਤੇ ਵਿਦਵਾਨ ਕਵੀ ਹਨ) ।

37. ਸ੍ਰ. ਕਰਤਾਰ ਸਿੰਘ ਬਲੱਗਨ (1908) ਪਿੰਡ ਬਲੱਗਨ ਜ਼ਿਲਾ ਸਿਆਲਕੋਟ ।

38. ਗਿਆਨੀ ਆਤਮਾ ਸਿੰਘ ਮੋਗਾ (1906) ਮੋਗਾ ਜ਼ਿਲਾ ਫਿਰੋਜ਼ਪੁਰ ।

39. ਗਿਆਨੀ ਗੁਰਮੁਖ ਸਿੰਘ ਮੁਸਾਫਰ (1899) ਹੁਣ ਆਬਾਦ ਦਿੱਲੀ, ਕਵੀ ਤੇ ਕਈ ਪਤ੍ਰਾਂ ਦੇ ਸੰਪਾਦਕ ਰਹੇ ।

40. ਪ੍ਰੋਫੈਸਰ ਮੋਹਨ ਸਿੰਘ (1905) ਸੰਪਾਦਕ ਪੰਜ ਦਰਿਆ ਤੇ ਪ੍ਰਸਿਧ ਕਵੀ ਹਨ ।

41. ਅੰਮ੍ਰਿਤਾ ਪ੍ਰੀਤਮ (1919) ਨਵੀਂ ਦੁਨੀਆਂ ਤੇ ਹਿਤਕਾਰੀ ਦੇ ਸੰਪਾਦਕ ਸਨ ।

42. ਸ੍ਰ. ਈਸ਼ਰ ਸਿੰਘ ਅਟਾਰੀ ਐਮ. ਏ. (1902) ਕਈ ਪੱਤਰਾਂ ਨਾਲ ਸਬੰਧਤ ਰਹੇ ।

43 ਸ੍ਰ: ਨਾਨਕ ਸਿੰਘ (1897) ਪ੍ਰਸਿਧ ਨਾਵਲ ਲਿਖਾਰੀ ਲੋਕ-ਸਾਹਿਤ, ਪ੍ਰੀਤ ਸੈਨਕ ਅਖਬਾਰਾ ਦੇ ਸੰਪਾਦਕ ਰਹੇ ।

44. ਸ੍ਰ. ਰਘਬੀਰ ਸਿੰਘ ਬੀਰ (1897) ਰਸਾਲਾ 'ਆਤਮ ਸਾਇੰਸ' ।

45. ਸ੍ਰ. ਹਰਿਕਿਸ਼ਨ ਸਿੰਘ (1910) ਕਈ ਅਖਬਾਰਾਂ, ਜੀਵਨ ਪ੍ਰਭਾਤ, ਪੰਜਾਬੀ ਸਾਹਿਤ ਆਦਿ ਦੇ ਸੰਪਾਦਕ ਰਹੇ ।

46. ਸ੍ਰ. ਹਰੀ ਸਿੰਘ (1920) ਚੰਡੀਗੜ੍ਹ ਐਡੀਟਰ ਮੇਲ ਮਿਲਾਪ ।

47. ਸ੍ਰ. ਕੁਲਦੀਪ ਸਿੰਘ ਐਮ. ਏ. ਕਈ ਪੱਤ੍ਰਾਂ ਦੇ ਐਡੀਟਰ ਰਹੇ ।

48. ਸ. ਮਿਹਰ ਸਿੰਘ ਐਚ. ਐਸ. ਪਟਿਆਲਾ ਐਡੀਟਰ ਰਣਜੀਤ ਪਟਿਆਲਾ ।

49. ਗਿਆਨੀ ਗੁਰਦਿਤ ਸਿੰਘ ਚੰਡੀਗੜ੍ਹ ਮਾਲਕ ਤੇ ਐਡੀਟਰ ਪ੍ਰਕਾਸ਼ ।

50. ਸ੍ਰ. ਗੁਰਬਖਸ਼ ਸਿੰਘ ਸ਼ੈਦਾ (1912)

51. ਸ੍ਰ. ਪਿਆਰਾ ਸਿੰਘ ਪਦਮ (1921) ਪੰਜਾਬੀ ਦੁਨੀਆ ਤੇ ਹੋਰ ਕਈ ਪਤ੍ਰਾਂ ਦੇ ਸੰਪਾਦਕ ਰਹੇ । ਅਜ ਕਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹਨ ।

52. ਸ੍ਰ. ਅਮਰ ਸਿੰਘ ਦੁਸਾਂਝ (1913) ਅਕਾਲੀ ਪਤ੍ਰਕਾ ਦੇ ਐਡੀਟਰ ਤੇ ਮੁਖੀ ਹਨ ।

53. ਸ੍ਰ. ਸਾਧੂ ਸਿੰਘ ਹਮਦਰਦ ਐਮ. ਏ., ਐਲ. ਐਲ. ਬੀ. (1918) ਕਈ ਪਤ੍ਰਾਂ ਦੇ ਸੰਪਾਦਕ ਰਹਿਣ ਪਿੱਛੋਂ ਅਜੀਤ ਜਲੰਧਰ ਜਾਰੀ ਕੀਤਾ ।

54. ਸ੍ਰ. ਗੁਰਬਖਸ਼ ਸਿੰਘ ਬੰਨੂਆਣਾ ।

55. ਸ੍ਰ. ਜੀਵਨ ਸਿੰਘ ਐਮ. ਏ. (1914), ਮਾਲਕ ਲਾਹੌਰ ਬੁਕ ਸ਼ਾਪ, ਲੁਧਿਆਣਾ, ਸੰਪਾਦਕ ਬਾਲ ਦਰਬਾਰ ਤੇ ਸਾਹਿਤ ਸਮਾਚਾਰ ।

56. ਸ੍ਰ. ਗੁਰਚਰਨ ਸਿੰਘ ਸਾਕੀ ਬੀ.ਏ. (1915) ਅੰਮ੍ਰਿਤਸਰ ਆਪ ਦੇ ਅੰਮ੍ਰਿਤ ਬਾਲਕ, ਬਾਲ ਦਰਬਾਰ ਕਈ ਪਤ੍ਰ ਜਾਰੀ ਹਨ ।

57. ਸ੍ਰ. ਹਜ਼ਾਰਾ ਸਿੰਘ ਗੁਰਦਾਸਪੁਰੀ (1911) ਕਈ ਪਤ੍ਰਾਂ ਦੇ ਸੰਪਾਦਕ ਰਹੇ ਹਨ ।

58. ਸੋਢੀ ਹਰਬੰਸ ਸਿੰਘ (1906) 'ਪੰਥ' ਸਪਤਾਹਕ ਦਿਲੀ ਦੇ ਸੰਪਾਦਕ ਹਨ ।

59. ਸ੍ਰ. ਮਾਨ ਸਿਘ (1908) ਕਈ ਪਤ੍ਰਾਂ ਦੇ ਐਡੀਟਰ ਰਹੇ ਤੇ ਹੁਣ 'ਮਾਨ ਸਰੋਵਰ' ਦਿਲੀ ਦੇ ਐਡੀਟਰ ਹਨ ।

60. ਸ੍ਰ. ਤਾਰਾ ਸਿਘ ਕਾਮਲ (1929) ਟਰਾਂਸਪੋਰਟ ਪਤ੍ਰਕਾ ਦਿੱਲੀ ਦੇ ਸੰਪਾਦਕ ਹਨ ।

61. ਗਿਆਨੀ ਭਜਨ ਸਿਘ (1933) ਕਈ ਪਤ੍ਰਾਂ ਦੇ ਐਡੀਟਰ ਰਹੇ ਹਨ ।

62. ਸ੍ਰ. ਗੁਰਦੇਵ ਸਿੰਘ ਸਾਜੀ ਐਮ. ਏ. (1934) ਕਈ ਪਤ੍ਰਾਂ ਦੇ ਪਤ੍ਰਕਾਰ ਰਹਿਕੇ ਹੁਣ ਚੰਡੀਗੜ੍ਹ ਤੋਂ ਆਪਣਾ ਸਪਤਾਹਕ ਅਖਬਾਰ ਚਲਾ ਰਹੇ ਹਨ ।

63. ਸ੍ਰ. ਸੂਬਾ ਸਿੰਘ ਐਮ. ਏ. (1915) ਕਈ ਪਤ੍ਰਾਂ ਦੇ ਸੰਪਾਦਕ ਰਹੇ ਹਨ ।

64. ਸ੍ਰ. ਗੁਰਨਾਮ ਸਿੰਘ 'ਤੀਰ' ਐਮ. ਏ. (1926) ਆਮ ਵਖੋ ਵੱਖ ਛੋ ਅਖਬਾਰਾਂ ਦੇ ਸੰਪਾਦਕ ਰਹੇ ਹਨ ।

65. ਸ੍ਰ. ਰਣਜੀਤ ਸਿੰਘ (1920) ਬੰਬਈ 'ਰਣਜੀਤ' ਰੋਜ਼ਾਨਾ ਤੇ ਰਸਾਲਾ ਸੁਭਾਗਵਤੀ ਚਲਾ ਰਹੇ ਹਨ ।

66. ਸ੍ਰੀ ਸ਼ੇਰ ਸਿੰਘ ਗੁਪਤਾ (1916) ਕਰੂੰਬਲਾਂ, ਪਟਿਆਲਾ ਤੋਂ ਚਲਾ ਰਹੇ ਹਨ ।

67. ਸ੍ਰ. ਕਿਰਪਾਲ ਸਿੰਘ ਅਮਰਜੀਤ, ਗਿਆਨੀ, ਐਮ. ਏ. (1921) ਕਈ ਪਤ੍ਰਾਂ ਦੇ ਸੰਪਾਦਕ ਰਹੇ ਤੇ ਹੁਣ ਅਜੀਤ ਵਿੱਚ ਕੰਮ ਕਰਦੇ ਹਨ ।

68. ਸੋਢੀ ਅਮਰ ਸਿੰਘ (1920) ਉਪ ਸੰਪਾਦਿਕ ਸੈਨਿਕ ਸਮਾਚਾਰ ਦਿੱਲੀ ।

69. ਸ੍ਰ. ਕੁਲਦੀਪ ਸਿੰਘ, ਬੀ. ਏ., ਐਲ. ਐਲ. ਬੀ. ਦਿਲੀ ਸੈਨਿਕ ਸਮਾਚਾਰ ਦੇ ਉਪ ਸੰਪਾਦਕ ਤੇ ਪੁਸਤਕ 'ਪਤ੍ਰਕਾਰੀ' ਦੇ ਕਰਤਾ ਹਨ ।

70. ਸ੍ਰ. ਬਚਨ ਸਿੰਘ ਸਰਲ (1938) ਨਵੀਂ ਪ੍ਰਭਾਤ ਤੇ ਕਲਪਨਾ ਦੇ ਐਡੀਟਰ ਹਨ ।

71. ਸ੍ਰ. ਸੁਰਜਨ ਸਿੰਘ ਜ਼ੀਰਾ (1930) ਕਈ ਪਤ੍ਰਾਂ ਨਾਲ ਸਬੰਧਤ ਰਹੇ ।

72. ਡਾ. ਗੰਡਾ ਸਿੰਘ, ਐਮ.ਏ., ਪਟਿਆਲਾ।

73. ਗਿਆਨੀ ਹਰਿਭਜਨ ਸਿੰਘ ਦਰਮੰਡਾ ਜ਼ਿਲ੍ਹਾ ਲੁਧਿਆਣਾ ।

74. ਸ੍ਰ. ਪ੍ਰਦਮਣ ਸਿੰਘ ਗੁਜਰਵਾਲ ਜ਼ਿਲਾ ਲੁਧਿਆਣਾ

75. ਸ੍ਰ. ਉਜਾਗਰ ਸਿਘ ਸੇਰਾ, 'ਠੀਕਰੀ ਵਾਲਾ' ਜ਼ਿਲਾ ਸੰਗਰਰ ਸਿਖ ਜਰਨੈਲ ਦੇ ਤੇ ਹੋਰ ਕਈ ਪਤ੍ਰਾਂ ਦੇ ਐਡੀਟਰ ਰਹੇ ।

ਨੋਟ—ਜਿਤਨੇ ਨਾਮ ਮਿਲ ਸਕੇ ਹਨ, ਲਿਖੇ ਗਏ ਹਨ। ਸਾਰਾ ਮਸਾਲਾ ਸੰਖੇਪ ਰੂਪ ਵਿੱਚ ਹੀ ਲਿਖਿਆ ਹੈ ।

ਬਦੇਸ਼ਾਂ ਵਿਚ ਪੰਜਾਬੀ ਪੱਤਰਕਾਰੀ

ਗਿਆਨੀ ਜੰਗ ਸਿਘ

ਬਦੇਸ਼ਾਂ ਵਿੱਚ ਪੰਜਾਬੀ ਪੱਤਰਕਾਰੀ ਦਾ ਆਰੰਭ ਗਦਰ ਪਾਰਟੀ ਵਲੋਂ ਕੱਢੇ ਗਏ ਹਫ਼ਤਾਵਾਰ ਅਖ਼ਬਾਰ 'ਗਦਰ' ਤੋਂ ਹੋਇਆ ਜੋ 1914-15 ਵਿੱਚ ਅਮ੍ਰੀਕਾ ਵਿੱਚੋਂ ਕੱਢਿਆ ਗਿਆ ਸੀ। ਇਸ ਅਖ਼ਬਾਰ ਨੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਆਜ਼ਾਦੀ ਦੇ ਸੰਗਰਾਮ ਲਈ ਵੰਗਾਰਿਆ ਅਤੇ ਉਨ੍ਹਾਂ ਦੇ ਦਿਲੀ ਭਾਵਾਂ ਨੂੰ ਇਸ ਤਰ੍ਹਾਂ ਝੰਜੋੜਿਆ ਕਿ ਉਹ ਗੁਲਾਮੀ ਦੇ ਨਿਰਾਦਰੀ ਭਰੇ ਜੀਵਨ ਨਾਲੋਂ ਮੌਤ ਨੂੰ ਤਰਜੀਹ ਦੇਣ ਲੱਗ ਪਏ। ਇਸ ਪੱਤਰ ਦੀਆਂ ਅਸਰ ਭਰਪੂਰ ਲਿਖਤਾਂ ਦਾ ਇਹ ਸਿੱਟਾ ਨਿਕਲਿਆ ਕਿ ਆਜ਼ਾਦੀ ਦੇ ਅੰਦੋਲਨ ਵਿੱਚ ਸਿਖ ਸਭ ਤੋਂ ਮੂਹਰੇ ਰਹੇ ਅਤੇ ਉਨ੍ਹਾਂ ਨੇ ਫਾਂਸੀਆਂ ਦੇ ਰਸਿਆਂ ਨੂੰ ਹਸ ਹਸ ਕੇ ਗਲਾਂ ਵਿੱਚ ਪਾਇਆ ਅਤੇ ਸ੍ਰ. ਕਰਤਾਰ ਸਿੰਘ ਸਰਾਭਾ ਵਰਗੇ ਨੌਜਵਾਨਾਂ ਨੇ ਆਪਣੀਆਂ ਅਮੋਲਕ ਜਵਾਨੀਆਂ ਦੇਸ਼ ਪਿਆਰ ਵਿੱਚ ਖੀਵੇ ਹੋਕੇ ਨਿਛਾਵਰ ਕਰ ਦਿੱਤੀਆਂ।

ਪੰਜਾਬੀ ਪੱਤਰਕਾਰੀ ਦੇ ਪੱਖ ਤੋਂ ਦੂਜਾ ਅਸਥਾਨ ਮਲਾਇਆ ਤੇ ਸਿੰਘਾਪੁਰ ਦਾ ਹੈ ਜਿੱਥੇ 1954 ਵਿੱਚ ਦੋ ਰੋਜ਼ਾਨਾ ਤੇ ਇਕ ਹਫਤਾਵਾਰ ਪੰਜਾਬੀ ਪੱਤਰ ਪ੍ਰਕਾਸ਼ਤ ਹੋ ਰਹੇ ਸਨ। ਦੋਵੇਂ ਰੋਜ਼ਾਨਾ ਪੰਜਾਬੀ ਪੱਤਰ ਪ੍ਰਦੇਸੀ ਖ਼ਾਲਸਾ ਸੇਵਕ ਅਤੇ ਨਵਾਂ ਸੰਸਾਰ ਮਲਾਇਆ ਦੀ ਰਾਜਧਾਨੀ ਕੁਆਲਾਲੰਪਰ ਵਿੱਚੋਂ ਪ੍ਰਕਾਸ਼ਤ ਹੁੰਦੇ ਸਨ ਅਤੇ ਨਵਜੀਵਨ—ਹਫਤਾਵਾਰ ਸਿੰਘਾਪੁਰ ਤੋਂ ਪ੍ਰਦੇਸ਼ਾਂ ਵਿੱਚ ਜਿੱਥੇ ਜਿੱਥੇ ਭਾਰਤੀ ਅਤੇ ਖਾਸ ਕਰਕੇ ਪੰਜਾਬੀ ਜਾ ਕੇ ਵਸੇ ਹਨ ਉਨ੍ਹਾਂ ਵਿੱਚੋਂ ਮਲਾਇਆ ਹੀ ਇਕ ਐਸਾ ਦੇਸ਼ ਹੈ ਜਿੱਥੇ ਪੰਜਾਬੀ ਦੇ ਦੋ ਰੋਜ਼ਾਨਾ ਪੱਤਰ ਪ੍ਰਕਾਸ਼ਤ ਹੁੰਦੇ ਰਹੇ। ਇਨ੍ਹਾਂ ਦਾ ਪਿਛੋਕੜ ਵੀ ਬੜਾ ਦਿਲਚਸਪ ਹੈ। ਮਲਾਇਆ ਦੀ ਪੁਲਸ ਵਿਚ ਕਿਸੇ ਸਮੇਂ ਪੰਜਾਬੀਆਂ ਦਾ ਇੰਨਾ ਜ਼ੋਰ ਸੀ ਕਿ ਪੁਲਸ ਦੇ ਥਾਨਿਆਂ ਵਿੱਚ ਰੀਪੋਰਟਾਂ ਵੀ ਪੰਜਾਬੀ ਬੋਲੀ ਵਿੱਚ ਹੀ ਲਿਖੀਆਂ ਜਾਂਦੀਆਂ ਸਨ। ਜਦੋਂ ਮਾਂ ਬੋਲੀ ਪੰਜਾਬੀ ਨੂੰ ਆਪਣੇ ਘਰ ਪੰਜਾਬ ਵਿੱਚ ਵੀ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਸੀ ਅਤੇ ਇਸ ਦੇ ਪੁੱਤਰ ਵੀ ਇਸ ਨੂੰ ਮਾਂ ਕਹਿਣ ਤੋਂ ਝਿਜਕਦੇ ਸਨ ਉਸ ਵੇਲੇ ਮਲਾਇਆ ਵਿੱਚ ਵਸਦੇ ਪੰਜਾਬੀਆਂ ਨੇ ਇਸਦੀ ਸਰਕਾਰੀ ਕੰਮਾਂ ਵਿੱਚ ਵਰਤੋਂ ਕਰਕੇ ਆਪਣਾ ਪੰਜਾਬੀ ਪਿਆਰ ਪ੍ਰਗਟ ਕੀਤਾ ਅਤੇ ਆਪਣੇ ਸਭਿਆਚਾਰਕ ਤੇ ਭਾਸ਼ਾ ਦੇ ਵਿਰਸੇ ਤੋਂ ਪੂਰਾ ਪੂਰਾ ਲਾਭ ਉਠਾਇਆ। ਇਹੋ ਕਾਰਨ ਹੈ ਕਿ ਜਦੋਂ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਪੂਰੀ ਖੋਜ ਨਾਲ ਲਿਖਿਆ ਜਾਵੇਗਾ ਤਾਂ ਪੰਜਾਬ



'ਹਮਦਰਦ' ਇੰਗਲੈਂਡ ਗਏ ਤਾਂ ਉਥੋਂ ਦੇ ਪੰਜਾਬੀਆਂ ਨੇ ਇਕ ਪਬਲਿਕ ਜਲਸਾ ਕੀਤਾ ।
ਹਮਦਰਦ ਜੀ ਪੰਜਾਬੀਆਂ ਦੇ ਇਕ ਗਰੁੱਪ ਵਿਚ ਖੜੇ ਹਨ ।



ਕੈਂਬਰਿਜ ਯੂਨੀਵਰਸਿਟੀ ਦੇ ਟਿਨੀਟੀ ਕਾਲ਼ਜ ਦਾ ਇਕ ਹੋਰ ਚਿਤ੍ਰ

ਤੋਂ ਦੂਜੇ ਨੰਬਰ ਉਤੇ ਮਲਾਇਆ ਦਾ ਸਥਾਨ ਹੋਵੇਗਾ ।

ਅਠ–ਦਸ ਸਾਲ ਤਕ ਪੰਜਾਬੀ ਦੇ ਪ੍ਰਸਿਧ ਰੋਜ਼ਾਨਾ ਪੱਤਰ ਖਾਲਸਾ ਸੇਵਕ ਅੰਮ੍ਰਿਤਸਰ, ਅਕਾਲੀ ਪਤ੍ਰਕਾ, ਜਲੰਧਰ ਅਤੇ ਰਣਜੀਤ, ਪਟਿਆਲਾ ਵਿਚ ਸੰਪਾਦਕ ਦੇ ਤੌਰ ਤੇ ਕੰਮ ਕਰਨ ਤੋਂ ਉਪਰੰਤ 1954 ਵਿੱਚ ਮੈਨੂੰ ਮਲਾਇਆ ਤੋਂ ਨਵੇਂ ਨਿਕਲ ਰਹੇ ਰੋਜ਼ਾਨਾ ਅਖਬਾਰ ਨਵਾਂ ਸੰਸਾਰ ਦਾ ਐਡੀਟਰ ਬਣਾਕੇ ਦੇਸ਼ ਤੋਂ ਬਾਹਰ ਜਾਣ ਦਾ ਅਵਸਰ ਮਿਲਿਆ । ਇਸ ਅਖਬਾਰ ਦੇ ਪ੍ਰਬੰਧਕਾਂ ਨੇ ਇਕ ਲਖ ਡਾਲਰ ਦੇ ਸਰਮਾਏ ਨਾਲ ਯੂਨਾਈਟਿਡ ਪ੍ਰਿੰਟਰਜ਼ ਲਿਮਿਟਿਡ ਨਾਮ ਦੀ ਇਕ ਕੰਪਨੀ ਬਣਾਈ ਸੀ ਅਤੇ ਅਮਰੀਕਾ ਤੋਂ ਸਵੈਚਾਲਕ ਮਸ਼ੀਨਾਂ ਮੰਗਵਾਕੇ ਇਕ ਕਾਫੀ ਵੱਡਾ ਪ੍ਰੈਸ ਲਾਇਆ ਸੀ । ਇਸ ਕੰਪਨੀ ਵਿੱਚ ਮਲਾਇਆ ਤੇ ਸਿੰਘਾਪੁਰ ਦੇ ਬਹੁਤ ਸਾਰੇ ਸਿੰਘਾਂ ਨੇ ਹਿੱਸੇ ਪਾਏ ਸਨ ਅਤੇ ਇਸ ਦਾ ਪ੍ਰਬੰਧ ਬੜੇ ਉਤਸ਼ਾਹੀ ਨੌਜਵਾਨਾਂ ਦੇ ਹੱਥ ਵਿੱਚ ਸੀ। ਇਸ ਕੰਪਨੀ ਨੇ ਆਪਣੇ ਪ੍ਰੈਸ ਦਾ ਉਦਘਾਟਨ ਬੜੇ ਉਤਸ਼ਾਹ ਨਾਲ ਕੀਤਾ ਅਤੇ ਰੋਜ਼ਾਨਾ ਅਖਬਾਰ ਨਵਾਂ ਸੰਸਾਰ ਕਢਣ ਦਾ ਫੈਸਲਾ ਕੀਤਾ । ਮਲਾਇਆ ਵਿੱਚ ਉਸ ਵੇਲੇ ਆਜ਼ਾਦੀ ਲਈ ਸੰਘਰਸ਼ ਚਲ ਰਿਹਾ ਸੀ । ਇਕ ਪਾਸੇ ਤੁੰਕੂ–ਅਬਦੁਲ ਰਹਿਮਾਨ (ਪ੍ਰਧਾਨ ਮੰਤਰੀ ਮਲੇਸ਼ੀਆ) ਦੀ ਅਗਵਾਈ ਹੇਠ ਨੈਸ਼ਨਲ ਮੂਵਮੈਂਟ ਚਲ ਰਹੀ ਸੀ ਅਤੇ ਦੂਜੇ ਪਾਸੇ ਜੰਗਲਾਂ ਵਿੱਚ ਹਥਿਆਰਬੰਦ ਬਾਗੀ ਕਮਿਊਨਿਸਟਾਂ (ਜਿਨ੍ਹਾਂ ਨੂੰ ਜਾਪਾਨੀ ਵਾਪਸ ਜਾਣ ਲੱਗੇ ਹਥਿਆਰ ਦੇ ਗਏ ਸਨ) ਨੇ ਆਪਣੀ ਮੁਕਾਬਲੇ ਦੀ ਸਰਕਾਰ ਬਣਾਈ ਹੋਈ ਸੀ ਅਤੇ ਸਾਰੇ ਦੇਸ਼ ਵਿੱਚ ਸੰਕਟ (ਐਮਰਜੈਂਨਸੀ) ਦੀ ਦਸ਼ਾ ਦਾ ਐਲਾਨ ਕੀਤਾ ਹੋਇਆ ਸੀ । ਐਸੀ ਦਸ਼ਾ ਵਿੱਚ ਰੋਜ਼ਾਨਾ ਪੰਜਾਬੀ ਪੱਤਰ ਦਾ ਪ੍ਰਕਾਸ਼ਨ ਸ਼ੁਰੂ ਕਰਨਾ ਤੇ ਉਸ ਨੂੰ ਸਫਲ ਕਰਨਾ ਬੜੀ ਵਡੀ ਜ਼ਿੰਮੇਵਾਰੀ ਦਾ ਕੰਮ ਸੀ ਤੇ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਕੰਪਨੀ ਨੂੰ ਇਕ ਤਜਰਬਾਕਾਰ ਪੰਜਾਬੀ ਪੱਤਰ-ਕਾਰ ਦੀ ਤਲਾਸ਼ ਸੀ। ਦੇਵ ਨੇਤ ਨਾਲ ਸਵਰਗ-ਵਾਸੀ ਗਿਆਨੀ ਜਾਗੀਰ ਸਿੰਘ ਰੋੜੇ (ਜ਼ਿਲਾ ਫੀਰੋਜ਼ਪੁਰ) ਤੇ ਗਿਆਨੀ ਗੁਰਚਰਨ ਸਿੰਘ 'ਭੌਰ' ਉਨ੍ਹੀਂ ਦਿਨੀਂ ਮਲਾਇਆ ਪਹੁੰਚੇ । ਕੰਪਨੀ ਦੇ ਪ੍ਰਬੰਧਕਾਂ ਨੇ ਉਨ੍ਹਾਂ ਤੋਂ ਦੇਸੋਂ ਐਡੀਟਰ ਮੰਗਵਾਉਣ ਬਾਰੇ ਸਲਾਹ ਪੁਛੀ । ਉਨ੍ਹਾਂ ਦੋਹਾਂ ਹੀ ਸਜਣਾਂ ਨੇ ਦੋ ਨਾਮ ਪੇਸ਼ ਕੀਤੇ । ਇਕ ਸ੍ਰ. ਗੁਰਨਾਮ ਸਿੰਘ 'ਤੀਰ', ਸਹਾਇਕ ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ ਦਾ ਅਤੇ ਦੂਜਾ ਮੇਰਾ । 'ਨਕ ਨਥ ਖਸਮ ਹੱਥ ਕਿਰਤ ਧੱਕੇ ਦੇ ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚ ਹੇ' ਦੇ ਮਹਾਂਵਾਕ ਅਨੁਸਾਰ ਅੰਨ ਜਲ ਨੇ ਐਸਾ ਉਛਾਲਾ ਮਾਰਿਆ ਕਿ ਕੰਪਨੀ ਨਾਲ ਤਿੰਨ ਸਾਲ ਦਾ ਐਗਰੀਮੈਂਟ ਕਰਕੇ ਮੈਂ ਰੋਜ਼ਾਨਾ 'ਨਵਾਂ ਸੰਸਾਰ' ਨੂੰ ਸੰਪਾਦਨ ਕਰਨ ਲਈ ਮਲਾਇਆ ਪਹੁੰਚ ਗਿਆ । ਜਿਸ ਵੇਲੇ ਮੈਂ ਨਵਾਂ ਪ੍ਰੈਸ ਤੇ ਸਵੈਚਾਲਕ ਨਵੀਆਂ ਅਮਰੀਕਾ ਦੀਆਂ ਬਣੀਆਂ ਮਸ਼ੀਨਾਂ (ਜੋ ਆਪੇ ਕਾਗਜ਼ ਚਕਦੀਆਂ ਤੇ ਲਾਉਂਦੀਆਂ ਸਨ) ਵੇਖੀਆਂ ਤਾਂ ਮੇਰੀ ਖੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ । ਪੰਜਾਬ ਦੇ ਕਿਸੇ ਵੀ ਰੋਜ਼ਾਨਾ ਪੰਜਾਬੀ ਪੱਤਰ ਪਾਸ ਉਸ ਵੇਲੇ ਇਤਨਾ ਚੰਗਾ ਪ੍ਰੈਸ ਨਹੀਂ ਸੀ । ਨਵਾਂ ਸੰਸਾਰ ਦਾ ਪਹਿਲਾ ਪਰਚਾ 1 ਨਵੰਬਰ, 1954 ਨੂੰ ਬੜੀ ਸਜ ਧਜ ਨਾਲ

ਪ੍ਰਕਾਸ਼ਤ ਹੋਇਆ । ਸਾਰੀਆਂ ਬੋਲੀਆਂ, ਅੰਗ੍ਰੇਜ਼ੀ, ਮਲਾਈ, ਤਾਮਲ ਤੇ ਚੀਨੀ ਭਾਸ਼ਾ ਵਿੱਚ ਛਪਦੇ ਪੱਤਰਾਂ ਨੇ ਆਪਣੇ ਨਵੇਂ ਸਮਕਾਲੀ ਨੂੰ ਜੀਉ ਆਇਆ ਕਿਹਾ ਤੇ ਮਲਾਇਆ ਤੇ ਸਿੰਘਾਪੁਰ ਵਿੱਚ ਵਸਦੇ 50 ਹਜ਼ਾਰ ਸਿੱਖਾ ਤੇ 8-9 ਲੱਖ ਭਾਰਤੀਆਂ ਦੇ ਮੁਖੀ ਆਗੂਆਂ ਨੇ ਵਧਾਈ ਦੇ ਸੰਦੇਸ਼ ਭੇਜੇ । ਪੰਜਾਬੀਆਂ ਦੇ ਚਿਹਰਿਆਂ ਤੇ ਉਸ ਦਿਨ ਖੁਸ਼ੀ ਦੇ ਅਦੁੱਤੀ ਚਿੰਨ੍ਹ ਸਨ । ਕਈ ਵੇਰ ਪ੍ਰੈਸ ਕਾਨਫ੍ਰੰਸਾਂ ਵਿੱਚ ਦੂਜੀਆਂ ਕੌਮਾਂ ਦੇ ਪੱਤਰਕਾਰਾਂ ਨੇ ਪੰਜਾਬੀ ਪੱਤਰਕਾਰਾਂ ਨੂੰ ਇਸ ਗੱਲ ਤੇ ਵਧਾਈ ਦਿੱਤੀ ਕਿ ਭਾਵੇਂ ਦੂਜੀਆਂ ਕੌਮਾ ਦੇ ਮੁਕਾਬਲੇ ਗਿਣਤੀ ਦੇ ਲਿਹਾਜ਼ ਨਾਲ ਪੰਜਾਬੀ ਆਟੇ ਵਿੱਚ ਲੂਣ ਬਰਾਬਰ ਹਨ ਪਰ ਇਹ ਮਾਣ ਕੇਵਲ ਪੰਜਾਬੀਆਂ ਨੂੰ ਹੀ ਪ੍ਰਾਪਤ ਹੈ ਕਿ ਉਨ੍ਹਾਂ ਦੇ ਦੋ ਰੋਜ਼ਾਨਾ ਅਖ਼ਬਾਰ ਨਿਕਲ ਰਹੇ ਹਨ ।

ਇਹ ਇਕ ਠੋਸ ਹਕੀਕਤ ਹੈ ਕਿ ਪੰਜਾਬੀਆਂ ਵਿੱਚ ਕੰਮ ਕਰਨ ਦੀ ਲਗਨ, ਹੌਸਲਾ, ਹਿੰਮਤ ਤੇ ਯੋਗਤਾ ਦੂਜੀਆਂ ਕੌਮਾਂ ਨਾਲੋਂ ਵਧ ਹੈ । ਇਹੋ ਕਾਰਣ ਹੈ ਕਿ ਦੁਨੀਆ ਦੇ ਜਿਸ ਦੇਸ਼ ਵਿੱਚ ਪੰਜਾਬੀ ਗਏ ਹਨ ਸਫਲਤਾ ਨੇ ਸਦਾ ਹੀ ਉਨ੍ਹਾਂ ਦੇ ਪੈਰ ਚੁੰਮੇ ਹਨ ਤੇ ਉਹ ਬੜਾ ਸਤਿਕਾਰ ਭਰਿਆ ਜੀਵਨ ਬਤੀਤ ਕਰ ਰਹੇ ਹਨ ਪਰ ਜਿਵੇਂ ਫੁਲ ਦੇ ਨਾਲ ਕੰਡਾ ਹੁੰਦਾ ਹੈ ਇਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਇਹ ਫੁਟ ਦਾ ਸ਼ਿਕਾਰ ਛੇਤੀ ਹੋ ਜਾਂਦੇ ਹਨ ਇਸੇ ਰੋਗ ਦਾ ਸ਼ਿਕਾਰ ਰੋਜ਼ਾਨਾ ਨਵਾਂ ਸੰਸਾਰ ਹੋ ਗਿਆ । ਕੰਪਨੀ ਦੇ ਡਾਇਰੈਕਟਰਾਂ ਵਿੱਚ ਫੁਟ ਪੈ ਗਈ ਜਿਸ ਕਰਕੇ ਡੇਢ ਸਾਲ ਤੋਂ ਪਿੱਛੋਂ ਉਹ ਬੰਦ ਹੋ ਗਿਆ ਤੇ ਪ੍ਰੈਸ ਦਾ ਆਕਾਰ ਵੀ ਹੁਣ ਬਹੁਤ ਛੋਟਾ ਰਹਿ ਗਿਆ ਹੈ । ਰੋਜ਼ਾਨਾ ਪ੍ਰਦੇਸੀ ਖਾਲਸਾ ਸੇਵਕ ਦੇ ਐਡੀਟਰ ਗਿਆਨੀ ਤਰਲੋਚਨ ਸਿੰਘ ਹੋਰਾਂ ਦੀ ਵੀ ਮਾਲਕਾਂ ਨਾਲ ਅਣਬਣ ਹੋ ਗਈ ਜਿਸ ਕਰਕੇ ਉਨ੍ਹਾਂ ਨੇ ਵਖ ਹੋ ਕੇ ਰੋਜ਼ਾਨਾ ਮਲਾਇਆ ਸਮਾਚਾਰ ਜਾਰੀ ਕੀਤਾ ਜੋ ਹੁਣ ਤਕ ਬੜੀ ਸਫਲਤਾ ਨਾਲ ਚਲ ਰਿਹਾ ਹੈ ਪਰ ਪ੍ਰਦੇਸੀ ਖਾਲਸਾ ਸੇਵਕ ਯੋਗ ਸੰਪਾਦਕ ਨਾ ਮਿਲਣ ਕਰਕੇ ਬੰਦ ਹੋ ਗਿਆ । ਇਸ ਵੇਲੇ ਮਲਾਇਆ ਵਿੱਚ 'ਮਲਾਇਆ ਸਮਾਚਾਰ' ਤੇ ਸਿੰਘਾਪੁਰ ਤੋਂ 'ਨਵਜੀਵਨ' (ਹਫ਼ਤਾਵਾਰ) ਪ੍ਰਕਾਸ਼ਤ ਹੋ ਰਹੇ ਹਨ ਜੋ ਬੜੀ ਸੁਚੱਜੀ ਅਗਵਾਈ ਦੇ ਰਹੇ ਹਨ ।

ਹੁਣ ਜਦ ਕਿ ਮਾਤ ਭਾਖਾ ਪੰਜਾਬੀ ਦੇ ਸਿਰ ਤੇ ਰਾਜ ਮੁਕਟ ਪਹਿਨਾਇਆ ਜਾ ਰਿਹਾ ਹੈ ਅਤੇ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕਰਨ ਦਾ ਮਿਥਿਆ ਗਿਆ ਨਿਸ਼ਾਨਾ ਪੂਰਾ ਹੋ ਗਿਆ ਹੈ। ਪੰਜਾਬੀ ਪੱਤਰਕਾਰੀ ਦਾ ਭਵਿਖਤ ਹੋਰ ਉਜਲਾ ਹੋਵੇਗਾ । ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੰਗ੍ਰੇਜ਼ੀ ਤੇ ਹਿੰਦੀ ਦੇ ਮੁਕਾਬਲੇ ਅਜੇ ਪੰਜਾਬੀ ਪੱਤਰ ਕਾਫ਼ੀ ਪਛੜੇ ਹੋਏ ਹਨ । ਇਸ ਲਈ ਉਨਤ ਬੋਲੀਆਂ ਦੀ ਪਹਿਲੀ ਕਤਾਰ ਵਿੱਚ ਇਹ ਤਾਂ ਹੀ ਖੜੇ ਹੋ ਸਕਦੇ ਹਨ ਜੇ ਪੰਜਾਬ ਸਰਕਾਰ ਭਾਸ਼ਾ-ਵਿਭਾਗ ਤੇ ਪੰਜਾਬੀ ਜਨਤਾ ਇਨ੍ਹਾਂ ਨੂੰ ਪੂਰਨ ਮਿਲਵਰਤਨ ਦੇ ਕੇ ਅੱਗੇ ਵਧਣ ਵਿੱਚ ਸਹਾਇਤਾ ਕਰੇ ਅਤੇ ਪੱਤਰਕਾਰ ਵੀ ਆਪਣੀਆਂ ਜ਼ਿੰਮੇ-ਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਉਚੇ ਦਰਜੇ ਦੀ ਯੋਗਤਾ ਪੈਦਾ ਕਰਨ ।

ਜੀਵਨ ਦਰਪਨ

ਜਨਮ	1918
ਜਨਮ ਸਥਾਨ	ਪੱਦੀ ਮੱਟ ਵਾਲੀ (ਬੰਗਾ)
ਪਿਤਾ ਦਾ ਨਾਂ	ਚੌਧਰੀ ਲੱਭੂ ਰਾਮ
ਮਾਤਾ ਜੀ ਦਾ ਨਾਂ	ਮਾਤਾ ਖੁਸ਼ਹਾਲ ਕੌਰ
ਮੁਢਲੀ ਵਿਦਿਆ	ਪਬਲਿਕ ਐਂਗਲੋ-ਵਰਨੈਕੁਲਰ ਸਕੂਲ, ਮਾਹਲ ਗਹਿਲਾ
ਮੈਟ੍ਰਿਕ	ਸ.ਸ. ਜਵਾਹਰ ਸਿੰਘ ਹਾਈ ਸਕੂਲ, ਬੰਗਾ, 1932
ਵਿਦਿਆ	ਐਮ. ਏ., ਐਲ. ਐਲ. ਬੀ.

ਸੰਪਾਦਕੀ ਜੀਵਨ :


ਉਪ-ਸੰਪਾਦਕ :	"ਵਿਹਾਰ ਸੁਧਾਰ" ਮਿੰਟਗੁਮਰੀ	1935
	ਖਾਲਸਾ ਐਂਡ ਖਾਲਸਾ ਐਡਵੋਕੇਟ	1937
	ਹਫਤਾਵਾਰ ਅਜੀਤ (ਉਰਦੂ)	1941
	ਰੋਜ਼ਾਨਾ ਅਜੀਤ (ਲਾਹੌਰ)	1943
ਸੰਪਾਦਕ :	ਰੋਜ਼ਾਨਾ ਅਜੀਤ	1944
	ਰੋਜ਼ਾਨਾ ਪ੍ਰਭਾਤ (ਉਰਦੂ)	1950
	ਅਜੀਤ ਪਤ੍ਰਕਾ (ਪੰਜਾਬੀ)	1955

ਸਮਕਾਲੀ ਸਾਹਿਤਕਾਰ ਸਾਧੂ ਸਿੰਘ

ਸੁਰਿੰਦਰ ਸਿੰਘ ਜੌਹਰ

ਇਹ ਸ਼ਾਇਦ 1960 ਦੀ ਗਲ ਹੈ। ਜਲੰਧਰ ਮੇਰੇ ਘਰ ਕੁਝ ਕਵੀ ਇੱਕਠੇ ਹੋਏ ਸਨ। ਇਕ ਛੋਟੀ ਜਿਹੀ ਸਾਹਿਤਕ ਬੈਠਕ ਸੀ। ਸ਼ਿਵ ਕੁਮਾਰ ਬੜੀ ਉੱਚੀ ਸੁਰ ਤੇ ਲੈਅ ਨਾਲ ਆਪਣਾ ਕੋਈ ਤਾਜਾ ਗੀਤ ਗਾ ਰਿਹਾ ਸੀ। ਹਰ ਕੋਈ ਗੀਤ ਬੜੇ ਧਿਆਨ ਨਾਲ ਸੁਣ ਰਿਹਾ ਸੀ। ਬੜਾ ਰੰਗ ਬਝ ਗਿਆ। ਗੀਤ ਵੀ ਬੜਾ ਦਰਦ ਭਰਿਆ ਸੀ ਕਈ ਔਰਤਾਂ ਤਾਂ ਬੈਠੀਆਂ ਬੈਠੀਆਂ ਚੁੰਨੀਆਂ ਦੀਆਂ ਕੰਨੀਆਂ ਨਾਲ ਆਪਣੀਆਂ ਅਖਾਂ ਸਾਫ ਕਰ ਰਹੀਆਂ ਸਨ। ਬੜੀ ਵਾਹ ਵਾਹ ਹੋ ਰਹੀ ਸੀ। ਈਸ਼ਰ ਸਿਘ ਅਟਾਰੀ ਸਾਧੂ ਸਿਘ ਹਮਦਰਦ ਦੇ ਮੋਢਿਆਂ ਤੇ ਹੱਥ ਮਾਰ ਕੇ ਕਹਿ ਰਿਹਾ ਸੀ--'ਸੁਣੋ ਸ਼ਿਵ ਕੀ ਕਹਿ ਰਿਹਾ ਹੈ।' 'ਹਮਦਰਦ' ਤ੍ਰਭਕ ਉਠਿਆ ਜਿਵੇਂ ਉਹ ਅਚਾਨਕ ਕੋਈ ਭੈੜਾ ਸੁਪਨਾ ਦੇਖ ਕੇ ਡਰ ਗਿਆ ਹੋਵੇ। ਸ਼ਿਵ ਗੀਤ ਗਾ ਰਿਹਾ ਸੀ ਤੇ 'ਹਮਦਰਦ' ਉਹ ਆਪਣੇ ਆਪੇ ਵਿੱਚ ਡੁਬਾ ਹੋਇਆ ਸੀ। ਗੀਤ ਗਾਏ ਜਾਂਦੇ ਰਹੇ, ਕਵਿਤਾਵਾਂ ਪੜ੍ਹੀਆਂ ਜਾਂਦੀਆਂ ਰਹੀਆਂ ਤੇ ਸਾਹਿਤਕਾਰਾਂ ਬਾਰੇ ਭੂਮਕਾਵਾਂ ਬਝਦੀਆਂ ਰਹੀਆਂ ਪਰ ਇਉਂ ਜਾਪਦਾ ਸੀ ਕਿ 'ਹਮਦਰਦ' ਕਿਸੇ ਦੂਜੀ ਦੁਨੀਆਂ ਵਿਚ ਵਿਚਰ ਰਿਹਾ ਹੈ। ਅਟਾਰੀ ਨੇ ਬੜੀ ਵੱਡੀ ਭੂਮਿਕਾ ਬੰਨ੍ਹਦਿਆਂ ਫਿਰ ਆਖਿਆ 'ਹੁਣ ਤੁਸੀਂ ਸਾਧੂ ਸਿੰਘ 'ਹਮਦਰਦ' ਕੋਲੋਂ ਉਹਨਾਂ ਦੀ ਇਕ ਤਾਜ਼ੀ ਗਜ਼ਲ ਸੁਣੋ।' ਪਰ ਹਮਦਰਦ ਹਾਲੇ ਵੀ ਉਸੇ ਤਰ੍ਹਾਂ ਦੀ ਹਾਲਤ ਵਿਚ ਸੀ ਤੇ ਮੇਰੇ ਹਮਦਰਦ ਦੇ ਮੋਢੇ ਤੇ ਹਥ ਰਖਣ ਤੇ ਉਸ ਉਠ ਕੇ ਆਪਣੀ ਗਜ਼ਲ ਪੜ੍ਹਨੀ ਸ਼ੁਰੂ ਕੀਤੀ ਅਜ ਭਾਵੇਂ ਉਸ ਗਜ਼ਲ ਦੇ ਬੋਲ ਮੈਨੂੰ ਯਾਦ ਨਹੀਂ ਪਰ ਇਹ ਨਿਸਚੇ ਨਾਲ ਮੈਂ ਕਹਿ ਸਕਦਾ ਹਾਂ ਕਿ ਉਸ ਗਜ਼ਲ ਨੂੰ ਬਹੁਤ ਪਸੰਦ ਕੀਤਾ ਗਿਆ। ਬੜੀ ਵਾਹ ਵਾਹ ਹੋਈ, ਬੜੀਆਂ ਤਾੜੀਆਂ ਵਜੀਆਂ ਅਤੇ ਇਕ ਹੋਰ, ਇਕ ਹੋਰ' ਦੀਆਂ ਕਈ ਆਵਾਜ਼ਾਂ ਆਈਆਂ। ਇਹ ਇਕ ਸਾਹਿਤਕਾਰਾਂ ਦੀ ਬੈਠਕ ਸੀ. ਜਿਸਦੇ ਵਿੱਚ ਸਾਧਾਰਨ ਬੰਦੇ ਬਹੁਤ ਹੀ ਘਟ ਸਨ ਤੇ ਇਹੋ ਜਿਹੀ ਬੈਠਕ ਵਿੱਚ ਵਾਹ ਵਾਹ ਪ੍ਰਾਪਤ ਕਰਨੀ ਹਮਦਰਦ ਦੇ ਹਿਸੇ ਹੀ ਆਈ ਸੀ।

ਸਾਧੂ ਸਿਘ ਹਮਦਰਦ ਦਾ ਜਨਮ ਜਨਵਰੀ 2, 1918 ਨੂੰ ਨਗਰ ਪਦੀ ਮਟ ਵਾਲੀ (ਬੰਗਾ) ਜ਼ਿਲਾ ਜਲੰਧਰ ਵਿਚ ਹੋਇਆ। ਉਨ੍ਹਾਂ ਦਿਨਾਂ ਵਿਚ ਹੀ ਉਸ ਦੇ ਪਿਤਾ ਚੌਧਰੀ ਲੱਭੂ ਰਾਮ ਦੀ ਮਿਰਤੂ ਹੋ ਗਈ। ਚਾਰ ਸਾਲ ਦੀ ਉਮਰ ਵਿੱਚ ਉਹ ਆਪਣੀ ਵਿਧਵਾ ਭੂਆ ਦੇ ਪਿੰਡ ਉਚਾ ਲਧਾਣਾ ਆ ਗਿਆ। ਉਸ ਨੇ ਇਕ



ਸਾਧੂ ਸਿੰਘ 'ਹਮਦਰਦ'
(ਨਵੀਂ ਜਵਾਨੀ ਵਿੱਚ)



'ਹਮਦਰਦ' ਜੀ ਆਪਣੇ ਪਰਵਾਰ ਨਾਲ

ਤਰ੍ਹਾਂ ਨਾਲ ਉਸ ਨੂੰ ਆਪਣਾ ਮੁਤਬੰਨਾ ਹੀ ਬਣਾ ਲਿਆ ।

ਦੁਆਬੇ ਦੀ ਧਰਤੀ ਪਾਣੀ ਬੜਾ ਮਗਦੀ ਹੈ । ਕਿਉਂਕਿ ਜ਼ਮੀਨ ਬੜੀ ਨਰੋਈ ਹੈ ਇਸ ਲਈ ਜਿਨੀ ਮਿਹਨਤ ਕੀਤੀ ਜਾਏ ਝਾੜ ਉਨ੍ਹਾਂ ਹੀ ਵਧ ਹੁੰਦਾ ਹੈ । ਜ਼ਮੀਨਾਂ ਥੋੜੀਆਂ ਹੋਣ ਕਰਕੇ ਕਿਸਾਨ ਨੂੰ ਸਖਤ ਮਿਹਨਤ ਕਰਕੇ ਥੋੜੀ ਭੋਇੰ ਵਿੱਚੋਂ ਹੀ ਆਪਣੀ ਉਪਜੀਵਕਾ ਲਈ ਉਪਜ ਲੈਣੀ ਪੈਂਦੀ ਹੈ ।

ਹਮਦਰਦ ਨੇ ਆਪਣਾ ਬਚਪਨ ਪਿੰਡ ਦੀਆਂ ਗਲੀਆਂ ਵਿੱਚ ਖੇਡ ਕੇ ਬਿਤਾਇਆ ਅਤੇ ਉਸ ਆਪਣੇ ਬਜ਼ੁਰਗਾਂ ਨੂੰ ਦਿਨ ਰਾਤ ਮਿਹਨਤ ਕਰਦਿਆਂ ਵੇਖਿਆ । ਪਿੰਡ ਦੇ ਲੋਕੀਂ ਦਿਨ ਰਾਤ ਕੰਮ ਕਰਦੇ ਸਨ ਅਤੇ ਇਸ ਸਿਰ ਤੋੜ ਮਿਹਨਤ ਤੋਂ ਹਮਦਰਦ ਬਹੁਤ ਪ੍ਰਭਾਵਤ ਹੋਇਆ ਜਾਪਦਾ ਹੈ । ਬਚਪਨ ਵਿੱਚ ਮਿਹਨਤ ਉਹਦੀਆਂ ਹੱਡੀਆਂ ਵਿੱਚ ਰਲ ਗਈ ਅਤੇ ਇਸੇ ਦਾ ਸਦਕਾ ਉਹ ਹੁਣ ਵੀ ਦਿਨ ਵਿੱਚ ਅਠਾਰਾਂ-ਅਠਾਰਾਂ ਘੰਟੇ ਕੰਮ ਕਰ ਸਕਦਾ ਹੈ । ਉਹ ਅਖਬਾਰ ਲਈ ਮੁਖ ਲੇਖ ਤੇ ਕਈ ਕਈ ਨੋਟ ਲਿਖਦਾ ਹੈ । ਉਹ ਕਈ ਨਾਵਲਾਂ ਇਕੋ ਸਾਰ ਛੋਹ ਲੈਂਦਾ ਹੈ ਅਤੇ ਦਿਨ ਵਿੱਚ ਕਈ ਕਈ ਕਾਂਡ ਲਿਖ ਛਡਦਾ ਹੈ । ਫਿਰ ਉਹ ਗਜ਼ਲਾਂ ਲਿਖਦਾ ਹੈ ਅਤੇ ਅਖਬਾਰ ਅਤੇ ਪਰੈਸ ਦੇ ਸਮੁੱਚੇ ਕੰਮ ਤੇ ਨਜ਼ਰ ਰਖਦਾ ਹੈ । ਉਹ ਤੜਕ ਸਾਰ ਉਠ ਕੇ ਆਪਣੀ ਲਿਖਣ ਵਾਲੀ ਮੇਜ਼ ਅਗੇ ਆ ਕੇ ਬੈਠ ਜਾਂਦਾ ਹੈ ਅਤੇ ਕਈ ਕਈ ਘੰਟੇ ਲਗਾਤਾਰ ਲਿਖਦਾ ਰਹਿੰਦਾ ਹੈ । ਹਮਦਰਦ ਭਾਵੇਂ ਗੱਲਾਂ ਕਰਦਿਆਂ ਕਰਦਿਆਂ ਊਂਘਾਂ ਲੈਂਦਾ ਰਹੇ ਅਤੇ ਬੈਠਿਆਂ ਬੈਠਿਆਂ ਹੀ ਕੁਰਸੀ ਤੇ ਸੌਂ ਜਾਂਦਾ ਹੋਵੇ ਉਹ ਲਿਖਣ ਲਗਿਆਂ ਪਿਛਾਂ ਨਹੀਂ ਤਕਦਾ । ਇਹ ਇਕ ਵੱਡਾ ਗੁਣ ਹੈ ਜਿਹੜਾ ਸਾਡੇ ਬਹੁਤ ਘਟ ਲਿਖਾਰੀਆਂ ਵਿਚ ਮਿਲਦਾ ਹੈ । ਸਾਡੇ ਬਹੁਤੇ ਲਿਖਾਰੀ ਲਿਖਣ ਲਗਿਆਂ ਮਿਹਨਤ ਉਕਾ ਹੀ ਨਹੀਂ ਕਰਦੇ । ਜਿਸਦਾ ਸਿੱਟਾ ਇਹ ਨਿਕਲਦਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਕਈ ਊਣਤਾਈਆਂ ਰਹਿ ਜਾਂਦੀਆਂ ਹਨ ।

ਉਸਦਾ ਕਾਫੀ ਸਮਾਂ ਲੋਕਾਂ ਨੂੰ ਮਿਲਣ ਵਿੱਚ ਹੀ ਲਗ ਜਾਂਦਾ ਹੈ । ਉਹ ਜਨਤਾ ਵਿਚੋਂ ਹੋਣ ਕਰਕੇ ਮਿਲਣ ਆਉਣ ਵਾਲੇ ਲੋਕਾਂ ਨੂੰ ਮਾਯੂਸ ਨਹੀਂ ਜਾਣ ਦੇਂਦਾ । ਇਸੇ ਲਈ ਉਹ ਨਿਤਾਪ੍ਰਤੀ ਲਿਖਣ ਵਾਲਾ ਕੰਮ ਨੌ ਵਜੇ ਤਕ ਹੀ ਮੁਕਾ ਲੈਂਦਾ ਹੈ । ਇਸੇ ਲਈ ਉਸ ਨੂੰ ਲੀਡਰ ਕਹਿਆ ਜਾਂਦਾ ਹੈ । ਪਰ ਉਹ ਮਨ ਕਰਕੇ ਲੀਡਰੀ ਤੋਂ ਦੂਰ ਭਜਦਾ ਹੈ । ਉਸ ਨੇ ਆਪਣੇ ਮਨ ਦੀ ਇਸ ਅਵਸਥਾ ਨੂੰ ਆਪਣੀ ਮਾਡਰਨ ਗਜ਼ਲ ਵਿੱਚ ਇਉਂ ਵਰਨਣ ਕੀਤਾ ਹੈ:—

ਮੈਂ ਇਨਸਾਨ ਹੀ ਹਾਂ ਭਲਾ ਓ ਖ਼ੁਦਾ
ਮੇਰੇ ਗਲ ਨਾ ਪਾਈਂ, ਕਦੇ ਲੀਡਰੀ ।

ਉਹ ਕਈ ਵਾਰ ਤਰੰਗ ਚ ਆ ਕੇ ਕਹਿੰਦਾ ਹੈ ਕਿ ਕੋਈ ਮੈਨੂੰ ਭਾਵੇਂ ਕਵੀ ਮੰਨੇ ਜਾਂ ਨਾ ਪਰ ਵਾਹਿਗੁਰੂ ਨੇ ਮੈਨੂੰ ਸ਼ਾਇਰ ਹੀ ਪੈਦਾ ਕੀਤਾ ਹੈ । ਇਸ ਬਾਰੇ ਵੀ ਉਹ ਆਪਣੀ ਮਾਡਰਨ ਗਜ਼ਲ ਵਿੱਚ ਇਉਂ ਲਿਖਦਾ ਹੈ:—

ਬਣਾਇਆ ਕਵੀ ਰਬ ਨੇ ਹਮਦਰਦ ਨੂੰ,
ਐਡੀਟਰ ਤੇ ਉਹ ਖਾਹਮਖਾਹ ਹੋ ਗਇਆ ।

ਦਿਨ ਬੀਤਣ ਲੱਗੇ ਹੁਣ ਹਮਦਰਦ ਜਵਾਹਰ ਸਿੰਘ, ਡਿਸਟਰਿਕਟ ਬੋਰਡ ਹਾਈ ਸਕੂਲ ਦਾ ਵਿਦਿਆਰਥੀ ਸੀ । ਇਕ ਸਾਧਾਰਨ

ਵਿਦਿਆਰਥੀ ਸਕੂਲ ਦੇ ਹੋਰ ਕਈ ਵਿਦਆਰਥੀਆਂ ਵਾਂਗ। ਪਰ ਜਦੋਂ ਉਹ ਮਸਾਂ 14–15 ਸਾਲ ਦਾ ਹੀ ਹੋਇਆ ਉਹਦੀ ਰਾਜਨੀਤਕ ਸੂਝ ਬੂਝ ਬੜੀ ਤਿਖੀ ਹੋ ਗਈ।

ਉਸ ਜਦੋਂ 1932 ਵਿੱਚ ਮੈਟਰਕ ਪਾਸ ਕੀਤੀ ਤਾਂ ਇਹ ਸਮਾਂ ਭਾਰਤ ਦੇ ਇਤਿਹਾਸ ਵਿੱਚ ਉਥਲ ਪੁਥਲ ਦਾ ਸਮਾਂ ਸੀ ; ਭਗਤ ਸਿੰਘ ਨੂੰ ਫਾਂਸੀ ਤੇ ਟੰਗਿਆਂ ਹਾਲੇ ਥੋੜਾ ਹੀ ਸਮਾਂ ਹੋਇਆ ਸੀ। ਲੋਕਾਂ ਵਿੱਚ ਇਕ ਰੋਸ ਸੀ। ਅੰਗਰੇਜ਼ ਦੀ ਕਠੋਰਤਾ ਲਈ ਘਿਰਣਾ ਸੀ ਅਤੇ ਨੌਜਵਾਨਾਂ ਵਿੱਚ ਬਦਲੇ ਦੀ ਭਾਵਨਾ ਉਬਾਲੇ ਖਾ ਰਹੀ ਸੀ। ਭਾਰਤੀ ਭਾਵੇਂ ਅੰਗਰੇਜ਼ ਦੇ ਦਮਨ ਚੱਕਰ ਥਲੇ ਕਿਤਨੇ ਵੀ ਕਿਉਂ ਨਾ ਦਬੇ ਸਨ ਉਨ੍ਹਾਂ ਲਈ ਇਹ ਘੋਰ ਅਨਿਆਏ ਸਹਾਰਨਾ ਔਖਾ ਸੀ। ਨੌਜੁਆਨਾਂ ਦੇ ਡੌਲੇ ਫਰਕਣ ਲਗੇ ਅਤੇ ਉਨ੍ਹਾਂ ਦੀਆਂ ਰਗਾਂ ਵਿੱਚ ਖੂਨ ਉਬਲਣ ਲਗਾ। ਹਮਦਰਦ ਵੀ ਇਸ ਸਥਿਤੀ ਤੋਂ ਪਰਭਾਵਤ ਹੋ ਕੇ ਕਚੀਚੀਆਂ ਵਟਣ ਲਗਾ। ਉਧਰ ਗਾਂਧੀ ਜੀ ਵਲੋਂ ਅਹਿੰਸਾ ਤੇ ਅਧਾਰਤ ਨਾਮਿਲਵਰਤਣ ਲਹਿਰ ਬੁਰੀ ਤਰ੍ਹਾਂ ਅਸਫਲ ਹੋ ਗਈ ਸੀ। ਦੇਸ਼ ਵਿੱਚ ਹਰ ਪਾਸੇ ਨਿਰਾਸਤਾ ਦੇ ਬਦਲ ਛਾਏ ਹੋਏ ਸਨ, ਕਿਤੇ ਕੋਈ ਸੁਨਹਿਰੀ ਲਕੀਰ ਵਿਖਾਈ ਨਹੀਂ ਸੀ ਦੇਂਦੀ ਅਤੇ ਹਾਲ ਦੀ ਘੜੀ ਤਾਂ ਇਉਂ ਜਾਪਦਾ ਸੀ ਕਿ ਪ੍ਰਾਧੀਨਤਾ ਦੀਆਂ ਜੜ੍ਹਾਂ ਕਟਣੀਆਂ ਔਖੀਆਂ ਨਹੀਂ ਸਗੋਂ ਅਸੰਭਵ ਹੀ ਸਨ। ਹਮਦਰਦ ਦਾ ਵਿਸ਼ਵਾਸ ਬਝ ਚੁਕਿਆ ਸੀ ਕਿ ਕਾਂਗਰਸ ਕੋਲੋਂ ਕੁਝ ਨਹੀਂ ਬਣਨਾ ਜਿਹਦੇ ਵਿੱਚ ਡਰਪੋਕ ਲੋਕ ਆ ਸ਼ਾਮਲ ਹੋਏ ਹਨ ਅਤੇ ਕੇਵਲ ਮਹਾਨ ਕਰਾਂਤੀ ਹੀ ਦੇਸ਼ ਨੂੰ ਸਵਾਧੀਨਤਾ ਦਿਵਾ ਸਕਦੀ ਹੈ।

'ਹਮਦਰਦ' ਦਾ ਖੂਨ ਖੌਲਦਾ ਰਿਹਾ ਅਤੇ ਉਹ ਅੰਦਰੋਂ ਅੰਦਰੀਂ ਕਈ ਹੋਰ ਦੇਸ਼-ਵਾਸੀਆਂ ਵਾਂਗ ਸੁਤੰਤਰਤਾ ਸੰਗਰਾਮ ਵਿੱਚ ਕਦਣ ਲਈ ਨਵੀਆਂ ਨਵੀਆਂ ਵਿਉਂਤਾਂ ਬਣਾਂਦਾ ਰਿਹਾ। ਉਹ ਹੁਣ ਮੀਆਂ ਚੰਨੂੰ, ਜ਼ਿਲ੍ਹਾ ਮੁਲਤਾਨ ਵਿੱਚ ਰਹਿੰਦਾ ਸੀ ਜਿਥੇ ਉਹ ਡਾਕਟਰ ਉੱਤਮ ਸਿੰਘ ਸਾਥੀ ਹੋਰਾਂ ਕੋਲੋਂ ਮਾੜੀ ਮੋਟੀ ਡਾਕਟਰੀ ਵੀ ਸਿਖਦਾ ਸੀ। ਉਹ ਉਨ੍ਹਾਂ ਦੀ ਦੁਕਾਨ ਤੇ ਕੰਮ ਕਰਦਾ ਸੀ ਪਰ ਹਰ ਸਮੇਂ ਕਿਸੇ ਮਹਾਨ ਸੰਘਰਸ਼ ਵਿੱਚ ਪੈਰ ਰਖਣ ਲਈ ਤਰਲੋ ਮਛੀ ਹੋ ਰਿਹਾ ਸੀ। ਉਥੇ ਇਕ ਵੱਡੇ ਜ਼ਿਮੀਂਦਾਰ ਦਾ ਘਰ ਸੀ ਜਿਹੜਾ ਇਲਾਕੇ ਵਿੱਚ ਅੰਗਰੇਜ਼ ਦਾ ਪਿਠੂ ਮੰਨਿਆ ਹੋਇਆ ਸੀ ਅਤੇ ਸਾਧਾਰਣ ਲੋਕੀਂ ਉਸਨੂੰ ਘਿਰਣਾ ਦੀ ਨਜ਼ਰ ਨਾਲ ਵੇਖਦੇ ਸਨ। ਹਮਦਰਦ ਨੇ ਇਕ ਦਿਨ ਹੋਰ ਆਪਣੇ ਦੋ ਚਾਰ ਹਾਣੀਆਂ ਨਾਲ ਰਲ ਕੇ ਉਹਦਾ ਘਰ ਲੁਟਣ ਅਤੇ ਉਸ ਨੂੰ ਸਬਕ ਸਿਖਾਉਣ ਦੀ ਵਿਉਂਤ ਬਣਾਈ। ਪਰ ਜਦੋਂ ਸਾਰੇ ਜਣੇ ਉਹਦੇ ਘਰ ਪਹੁੰਚੇ ਤਾਂ ਇਤਨੇ ਜ਼ੋਰ ਦਾ ਝਖੜ ਝੁਲਿਆ ਮੀਂਹ ਵਰ੍ਹਿਆ ਅਤੇ ਹਨੇਰੀ ਆਈ ਕਿ ਉਹ ਆਪਣੇ ਕਾਰਜ ਵਿੱਚ ਸਫਲ ਨਾ ਹੋ ਸਕੇ ਅਤੇ ਇਵੇਂ ਹਮਦਰਦ ਆਪਣੇ ਦਿਲ ਦਾ ਗੁਬਾਰ ਨਾ ਕੱਢ ਸਕਿਆ।

ਹੁਣ ਹਮਦਰਦ ਨੂੰ ਅੰਗਰੇਜ਼ੀ ਸਰਕਾਰ ਵਲੋਂ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਅਤੇ ਉਹਦੇ ਤੇ ਕਰੜੀ ਨਿਗਰਾਨੀ ਰਖੀ ਜਾਂਦੀ। ਪੁਲੀਸ ਦਾ ਪੱਕਾ ਵਿਸ਼ਵਾਸ਼ ਸੀ ਕਿ ਉਹਦੇ ਵਿੱਚ ਕਰਾਂਤੀਕਾਰੀ ਦੇ ਜਰਾਸੀਮ ਵੜ ਗਏ ਹਨ ਜਿਨ੍ਹਾਂ ਨੂੰ ਸਹਿਜੇ ਕਢਣਾ ਔਖਾ ਹੈ। ਇਕ ਦਿਨ ਉਹ ਆਪਣੀ ਦੁਕਾਨ ਤੇ ਬੈਠਾ

ਹੋਇਆ ਸੀ ਕਿ ਜਿੱਥੇ ਇਕ ਅੰਗਰੇਜ਼ ਪੁਲੀਸ ਅਫ਼ਸਰ ਕੈਦੀ ਦੁਆਈ ਲੈਣ ਆਇਆ ਜਿਹਦੇ ਨਾਲ ਇਕ ਭਾਰਤੀ ਪੁਲੀਸ ਇੰਸਪੈਕਟਰ ਵੀ ਸੀ। ਇਹ ਸਬ-ਇੰਸਪੈਕਟਰ ਸਾਧੂ ਸਿੰਘ ਦਾ ਹਮਦਰਦ ਸੀ। ਇੰਸਪੈਕਟਰ ਨੇ ਜਦ ਅਫਸਰ ਨੂੰ ਦਸਿਆ ਕਿ ਇਹ ਤਾਂ ਸਾਧੂ ਸਿੰਘ ਹੈ ਤਦ ਉਸ ਅਫ਼ਸਰ ਨੇ ਉਹਦੇ ਕੋਲੋਂ ਦੁਆਈ ਲੈਣ ਤੋਂ ਹੀ ਨਾਂਹ ਕਰ ਦਿੱਤੀ ਅਤੇ ਇੰਸਪੈਕਟਰ ਨੂੰ ਹੁਕਮ ਦਿੱਤਾ ਕਿ ਉਹਦੀ ਚੰਗੀ ਤਰ੍ਹਾਂ ਦੇਖ ਭਾਲ ਕੀਤੀ ਜਾਏ ਅਤੇ ਉਹਦੀ ਤਲਾਸ਼ੀ ਲਈ ਜਾਏ। ਜਦੋਂ ਤਲਾਸ਼ੀ ਲੈਣ ਲੱਗੇ ਤਾਂ ਅੰਗਰੇਜ਼ ਅਫ਼ਸਰ ਦਾ ਹੱਥ ਆਪਣੇ ਪਸਤੌਲ ਤੇ ਸੀ ਤੇ ਸਬ-ਇੰਸਪੈਕਟਰ ਤਲਾਸ਼ੀ ਲੈ ਰਿਹਾ ਸੀ। ਉਸ ਨੇ ਉਹ ਤਸਵੀਰਾਂ ਸਤਿਆਰਥ ਪਰਕਾਸ਼ ਵਿੱਚੋਂ ਨੋਟ ਕਰ ਲਈਆਂ ਜੋ ਸਤਿਆਰਥ ਪਰਕਾਸ਼ ਵਿਚ ਸਨ। ਸਾਧੂ ਸਿਘ ਵੀ ਅਡੋਲ ਖੜਾ ਤਾੜ ਰਿਹਾ ਸੀ। 'ਨਥਿੰਗ ਸਰ' ਕੁਝ ਨਹੀਂ ਆਖ ਕੇ ਜਦੋਂ ਸਬ-ਇੰਸਪੈਕਟਰ ਨੇ ਉਸਦਾ ਕਪੜਿਆਂ ਦਾ ਟਰੰਕ ਤੇ ਬਿਸਤਰਾ ਦੂਰ ਵਗਾਹ ਮਾਰੇ, ਤਾਂ ਅੰਗਰੇਜ਼ ਅਫਸਰ ਮੁਸਕਰਾ ਕੇ ਕਹਿਣ ਲੱਗਾ, 'ਟੂਮ ਕਿਸਮਟ ਵਾਲਾ ਹੈ ਤੇ ਬਚ ਗਿਆ ਹੈ।' ਸਾਧੂ ਸਿੰਘ ਨੇ ਅਡੋਲਤਾ ਨਾਲ ਕਿਹਾ, 'ਥੈਂਕ ਯੂ' (ਧੰਨਵਾਦ) ਤਾਂ ਅੰਗਰੇਜ਼ ਨੇ ਕਹਿਆ, 'ਵਹਾਟ' (ਕਿਆ ?) ਸਬ-ਇੰਸਪੈਕਟਰ ਨੇ 'ਹਮਦਰਦ' ਨੂੰ ਝਾੜ ਕੇ ਕਹਿਆ 'ਬਚਕੇ ਰਹਿ ਓਏ ਤੇਰੇ ਬਰਖਿਲਾਫ ਬਹੁਤ ਸ਼ਿਕਾਇਤਾਂ ਆਈਆਂ ਹਨ।' ਅਤੇ ਜਦੋਂ ਸਬ-ਇੰਸਪੈਕਟਰ ਅਫਸਰ ਨੂੰ ਖਾਨੇਵਾਲ ਦੀ ਗੱਡੀ ਚੜ੍ਹਾਕੇ ਵਾਪਸ ਦੁਕਾਨ ਤੇ ਆਇਆ ਤਾਂ ਉਸ ਨੇ ਸਤਿਆਰਥ ਪਰਕਾਸ਼ ਵਿਚ ਦੀਆਂ ਤਸਵੀਰਾਂ ਵੇਖੀਆਂ। ਇਨ੍ਹਾਂ ਤਸਵੀਰਾਂ ਵਿੱਚ ਬਹਾਦਰ ਹਰੀਕਿਸ਼ਨ ਦੀ ਫੋਟੋ ਵੀ ਸ਼ਾਮਲ ਸੀ ਜਿਸਨੇ ਗਵਰਨਰ ਪੰਜਾਬ ਸਰ ਮੌਂਟ ਮਾਰੰਸ ਤੇ ਗੋਲੀ ਚਲਾਈ ਸੀ ਤੇ ਫਾਹੇ ਟੰਗਿਆ ਗਿਆ ਸੀ। ਇਸ ਤੋਂ ਬਿਨਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਤਸਵੀਰਾਂ ਸਨ। ਹਮਦਰਦ ਹਾਲੇ ਵੀ ਅਡੋਲ ਖਲੋਤਾ ਸੀ। ਉਸ ਨੂੰ ਅੰਗਰੇਜ਼ੀ ਪੁਲੀਸ ਦਾ ਕੋਈ ਡਰ ਭੈਅ ਨਹੀਂ ਸੀ ਪਰ ਇਵੇਂ ਪਰਤੀਤ ਹੁੰਦਾ ਹੈ ਕਿ ਇੰਸਪੈਕਟਰ ਹਮਦਰਦ ਦੀ ਜੁਆਨੀ ਤੇ ਤਰਸ ਖਾ ਗਿਆ ਤੇ ਲੱਗਾ ਉਸਨੂੰ ਉਪਦੇਸ਼ ਦੇਣ। ਉਸ ਪੂਰਾ ਇਕ ਘੰਟਾ ਭਾਸ਼ਣ ਝਾੜਿਆ 'ਹਮਦਰਦ ਤੈਨੂੰ ਇਸ ਭੈੜੇ ਰਾਹ ਤੇ ਨਹੀਂ ਤੁਰਨਾ ਚਾਹੀਦਾ।' ਉਸ ਤਸਵੀਰਾਂ ਪਾੜ ਸੁਟੀਆਂ ਅਤੇ ਹੋਰ ਵੀ ਉਚਾ ਨੀਵਾਂ ਬੋਲਦਾ ਰਿਹਾ।

ਖੰਗੇ ਦੀ ਪੁਲੀਸ ਉਸ ਨੂੰ ਚੌਧਰੀ ਸ਼ੇਰ ਸਿੰਘ ਦੀ ਪਾਰਟੀ ਦਾ ਆਦਮੀ ਸਮਝਦੀ ਸੀ। ਉਥੋਂ ਦਾ ਜ਼ੈਲਦਾਰ ਬਰਾਬਰ ਰਪੋਰਟਾਂ ਭੇਜਦਾ ਰਿਹਾ ਕਿ ਜੇ ਇਸ ਲੜਕੇ ਨੂੰ ਡਰਾ ਧਮਕਾ ਕੇ ਪੁਛਿਆ ਜਾਏ ਤਾਂ ਇਹ ਪਾਰਟੀ ਦੇ ਭੇਤ ਦੱਸ ਦਏਗਾ। ਇਸੇ ਲਈ ਪੁਲੀਸ ਸਾਧੂ ਸਿਘ ਨੂੰ ਫੜਕੇ ਲੈ ਗਈ। ਮੁਸਲਮਾਨ ਥਾਨੇਦਾਰ ਉਸਦਾ ਹਮਦਰਦ ਸੀ ਇਸ ਲਈ ਉਸਨੇ ਇਕ ਸਿਖ ਸਿਪਾਹੀ ਦੀ ਡਿਊਟੀ ਲਗਾ ਦਿੱਤੀ ਕਿ ਉਸਤੋਂ ਦੋ ਘੰਟੇ ਹਰ ਰੋਜ਼ ਪੁਛਗਿੱਛ ਕਰ ਲਿਆ ਕਰੇ ਤੇ ਫੇਰ ਛਡ ਦਿਆ ਕਰੇ। ਚੌਥੇ ਦਿਨ ਸਿਖ ਸਿਪਾਹੀ ਨੇ ਸਮਝਿਆ ਕਿ ਸਾਧੂ ਸਿੰਘ ਖਚਰ-ਵਿਦਿਆ ਨਾਲ ਜਵਾਬ ਦੇ ਰਿਹਾ ਹੈ। ਉਸਨੇ ਉਸ ਦੇ ਜ਼ੋਰ ਦਾ ਥੱਪੜ ਮਾਰਿਆ। ਉਹ ਗਾਲੀਆਂ ਤਾਂ ਪਹਿਲਾਂ ਹੀ ਕੱਢ ਰਿਹਾ ਸੀ। ਇਸਤੋਂ

'ਹਮਦਰਦ' ਨੇ ਪਰੋਟੈਸਟ ਕੀਤਾ ਤੇ ਗਾਲੀਆਂ ਤੋਂ ਬਾਜ਼ ਆਉਣ ਲਈ ਆਖਦਿਆ ਕਿਹਾ, 'ਜਿਸ ਦਿਨ ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰ ਲਿਆ ਤੇਰੇ ਵਰਗੇ ਗਦਾਰਾਂ ਨੂੰ ਗੋਲੀਆਂ ਮਾਰਕੇ ਤੜਫਦੀਆਂ ਲਾਸ਼ਾਂ ਨੂੰ ਚੌਰਾਹਿਆਂ ਵਿੱਚ ਫਾਂਸੀਆਂ ਤੇ ਲਟਕਾ ਦਿਆਂਗੇ।' ਇਸਤੇ ਸਿਪਾਹੀ ਨੇ ਹਮਦਰਦ ਦੀ ਥਪੜਾਂ, ਮੁਕਿਆਂ ਅਤੇ ਠੁੱਡਿਆਂ ਨਾਲ ਬੜੀ ਸੇਵਾ ਕੀਤੀ। ਇਕੋ ਗੱਲ ਆਖੀ ਜਾਏ, "ਉਇ ਜਿਸ ਅੰਗਰੇਜ਼ੀ ਸਲਤਨਤ ਤੇ ਸੂਰਜ ਨਹੀਂ ਡੁਬਦਾ ਉਸਨੂੰ ਤੂੰ ਹਿੰਦੁਸਤਾਨ ਵਿਚੋਂ ਕਢ ਦਏਂਗਾ। ਆਪਣੀ ਬੂਥੀ ਤਾਂ ਵੇਖ।" ਖੜਕਾ ਸੁਣਕੇ ਹਮਦਰਦ ਮੁਸਲਮਾਨ ਇੰਸਪੈਕਟਰ ਉਥੇ ਆ ਗਿਆ। ਉਸਨੂੰ ਵੀ ਸਿਖ ਸਿਪਾਹੀ ਇਹੋ ਆਖੀ ਜਾਏ, 'ਸਾਹਿਬ। ਇਹ ਮੂਰਖ ਜਿਹਾ ਕਹਿੰਦਾ ਹੈ ਕਿ ਅਸੀਂ ਅੰਗਰੇਜ਼ ਨੂੰ ਕਢ ਦੇਣਾ ਹੈ, ਉਸ ਅੰਗਰੇਜ਼ ਨੂੰ ਜਿਸਦੀ ਸਲਤਨਤ ਤੇ ਕਦੀ ਸੂਰਜ ਨਹੀਂ ਡੁਬਦਾ, ਸ਼ਕਲ ਤਾਂ ਦੇਖੋ ਇਸਦੀ।' ਥਾਣੇਦਾਰ ਨੇ ਕਿਹਾ, 'ਇਸ ਨੂੰ ਮਾਰ ਨਾ ਜੇ ਹੁਣ ਵਿੰਗੇ ਟੇਢੇ ਜਵਾਬ ਦੇਵੇ ਤਾਂ ਮੇਰੇ ਪਾਸ ਲੈ ਆਈਂ, ਮੈਂ ਇਸ ਨੂੰ ਗੋਲੀ ਮਾਰ ਦਿਆਂਗਾ, ਬੜਾ ਤੰਗ ਕੀਤਾ ਹੈ ਇਸਨੇ।' ਇਹ ਕਹਿਕੇ ਉਹ ਉਸਨੂੰ ਇਸ਼ਾਰੇ ਨਾਲ ਲੈ ਗਿਆ। ਮਹਿੰਦਰ ਦੇ ਪਿਛੇ ਜਾ ਕੇ ਉਸ ਨੂੰ ਕਿਹਾ, 'ਓਇ ਮੈਂ ਤਾਂ ਤੈਨੂੰ ਇਹ ਬਲਰ ਜਿਹਾ ਇਸ ਲਈ ਦਿਤਾ ਸੀ ਕਿ ਤੂੰ ਸਿਖ ਏਂ ਇਸ ਦਾ ਲਿਹਾਜ਼ ਕਰੇਂਗਾ ਪਰ ਤੂੰ ਉਸ ਨੂੰ ਮਾਰ ਮਾਰ ਕੇ ਉਸਦਾ ਬੁਰਾ ਹਾਲ ਕਰ ਦਿਤਾ ਹੈ। ਤੈਂ ਕੋਈ ਅਗਰੇਜ਼ ਨੂੰ ਇਥੇ ਰਖਣ ਦਾ ਠੇਕਾ ਲਿਆ ਹੋਇਆ ਹੈ ? ਜਾਹ ਹੋਰ ਚਾਰ ਦਿਨ ਪੁਛ ਗਿਛ ਕਰਕੇ ਲਿਖ ਦੇਹ ਕਿ ਇਹ ਮਾਸੂਮ ਜੇਹਾ ਆਦਮੀ ਹੈ ਤੇ ਇਨਕਲਾਬ ਨਹੀਂ। ਮੈਂ ਆਪੇ ਸਮਝ ਲਵਾਂਗਾ।'

ਇਸ ਤੋਂ ਅਗਲਾ ਸਮਾਂ ਹਮਦਰਦ ਦੇ ਜੀਵਨ ਵਿੱਚ ਵਿਸ਼ੇਸ਼ ਮਹਾਨਤਾ ਰਖਦਾ ਹੈ। ਹੁਣ ਉਸਦਾ ਸਬੰਧ ਸਮੇਂ ਦੇ ਪ੍ਰਸਿੱਧ ਪਤਰਕਾਰ ਸਰਦਾਰ ਮੁਨਸ਼ਾ ਸਿੰਘ ਦੁਖੀ ਨਾਲ ਹੋਇਆ। ਉਦੋਂ ਹਮਦਰਦ ਨੇ 1932 ਵਿਚ ਦਸਵੀਂ ਪਾਸ ਕੀਤੀ ਹੀ ਸੀ। ਉਸਨੂੰ ਨਾ ਕੇਵਲ ਸਮਾਚਾਰ-ਪਤਰ ਪੜ੍ਹਨ ਦਾ ਹੀ ਸ਼ੌਕ ਸੀ ਸਗੋਂ ਉਹ ਮਿਤ੍ਰਾਂ ਨੂੰ ਵੀ ਪੜ੍ਹਕੇ ਸੁਨਾਣ ਵਿੱਚ ਖੁਸ਼ੀ ਪ੍ਰਤੀਤ ਕਰਦਾ ਸੀ। ਮੀਆਂ ਚੰਨੂ ਤੋਂ ਦੁਖੀ ਸਾਹਿਬ ਇਕ ਮਾਸਕ ਪੱਤਰ 'ਵਿਹਾਰ ਸੁਧਾਰ' ਕਢਦੇ ਸਨ। ਜਿਹਦੇ ਵਿਚ ਹਮਦਰਦ ਲੇਖ ਲਿਖਿਆ ਕਰਦਾ ਸੀ। ਅਜ ਜੇਕਰ ਉਹ ਪੱਤਰਕਾਰੀ ਦੇ ਉਚ ਖੇਤਰ ਵਿੱਚ ਅਪੜ ਗਿਆ ਹੈ ਤਾਂ ਇਸ ਦਾ ਕਾਰਨ ਇਹ ਹੈ ਕਿ ਉਹਦੀਆ ਨੀਹਾਂ ਵਿੱਚ ਪਥਰ ਤੇ ਸੀਮਿੰਟ ਭਰਿਆ ਗਿਆ ਸੀ। ਉਹਦੀ ਕਲਮ ਵਿੱਚ ਜਾਨ ਪੈ ਗਈ ਸੀ ਤੇ ਉਹਦੀ ਸ਼ੈਲੀ ਇਕ ਵਿਸ਼ੇਸ਼ ਰੂਪ ਧਾਰਨ ਕਰ ਗਈ ਸੀ।

1935 ਵਿੱਚ 'ਹਮਦਰਦ' ਜਦੋਂ ਮਿੰਟਗੁਮਰੀ ਆ ਟਿਕਿਆ ਤਾਂ ਉਥੋਂ ਦੋ ਸਪਤਾਹਕ ਪਰਚੇ 'ਉਪਕਾਰ' ਤੇ 'ਪ੍ਰਕਾਸ਼' ਨਿਕਲਦੇ ਸਨ। ਭਾਵੇਂ ਇਨ੍ਹਾਂ ਪਰਚਿਆ ਤੇ ਸੰਪਾਦਕ ਦੇ ਰੂਪ ਵਿਚ ਹਮਦਰਦ ਦਾ ਨਾਂ ਨਹੀਂ ਸੀ ਛੱਪਦਾ ਪਰ ਅਸਲ ਵਿੱਚ ਉਹ ਇਨ੍ਹਾਂ ਦੋਹਾਂ ਪਰਚਿਆਂ ਦੀ ਸੰਪਾਦਨਾ ਕਰਦਾ ਸੀ। ਹੁਣ ਹਮਦਰਦ ਦੀ ਸ਼ੈਲੀ ਨਿਖਰ ਆਈ ਸੀ।

ਹਮਦਰਦ ਹੁਣ ਭਰ ਜਵਾਨੀ ਵਿੱਚ ਸੀ। ਜਾਂ ਇਸ ਤਰ੍ਹਾਂ ਕਹਿ ਲਿਆ ਜਾਏ ਕਿ ਉਸ ਹੁਣ

ਉਸ ਉਮਰ ਵਿੱਚ ਪੈਰ ਧਰਿਆ ਸੀ ਜਦੋਂ ਬੰਦੇ ਨੂੰ ਆਪਣੀ ਸੁਧ ਬੁਧ ਨਹੀਂ ਰਹਿੰਦੀ। ਇਸ ਉਮਰ ਵਿੱਚ ਭਾਵੇਂ ਬੰਦੇ ਦੀ ਜੇਬ ਵਿੱਚ ਪੈਸੇ ਹੋਣ ਤੇ ਭਾਵੇਂ ਨਾ ਹੋਣ, ਬੰਦਾ ਇਸ ਮੰਦਹਾਲੀ ਵਿੱਚ ਵੀ ਹੁੰਕਾਰਾ ਮਾਰਦਾ ਫਿਰਦਾ ਹੈ। ਮਨੁੱਖ ਆਪ ਹੀ ਨਹੀਂ ਜਾਣਦਾ ਕਿ ਉਹ ਜਵਾਨੀ ਦੇ ਵੇਗ ਵਿੱਚ ਕਿਧਰ ਵਹਿੰਦਾ ਜਾਂਦਾ ਹੈ।

ਹਮਦਰਦ ਦੇ ਜੀਵਨ ਵਿੱਚ ਇਕ ਅਤਿ ਅਮੀਰ ਘਰਾਣੇ ਦੀ ਕੁੜੀ ਆਈ। ਉਹ ਕੁੜੀ ਨਾ ਕੇਵਲ ਉਹਦੇ ਅੰਗ ਅੰਗ ਵਿਚ ਸਮਾ ਹੀ ਗਈ ਸਗੋਂ ਉਹਦਾ ਇਸ਼ਟ ਬਣ ਗਈ। ਉਦੋਂ ਅਸਫਲਤਾ ਨਾਂ ਦੀ ਚੀਜ਼ ਤੋਂ ਹਮਦਰਦ ਅਨਜਾਣ ਸੀ। ਉਹ ਆਪਣੀਆਂ ਬਾਹਾਂ ਦੀ ਸ਼ਕਤੀ ਨਾਲ ਸਭ ਕੁਝ ਪਰਾਪਤ ਕਰਨ ਦਾ ਸਾਹਸ ਰਖਦਾ ਸੀ। ਪਰ ਉਦੋਂ ਸ਼ਾਇਦ ਉਹ ਨਹੀਂ ਸੀ ਜਾਣਦਾ ਕਿ ਬਾਹਾਂ ਦੀ ਸ਼ਕਤੀ ਹੀ ਸਭ ਕੁਝ ਨਹੀਂ ਸਗੋਂ ਮਨੁੱਖ ਦੀ ਹੋਂਦ ਦਾ ਸਾਰਾ ਤਾਣਾ ਬਾਣਾ ਆਰਥਕਤਾ ਦੇ ਆਧਾਰ ਤੇ ਉਣਿਆ ਹੋਇਆ ਹੈ। ਆਰਥਕਤਾ ਨਾ–ਬਰਾਬਰ ਮਨੁਖ ਦੇ ਸੱਚੇ ਤੇ ਸੁਚੇ ਪਿਆਰ ਵਿੱਚ ਵੀ ਰੋੜਾ ਅਟਕਾ ਸਕਦੀ ਹੈ ਤੇ ਮਨੁੱਖ ਬੇਬਸ ਖਲੋਤਾ ਹੋਣੀ ਦੇ ਕਰਿਸ਼ਮੇ ਵੇਖਦਾ ਰਹਿੰਦਾ ਹੈ। ਉਹਦੇ ਡੌਲੇ ਭਾਵੇਂ ਫੜਕਦੇ ਰਹਿਣ ਉਹ ਅਪਣੇ ਆਪ ਨੂੰ ਸ਼ਕਤੀਹੀਨ ਹੀ ਸਮਝਦਾ ਹੈ ਇਸ ਲਈ ਹਮਦਰਦ ਵੀ ਕਿਸੇ ਅਮੀਰ ਕੁੜੀ ਨੂੰ ਪਿਆਰ ਕਰਨ ਦਾ ਅਧਿਕਾਰ ਰਖਦਾ ਸੀ। ਕੁੜੀ ਦੇ ਮਾਂ ਪਿਓ ਕਦਾਚਿਤ ਆਪਣੀ ਕੁੜੀ ਦਾ ਹੱਥ ਕਿਸੇ ਗਰੀਬ ਮੁੰਡੇ ਦੇ ਹੱਥ ਵਿੱਚ ਫੜਾ ਸਕਦੇ ਸਨ, ਇਹ ਇਕ ਅਨਹੋਣੀ ਗੱਲ ਸੀ। ਪਰ ਜਾਪਦਾ ਇਵੇਂ ਸੀ ਕਿ ਉਦੋਂ ਦੋਹਾਂ ਮੁੰਡੇ ਕੁੜੀ ਵਿੱਚ ਕਹਿਰਾਂ ਦਾ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਉਨ੍ਹਾਂ ਘਰੋਂ ਦੌੜਨ ਦੀ ਵਿਉਂਤ ਬਣਾ ਲਈ। ਉਦੋਂ ਉਹ ਨਹੀਂ ਸਨ ਜਾਣਦੇ ਕਿ ਉਨ੍ਹਾਂ ਦਾ ਅੰਤਮ ਹਸ਼ਰ ਕੀ ਹੋਏਗਾ। ਪਰ ਜਿਸ ਦਿਨ ਉਨ੍ਹਾਂ ਦੀ ਵਿਉਂਤ ਸਿਰੇ ਚੜ੍ਹਨੀ ਸੀ ਇਕ ਇਹੋ ਜਿਹਾ ਵਿਅਕਤੀ ਹਮਦਰਦ ਦੇ ਜੀਵਨ ਵਿੱਚ ਆਇਆ ਜਿਸ ਨੇ ਉਸਦੀ ਜੀਵਨ ਨਦੀ ਦਾ ਵਹਿਣ ਬਦਲ ਕੇ ਰਖ ਦਿੱਤਾ। ਇਸ ਵਿਅਕਤੀ ਨੇ ਜਿਹੜਾ ਸਕੂਲ ਮਾਸਟਰ ਸੀ। ਹਮਦਰਦ ਨੂੰ ਇਸ ਕੰਡੇ ਭਰੇ ਰਾਹ ਤੇ ਚਲਣ ਤੋਂ ਰੋਕ ਦਿੱਤਾ। ਉਹ ਉਹਦੇ ਰਾਹ ਵਿੱਚ ਆਪ ਦੀਵਾਰ ਬਣਕੇ ਖਲੋ ਗਿਆ ਅਤੇ ਉਸ ਹਮਦਰਦ ਨੂੰ ਇਕ ਡੂੰਘੀ ਖਾਈ ਵਿੱਚ ਡਿਗਣ ਤੋਂ ਬਚਾ ਲਿਆ ਨਹੀਂ ਤਾਂ ਉਸ ਸਮੇਂ ਕਿਸੇ ਵੱਡੇ ਘਰ ਦੀ ਕੁੜੀ ਦਾ ਘਰੋਂ ਦੌੜਨਾ ਕਿਸ ਸਹਾਰਨਾ ਸੀ ਅਤੇ ਹਮਦਰਦ ਨੂੰ ਇਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਣਾ ਸੀ ਕਿ ਉਸ ਨਿਢਾਲ ਹੋ ਚੂਰ ਚੂਰ ਹੋ ਜਾਣਾ ਸੀ।

1937 ਵਿੱਚ ਹਮਦਰਦ ਮਿੰਟਗੁਮਰੀ ਤੋਂ ਅੰਮ੍ਰਿਤਸਰ ਆ ਗਿਆ। ਰੋਜ਼ਗਾਰ ਦੀ ਭਾਲ ਵਿੱਚ ਪੇਟ ਦੀ ਅੱਗ ਬੁਝਾਣ ਲਈ ਤਾਂ ਹਰ ਕਿਸੇ ਨੂੰ ਘੋਲ ਕਰਨਾ ਹੀ ਪੈਂਦਾ ਹੈ। ਪਰ ਹਮਦਰਦ ਨੂੰ ਜਿਹੜਾ ਸੰਘਰਸ਼ ਕਰਨਾ ਪਿਆ ਅਤੇ ਉਸ ਜਿਨ੍ਹਾਂ ਔਕੜਾਂ ਦਾ ਸਾਹਮਣਾ ਕੀਤਾ ਉਹਦੀ ਉਦਾਹਰਣ ਘਟ ਹੀ ਮਿਲਦੀ ਹੈ। ਅੱਜ ਹਮਦਰਦ ਜਿਸ ਟੀਸੀ ਤੇ ਪਹੁੰਚਿਆ ਹੋਇਆ ਹੈ, ਉਹ ਇਕ ਚੰਗੇ ਵਧੀਆ ਦੈਨਿਕ ਸਮਾਚਾਰ ਪੱਤਰ 'ਅਜੀਤ' ਦਾ ਮਾਲਕ ਹੈ, ਇਸਨੂੰ ਇਹ ਪਦਵੀ ਕੋਈ ਵਿਰਸੇ ਵਿੱਚ ਨਹੀਂ ਮਿਲੀ ਅਤੇ ਨਾ ਹੀ ਉਸ ਨੂੰ ਕਿਤੋਂ ਤੁਹਫੇ

ਵਜੋਂ ਮਿਲ ਗਈ ਹੈ ਸਗੋਂ ਇਹ ਉਹਦੀ ਆਪਣੀ ਮਿਹਨਤ ਦ੍ਰਿੜਤਾ ਅਤੇ ਸਾਹਸ ਦੇ ਸਿਰੜ ਸਦਕਾ ਹੈ। ਉਹ ਕੰਮ ਕਰਦਿਆਂ ਨਹੀਂ ਘਬਰਾਉਂਦਾ ਅਤੇ ਨਾ ਹੀ ਉਸ ਨੂੰ ਛੋਟੇ ਤੋਂ ਛੋਟੇ ਕੰਮ ਕਰਨ ਵਿਚ ਕੋਈ ਸ਼ਰਮ ਹੈ। ਅੰਮ੍ਰਿਤਸਰ ਆ ਕੇ ਹਮਦਰਦ ਚੀਫ਼ ਖਾਲਸਾ ਦੀਵਾਨ ਦੀ ਨੌਕਰੀ ਕਰਨ ਲੱਗਾ। ਤਨਖਾਹ ਭਾਵੇਂ ਕੇਵਲ 30 ਰੁਪਏ ਮਹੀਨਾ ਹੀ ਸੀ ਪਰ ਜ਼ਿੰਮੇਵਾਰੀ ਨਾਲ ਉਹਦੇ ਮੋਢੇ ਝੁਕੇ ਹੋਏ ਸਨ। ਉਹ ਹਫ਼ਤੇ ਵਿੱਚ ਤਿੰਨ ਵਾਰ ਛਪਣ ਵਾਲੇ ਅਖ਼ਬਾਰ 'ਖਾਲਸਾ' ਤੇ 'ਖਾਲਸਾ ਐਡਵੋਕੇਟ' ਦਾ ਮੈਨੇਜਰ ਸੀ। ਉਸ ਸਮੇਂ ਚੀਫ਼ ਖਾਲਸਾ ਦੀਵਾਨ ਸਿਖਾਂ ਦੀ ਪ੍ਰਮੁਖ ਸੰਸਥਾ ਸੀ ਜਿਹਦੇ ਆਲੇ ਦੁਆਲੇ ਸਿਖਾਂ ਦਾ ਪੜ੍ਹਿਆ ਲਿਖਿਆ ਤੇ ਧਨਾਢ ਤਬਕਾ ਇਕੱਤਰ ਹੋ ਗਿਆ ਸੀ। ਇਹ ਸੰਸਥਾ ਅੰਗਰੇਜ਼ ਦੀ ਹਮਾਇਤੀ ਸੀ ਤੇ ਸਿਖਾਂ ਦੀ ਵਿਦਿਅਕ ਤੌਰ ਤੇ ਸੇਵਾ ਕਰਦੀ ਸੀ। 'ਹਮਦਰਦ' ਕਿਉਂਕਿ ਇਸ ਜਮਾਤ ਨਾਲ ਸਹਿਮਤ ਨਹੀਂ ਸੀ ਇਸ ਲਈ ਉਹ ਇਸ ਅਖ਼ਬਾਰ ਵਿੱਚ ਲਿਖਦਾ ਨਹੀਂ ਸੀ। ਦੂਜੇ ਅਖ਼ਬਾਰਾਂ 'ਚ ਉਸ ਦੇ ਲੇਖ ਤੇ ਕਵਿਤਾਵਾਂ ਜ਼ਰੂਰ ਛਪਦੇ ਸਨ

ਹੁਣ ਹਮਦਰਦ ਦੇ ਜੀਵਨ ਦੀ ਇਕ ਹੋਰ ਦੁਖਦਾਇਕ ਘਟਨਾ ਵਾਪਰੀ। ਉਹਦਾ ਜੀਵਨ ਸਾਥੀ ਉਹਦੇ ਕੋਲੋਂ ਵਿਛੜ ਗਿਆ ਤੇ ਉਹ ਇਸ ਭਰੇ ਸੰਸਾਰ ਵਿੱਚ ਇਕਲਾ ਰਹਿ ਗਿਆ। ਇਹ ਸੱਟ ਵੀ ਡਾਢੀ ਸੀ ਪਰ ਹੋਣੀ ਅੱਗੇ ਮਨੁੱਖ ਨੂੰ ਆਪਣਾ ਸਿਰ ਝੁਕਾਣਾ ਹੀ ਪੈਂਦਾ ਹੈ। ਵਿਆਹ ਤੋਂ ਚਾਰ ਮਹੀਨੇ ਪਿੱਛੋਂ ਹੀ ਇਹ ਘਟਨਾ ਵਾਪਰ ਗਈ ਸੀ ਤੇ 'ਹਮਦਰਦ' ਨੇ ਅਜੇ ਮੁਕਲਾਵਾ ਵੀ ਨਹੀਂ ਸੀ ਲਿਆਂਦਾ। ਸਮਾਂ ਤੇਜ਼ੀ ਨਾਲ ਬੀਤ ਰਿਹਾ ਸੀ। 1938 ਵਿੱਚ ਹਮਦਰਦ ਦਾ ਮੁੜ ਵਿਆਹ ਸ੍ਰੀਮਤੀ ਨਿਰੰਜਨ ਕੌਰ ਨਾਲ ਹੋ ਗਿਆ। ਉਸ ਨੂੰ ਇਕ ਸਾਥੀ ਦੀ ਲੋੜ ਸੀ ਜਿਹੜਾ ਉਸ ਨੂੰ ਮਿਲ ਗਿਆ ਅਤੇ ਉਹਦੇ ਮਨ ਨੂੰ ਕੁਝ ਟਿਕਾ ਮਿਲ ਗਿਆ। ਸ੍ਰੀਮਤੀ ਨਿਰੰਜਨ ਕੌਰ ਨਾ ਕੇਵਲ ਘਰ ਵਿੱਚ ਹੀ ਹਮਦਰਦ ਦਾ ਸਾਥ ਨਿਭਾਉਂਦੀ ਹੈ ਸਗੋਂ ਉਹ ਉਹਦੇ ਵਪਾਰ ਦੇ ਪ੍ਰਬੰਧ ਵਿੱਚ ਵੀ ਹੱਥ ਵਟਾਉਂਦੀ ਹੈ। ਉਹ ਇਕ ਆਗਿਆਕਾਰ ਪਤਨੀ ਹੈ ਅਤੇ 'ਅਜੀਤ' ਅਦਾਰੇ ਉਪਰ ਬੜੀ ਤਿਖੀ ਨਜ਼ਰ ਰਖਦੀ ਹੈ। ਹਮਦਰਦ ਦੇ ਤਿੰਨ ਲੜਕੇ ਹਨ। ਉਹਦਾ ਵੱਡਾ ਲੜਕਾ ਜਤਿੰਦਰ ਸਿੰਘ ਉਹਦੇ ਪਰੈਸ ਦੇ ਕੰਮ ਵਿੱਚ ਸਾਥ ਦਿੰਦਾ ਹੈ, ਤੇ ਛੋਟੇ ਦੋਵੇਂ ਲੜਕੇ ਬਰਜਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਅਜੇ ਵਿਦਿਆਰਥੀ ਹਨ। ਹਮਦਰਦ ਨੂੰ ਹਾਲੇ ਆਪਣੀ ਮਾਤਾ ਜੀ ਸ੍ਰੀ ਮਤੀ ਖੁਸ਼ਹਾਲ ਕੌਰ ਦੀ ਛਾਂ ਪ੍ਰਾਪਤ ਹੈ ਅਤੇ ਉਹ 90 ਵਰ੍ਹਿਆਂ ਦੀ ਆਯੂ ਵਿੱਚ ਵੀ ਹਮਦਰਦ ਨੂੰ ਬੋਹੜ ਦੇ ਰੁਖ ਵਾਂਗ ਛਾਂ ਦੇ ਰਹੇ ਹਨ।

ਹੁਣ ਹਮਦਰਦ ਅੰਮ੍ਰਿਤਸਰ ਵਿੱਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਵਿੱਚ ਆ ਗਿਆ ਸੀ। 1940 ਵਿੱਚ ਉਸ ਖਾਲਸਾ ਕਾਲਜ ਅੰਮ੍ਰਿਤਸਰ ਦੇ ਕੈਯੂਅਲ ਵਿਦਿਆਰਥੀ ਦੇ ਰੂਪ ਵਿੱਚ ਬੀ. ਏ. ਪਾਸ ਕਰ ਲਈ ਸੀ।

1942 ਵਿੱਚ ਜਦੋਂ 'ਭਾਰਤ ਛੋੜੋ' ਅੰਦੋਲਨ ਚਲਿਆ ਅਤੇ ਸਾਰਾ ਦੇਸ਼ ਇਕ ਵੱਡੇ ਸ਼ਕਤੀਸ਼ਾਲੀ ਤੂਫ਼ਾਨ ਦੀ ਜ਼ਦ ਵਿੱਚ ਆ ਗਿਆ ਤਾਂ ਹਮਦਰਦ ਉਸ ਸਮੇਂ ਗੁਰਦੁਆਰਾ ਕਮੇਟੀ ਦਾ ਪਬਲੀਸਿਟੀ ਇੰਚਾਰਜ ਸੀ। ਸਾਰਾ ਦੇਸ਼ ਇਕ ਭੜਕਦੀ

ਅੱਗ ਦੀ ਲਪੇਟ ਵਿੱਚ ਆ ਗਿਆ ਸੀ ਤੇ ਦੇਸ਼ ਦੇ ਆਕਾਸ਼ ਤੇ ਕਾਲੇ ਬਦਲ ਮੰਡਲਾ ਰਹੇ ਸਨ । ਦੇਸ਼ ਦੇ ਮਹਾਨ ਨੇਤਾ ਜੇਹਲਾਂ 'ਚ ਬੰਦ ਸਨ ਅਤੇ ਹਰ ਪਾਸੇ ਅੰਧਕਾਰ ਮਚਿਆ ਹੋਇਆ ਸੀ । ਅੰਗਰੇਜ਼ ਦਮਨ ਚੱਕਰ ਪੂਰੇ ਜ਼ੋਰਾਂ ਤੇ ਸੀ । ਹਰ ਪਾਸੇ ਸਹਿਮ ਤੇ ਨਿਰਾਸਤਾ ਛਾਈ ਹੋਈ ਸੀ । ਪੰਜਾਬ ਵਿੱਚ ਭਾਵੇਂ ਇਸ ਲਹਿਰ ਨੇ ਕੋਈ ਬਹੁਤਾ ਘਰ ਨਹੀਂ ਸੀ ਕੀਤਾ ਪਰ ਵਿਦਿਆਰਥੀਆਂ ਵਿੱਚ ਅਤਿਅੰਤ ਜੋਸ਼ ਸੀ ਤੇ ਦੇਸ਼ ਪਿਆਰ ਦੀ ਭਾਵਨਾ ਉਹਨਾਂ ਅੰਦਰ ਠਾਠਾਂ ਮਾਰ ਰਹੀ ਸੀ । ਸਿਖ ਨੈਸ਼ਨਲ ਕਾਲਜ ਲਾਹੌਰ ਰਾਸ਼ਟਰੀ ਸਰਗਰਮੀਆਂ ਦਾ ਕੇਂਦਰ ਸੀ । ਇਕ ਦਿਨ ਕਾਲਜ ਦੇ ਵਿਦਿਆਰਥੀਆਂ ਵਿਚਕਾਰ ਜਿਹੜਾ ਨੌਜਵਾਨ ਲਹਿਰ ਸਬੰਧੀ ਸਾਹਿਤ ਵੰਡ ਰਿਹਾ ਸੀ ਉਹ 'ਹਮਦਰਦ' ਹੀ ਸੀ । ਅੰਮ੍ਰਿਤਸਰ ਤੋਂ ਲਾਹੌਰ ਸਾਹਿਤ ਦੇ ਬੰਡਲ ਚੁੱਕ ਕੇ ਲੈ ਜਾਣੇ ਬੜੇ ਜਿਗਰੇ ਤੇ ਸਾਹਸ ਦਾ ਕੰਮ ਸੀ । ਉਸ ਇਕ ਖਤਰਾ ਮੁਲ ਲਿਆ ਅਤੇ ਬੜੀ ਨਿਡਰਤਾ ਨਾਲ ਉਥੇ ਜਾ ਪਹੁੰਚਿਆ । ਇਸ ਘਟਨਾ ਤੋਂ ਸਾਨੂੰ ਹਮਦਰਦ ਦੀਆਂ ਰਾਸ਼ਟਰੀ ਰੁਚੀਆਂ ਦਾ ਪਰਮਾਣ ਮਿਲਦਾ ਹੈ । ਇਸ ਤੋਂ ਕੁਝ ਚਿਰ ਹੀ ਪਹਿਲਾਂ 1942 ਵਿੱਚ ਹੀ ਜਦੋਂ ਕਰਿਪਸ ਭਾਰਤ ਦੀ ਉਲਝੀ ਹੋਈ ਸਮਸਿਆ ਸੁਲਝਾਉਣ ਲਈ ਆਇਆ ਤਾਂ ਵਖ ਵਖ ਸਿਖ ਸੰਸਥਾਵਾਂ ਦੇ 52 ਪ੍ਰਤੀਨਿਧਾਂ ਦੀ ਇਕ ਬੈਠਕ ਸ. ਸੰਤ ਸਿੰਘ ਐਮ. ਐਲ. ਏ (ਕੇਂਦਰੀ) ਦੀ ਕੋਠੀ ਵਿੱਚ ਹੋਈ। ਇਸ ਬੈਠਕ ਵਿੱਚ ਕਰਿਪਸ ਨੂੰ ਪੇਸ਼ ਕਰਨ ਲਈ ਇਕ ਮੀਮੋ ਤਿਆਰ ਕੀਤਾ ਗਿਆ ਉਸ ਤੋਂ ਹਮਦਰਦ ਨੂੰ ਆਜ਼ਾਦ ਪੰਜਾਬ ਦਾ ਮੁਦਈ ਹੋਣ ਦੀ ਪਰੇਰਨਾ ਮਿਲੀ । ਇਸ ਤਰ੍ਹਾਂ ਮੁਢ ਤੋਂ ਹੀ 'ਹਮਦਰਦ' ਆਜ਼ਾਦ ਪੰਜਾਬ ਦੇ ਰੂਹ ਵਿੱਚ ਕੰਮ ਕਰ ਰਹੀ ਸਪਿਰਟ, ਜੋ ਪਿੱਛੋਂ ਆ ਕੇ ਸਿਖ ਸਟੇਟ ਤੇ ਫੇਰ ਆਜ਼ਾਦ ਦੇਸ਼ ਵਿੱਚ ਪੰਜਾਬੀ ਸੂਬੇ ਦੀ ਲਹਿਰ ਬਣੀ, ਦਾ ਧਾਰਨੀ ਰਿਹਾ । ਪਹਿਲਾਂ ਉਸ ਨੇ ਇਕ ਉਰਦੂ ਟਰੈਕਟ 'ਪੰਜਾਬ ਦੀ ਵੰਡ' ਲਿਖਿਆ ਜੋ ਉਰਦੂ ਵਿੱਚ ਸੀ ਤੇ ਜਿਸ ਨੇ ਸਿਖਾਂ ਨੂੰ ਝੂਣ ਜਗਾਇਆ ਸੀ । ਇਸ 'ਚ ਮੰਗ ਕੀਤੀ ਗਈ ਸੀ ਕਿ ਪੰਜਾਬ ਦੀ ਹੱਦ ਰਾਵੀ ਨਹੀਂ ਸਗੋਂ ਚਨਾਬ ਹੋਣੀ ਚਾਹੀਦੀ ਹੈ । ਉਹਦਾ ਉਸ ਸਮੇਂ ਇਹੋ ਸਿਧਾਂਤ ਸੀ ਕਿ ਸਿਖ ਇਕ ਵਖਰੀ ਕੌਮ ਹਨ ਅਤੇ ਉਹਨਾਂ ਨੂੰ ਵੀ ਪੂਰੇ ਅਧਿਕਾਰ ਮਿਲਣੇ ਚਾਹੀਦੇ ਹਨ । ਉਸ ਵੇਲੇ ਪੰਥ ਆਜ਼ਾਦ ਤੇ ਦੇਸ਼ ਆਜ਼ਾਦ ਦਾ ਨਾਹਰਾ ਜਦੋਂ ਪੰਜਾਬ ਦੀਆਂ ਗਲੀਆਂ ਮਹੱਲਿਆਂ ਵਿੱਚ ਗੂੰਜ ਰਿਹਾ ਸੀ ਹਮਦਰਦ ਆਪਣੀਆਂ ਲਿਖਤਾਂ ਰਾਹੀਂ ਇਹਦੀ ਪਰੋੜਤਾ ਕਰ ਰਿਹਾ ਸੀ ।

ਦੇਸ਼ ਸੁਤੰਤਰ ਹੋਣ ਮਗਰੋਂ ਜਦ ਦੇਸ਼ ਦੀ ਸਥਿਤੀ ਬਦਲ ਗਈ ਤਾਂ ਹਮਦਰਦ ਬੋਲੀ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਸਥਾਪਨਾ ਦਾ ਮੁਦਈ ਬਣ ਗਿਆ । ਉਹਦਾ ਵਿਚਾਰ ਸੀ ਕਿ ਬੋਲੀ ਦੇ ਆਧਾਰ ਤੇ ਸੂਬਾ ਮੰਗਣਾ ਪੰਜਾਬੀਆਂ ਦਾ ਅਧਿਕਾਰ ਹੈ ਅਤੇ ਉਹ ਹਰ ਸੰਭਵ ਢੰਗ ਨਾਲ ਇਹਦਾ ਪਰਚਾਰ ਕਰਦਾ ਰਿਹਾ । 'ਅਜੀਤ' ਦਾ ਸੂਬੇ ਸਬੰਧੀ ਲੋਕ ਰਾਏ ਬਨਾਣ ਵਿਚ ਬੜਾ ਵਿਸ਼ੇਸ਼ ਭਾਗ ਹੈ । ਇਹ ਲੋਕ ਰਾਏ ਦਿਨੋਂ ਦਿਨ ਬਲਵਾਨ ਤੇ ਸ਼ਕਤੀਸ਼ਾਲੀ ਹੁੰਦੀ ਰਹੀ । ਇਸਦਾ ਸਿਹਰਾ ਵਿਸ਼ੇਸ਼ ਤੌਰ ਤੇ ਸਾਧੂ ਸਿੰਘ ਹਮਦਰਦ ਦੇ ਸਿਰ ਹੀ ਹੈ ।

1942 ਵਿੱਚ ਹਮਦਰਦ ਦਾ ਸੰਪਰਕ ਸਮੇਂ ਦੇ ਪ੍ਰਸਿੱਧ ਨੇਤਾ ਤੇ ਸਿਖ ਨੌਤੀਵਾਨ ਗਿਆਨੀ ਕਰਤਾਰ ਸਿੰਘ ਨਾਲ ਹੋਇਆ ਅਤੇ ਉਹਦੇ ਵਿਚਾਰਾਂ ਤੋਂ ਜ਼ਾਦਾ ਪ੍ਰਭਾਵਤ ਹੋਇਆ। ਉਹਦੇ ਵਿਚਾਰਾਂ ਤੇ ਗਿਆਨੀ ਜੀ ਦੀ ਮੋਹਰ ਲਗ ਗਈ। ਕਪੂਰਥਲੇ ਦੇ ਮਹਾਰਾਜਾ ਜਗਜੀਤ ਸਿੰਘ ਦੀ ਸਿਖ ਵਿਰੋਧੀ ਪਾਲਿਸੀ ਨੇ ਸਿਖ ਜਗਤ ਵਿੱਚ ਰੋਸ ਦੀ ਲਹਿਰ ਦੌੜਾ ਦਿੱਤੀ। ਸਾਰੇ ਸਿਖ ਹਲਕਿਆਂ ਵਿਚ ਹਾਹਾਕਾਰ ਮਚ ਗਈ ਅਤੇ ਮਹਾਰਾਜੇ ਵਿਰੁਧ ਇਕ ਜਥਾ ਰੋਸ ਪਰਗਟ ਕਰਨ ਲਈ ਘਲਿਆ ਗਿਆ। ਇਸ ਜੱਥੇ ਦੀ ਅਗਵਾਈ ਗਿਆਨੀ ਕਰਤਾਰ ਸਿੰਘ ਕਰਦੇ ਸਨ ਤੇ ਸਾਧੂ ਸਿੰਘ 'ਹਮਦਰਦ' ਉਸ ਦਾ ਮੈਂਬਰ ਸੀ। ਪੰਜ ਮੈਂਬਰ ਹੋਰ ਸਨ ਜਿਨ੍ਹਾਂ 'ਚ ਸ੍ਰ. ਜਗਜੀਤ ਸਿੰਘ ਗੌਗੋਆਣੀ ਵੀ ਸਨ।

ਹੁਣ ਹਮਦਰਦ ਵੀ ਸਿਖ ਮਿਸ਼ਨਰੀ ਕਾਲਜ ਵਿੱਚ ਪ੍ਰਿੰਸੀਪਲ ਗੰਗਾ ਸਿੰਘ ਪ੍ਰਿੰਸੀਪਲ ਤੇ ਗਿਆਨੀ ਲਾਲ ਸਿੰਘ (ਡਾਇਰੈਕਟਰ, ਭਾਸ਼ਾ ਵਿਭਾਗ) ਵਾਈਸ ਪ੍ਰਿੰਸੀਪਲ ਦੀ ਅਗਵਾਈ ਹੇਠਾਂ ਗਰੈਜੂਏਟ ਕਲਾਸ ਵਿੱਚ ਦਾਖਲ ਹੋ ਗਿਆ ਅਤੇ ਲੇਖਕ ਅਤੇ ਪੱਤਰਕਾਰ ਦੇ ਨਾਲ ਨਾਲ ਭਾਸ਼ਨਕਾਰ ਵੀ ਬਨਣ ਲਗਾ।

ਅਜੇ ਉਸ ਨੂੰ ਇਸ ਗਰੈਜੂਏਟ ਕਲਾਸ ਵਿੱਚ ਦਾਖਲ ਹੋਏ ਨੂੰ ਮਸਾਂ ਛੇ ਮਹੀਨੇ ਹੀ ਹੋਏ ਸਨ ਕਿ ਉਸ ਨੂੰ 'ਰੋਜ਼ਾਨਾ ਅਜੀਤ' ਉਰਦੂ ਲਾਹੌਰ ਦੇ ਸਟਾਫ ਵਿੱਚ ਭੇਜ ਦਿੱਤਾ ਗਿਆ।

ਦੇਸ਼ ਦੀ ਵੰਡ ਮਗਰੋਂ ਹਮਦਰਦ ਨੇ ਆਪਣੀ ਪੜ੍ਹਾਈ ਜਾਰੀ ਰਖੀ ਤੇ 1953 ਵਿਚ ਲਾਅ ਕਾਲਜ ਜਲੰਧਰ ਤੋਂ ਐਲ. ਐਲ. ਬੀ. ਦੀ ਡਿਗਰੀ ਲਈ। ਇਹ ਕਠਨ ਮਿਹਨਤ ਅਤੇ ਪ੍ਰੀਸ਼ਰਮ ਦੇ ਸਿਰ ਸਦਕਾ ਹੀ ਸੰਭਵ ਸੀ। ਅਖਬਾਰੀ ਜੀਵਣ ਤੋਂ ਉਂਜ ਹੀ ਵਿਹਲ ਬਹੁਤ ਹੀ ਘਟ ਮਿਲਦੀ ਹੈ। ਮਨੁਖ ਕਈ ਪਰਕਾਰ ਦੇ ਰੁਝੇਂਵਿਆਂ ਵਿੱਚ ਫਸਿਆ ਰਹਿੰਦਾ ਹੈ। ਉਸਨੂੰ ਮਾਨਸਕ ਪਰੇਸ਼ਾਨੀ ਕਹਿਰਾਂ ਦੀ ਰਹਿੰਦੀ ਹੈ ਤੇ ਇਹ ਕੁਝ ਹੁੰਦਿਆਂ ਹੋਇਆਂ ਵੀ ਜੇ ਕੋਈ ਉਚ ਵਿਦਿਆ ਪ੍ਰਾਪਤ ਕਰ ਲੈਂਦਾ ਤਾਂ ਉਹਦੀ ਦਾਦ ਹੀ ਦੇਣੀ ਚਾਹੀਦੀ ਹੈ। ਇਸ ਤੋਂ ਪਿੱਛੋਂ ਸਾਧੂ ਸਿਘ 'ਹਮਦਰਦ' ਨੇ ਪ੍ਰਾਈਵੇਟ ਤੌਰ ਤੇ ਐਮ. ਏ. ਦਾ ਇਮਤਿਹਾਨ ਵੀ ਪਾਸ ਕਰ ਲਿਆ। ਉਸ ਨੇ ਪੁਲੀਟੀਕਲ ਸਾਇੰਸ ਲੈ ਕੇ ਐਮ. ਏ. ਪਾਸ ਕੀਤੀ ਤੇ ਉਹ ਐਮ. ਏ., ਐਲ: ਐਲ. ਬੀ. ਹੋ ਗਿਆ।

ਇਵੇਂ ਅਜੀਤ ਉਰਦੂ ਜਿਹੜਾ ਵੰਡ ਤੋਂ ਮਗਰੋਂ ਅੰਮ੍ਰਿਤਸਰੋਂ ਚਾਲੂ ਹੋਇਆ, ਪਰਭਾਤ ਜਲੰਧਰ, ਅਜੀਤ ਜਲੰਧਰ, ਆਦਿਕ ਪਤਰਾਂ ਵਿੱਚ ਸੰਪਾਦਕ ਦੀ ਪਦਵੀ ਤੇ ਰਹਿੰਦਿਆਂ ਹੋਇਆਂ ਹਮਦਰਦ 1957 ਵਿਚ ਅਜੀਤ ਪਤ੍ਰਕਾ ਦਾ ਪੰਜਾਬੀ ਮਾਲਕ ਤੇ ਸੰਪਾਦਕ ਬਣ ਗਿਆ। ਇਹੋ ਅਜੀਤ ਪਤ੍ਰਕਾ ਮਗਰੋਂ ਜਾ ਕੇ ਅਜੀਤ ਕਹਾਉਣ ਲੱਗੀ। ਅਜ ਹਮਦਰਦ 'ਅਜੀਤ' ਦਾ ਸਭੋ ਕੁਝ ਹੈ। ਤੇ ਉਹ ਇਸ ਪਦਵੀ ਤੇ ਆਪਣੀ ਮਿਹਨਤ ਸਾਹਸ ਅਤੇ ਗੰਭੀਰਤਾ ਕਾਰਨ ਹੀ ਪਹੁੰਚ ਸਕਿਆ ਹੈ।

ਹਮਦਰਦ ਹੁਣ ਇਹ ਸਮਾਚਾਰ ਪੱਤਰ ਬੜੀ ਯੋਗਤਾ ਨਾਲ ਚਲਾ ਰਿਹਾ ਹੈ। ਉਹ ਇਹਦੇ ਲਈ ਹਰ ਰੋਜ ਮੁਖ ਲਖ ਲਿਖਦਾ ਹੈ ਅਤੇ ਇਸਦੇ ਸਮੁਚੇ ਪ੍ਰਬੰਧ ਦੀ ਦੇਖ ਭਾਲ ਵੀ ਕਰਦਾ ਹੈ। ਹਮਦਰਦ ਬੜਾ ਸੰਜਮੀ ਹੈ ਉਹ ਪੈਸਾ ਬੜਾ ਸੋਚ ਸੋਚ ਕੇ ਖਰਚ ਕਰਦਾ ਹੈ।

ਹਮਦਰਦ ਦੂਰੋਂ ਆਉਂਦਿਆਂ ਇਵੇਂ ਲਗਦਾ ਹੈ ਜਿਵੇਂ ਕਿਸੇ ਅਕਾਲੀ ਜਥੇ ਦਾ ਕੋਈ ਜੱਥੇਦਾਰ ਆ ਰਿਹਾ ਹੋਵੇ । ਪਹਿਰਾਵਾ ਉਹਦਾ ਹਾਲੇ ਵੀ ਅਕਾਲੀਆਂ ਵਾਲਾ ਹੀ ਹੈ ਭਾਵੇਂ ਉਹ ਹਣ ਆਪਣੇ ਆਪ ਨੂੰ ਨਿਰਪਖ ਪਤਰਕਾਰ ਹੀ ਦਸਦਾ ਹੈ । ਉਹਦੀ ਨੀਲੀ ਪਗੜੀ, ਖੁਲ੍ਹੇ ਕੁੜਤੇ ਅਤੇ ਤੰਗ ਪਜਾਮੇ ਨੂੰ ਵੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਉਹ ਇਤਨਾ ਪੜ੍ਹਿਆ ਲਿਖਿਆ ਹੈ । ਉਹ ਗੁਣਾ ਦੀ ਗੁਥਲੀ ਹੈ । ਦੋਸਤਾਂ ਦਾ ਦੋਸਤ ਹੈ ਪਰ ਜਿਹਦੇ ਮਗਰ ਇਕ ਵਾਰੀ ਪੈ ਜਾਏ ਉਹਦੇ ਘਰ ਤਕ ਪਹੁੰਚਾ ਕੇ ਹੀ ਦਮ ਲੈਂਦਾ ਹੈ । ਉਹ ਉੱਚੀ ਉੱਚੀ ਗਲ ਕਰਦਿਆਂ ਇਤਨੀ ਨੀਵੀਂ ਬੋਲਣ ਲੱਗ ਪੈਂਦਾ ਹੈ ਕਿ ਉਸ ਨੂੰ ਆਪ ਹੀ ਪਤਾ ਨਹੀਂ ਚਲਦਾ ਕਿ ਉਹ ਕੀ ਕਹਿ ਗਿਆ ਹੈ ।

ਹਮਦਰਦ ਬਾਰੇ ਇਹ ਕਿਹਾ ਗਿਆ ਹੈ ਕਿ ਲੋਕ ਉਸ ਨੂੰ ਪਤਰਕਾਰ ਹੀ ਮੰਨਦੇ ਹਨ ਲੇਖਕ ਨਹੀਂ ਮੰਨਦੇ । ਭਾਵੇਂ ਪੱਤਰਕਾਰੀ ਵਿੱਚ ਉਹਦਾ ਮਹਾਨ ਸਥਾਨ ਹੈ ਪਰ ਇਹਦਾ ਭਾਵ ਇਹ ਨਹੀਂ ਕਿ ਉਹ ਇਕ ਚੰਗਾ ਲੇਖਕ ਨਹੀਂ । ਉਹਦੇ ਵਿੱਚ ਲੇਖਕ ਅਤੇ ਕਵੀ ਦੇ ਸਾਰੇ ਗੁਣ ਹਨ ।

ਜਿਵੇਂ ਮੈਂ ਆਪਣੇ ਪੁਤਰ ਐਡੀਟਰ ਨੂੰ ਦੇਖਿਆ

ਮਾਤਾ ਪੂਰਨ ਦੇਵੀ ਨੈਯਰ

'ਅਜੀਤ' ਨੂੰ ਮੈਂ ਉਸ ਸਮੇਂ ਤੋਂ ਜਾਣਦੀ ਹਾਂ ਜਦੋਂ ਇਸ ਨੇ ਅਜੇ ਪੰਜਾਬੀ ਦਾ ਜਾਮਾ ਅਪਣਾਇਆ ਹੀ ਸੀ। ਉਦੋਂ ਕੀ ਸੀ ਅਜੀਤ ਵਿੱਚ, ਚਾਰ ਸਫ਼ੇ, ਉਹ ਵੀ ਮੋਟੇ ਟਾਈਪ ਕਾਰਨ ਬਹੁਤ ਥੋੜੇ ਮੈਟਰ ਨੂੰ ਆਪਣੇ ਕਲਾਵੇ 'ਚ ਲੈ ਸਕਦੇ ਸਨ। ਉਸ ਸਮੇਂ 'ਅਜੀਤ' ਦੀ ਕੀਮਤ ਸ਼ਾਇਦ ਇਕ ਆਨਾ ਸੀ। ਅਸੀਂ ਪੰਜਾਬੀ ਦੇ ਅਖਬਾਰਾਂ ਦੇ ਪਾਠਕ ਉਨ੍ਹਾਂ ਦਿਨਾ ਦੇ ਉਰਦੂ ਦੇ ਅਖਬਾਰ ਦੇਖ ਕੇ ਕਦੇ ਇਹ ਕਲਪਨਾ ਵੀ ਨਹੀਂ ਸਾਂ ਕਰ ਸਕਦੇ ਕਿ ਟਾਕੀ ਜਿੰਨਾ ਪੰਜਾਬੀ ਦਾ ਅਖਬਾਰ ਇਕ ਦਿਨ ਅੱਜ ਵਾਲੇ ਵੱਡੇ ਆਕਾਰ ਤੇ ਉਚੇ ਪੱਧਰ ਉਤੇ ਪਹੁੰਚ ਸਕੇਗਾ। ਉਦੋਂ ਭਾਵੇਂ 'ਅਜੀਤ' ਦੇ ਸਫ਼ਿਆਂ ਨੂੰ ਦੇਖ ਕੇ ਪਾਠਕ ਸੰਤੁਸ਼ਟ ਨਾ ਹੋ ਸਕਿਆ ਹੋਵੇ ਪਰ ਉਹ ਤਾਂ 'ਅਜੀਤ' 'ਹਮਦਰਦ' ਨਾਲ ਵਿਚਾਰਾ ਦਾ ਵਟਾਂਦਰਾ ਕਰਨ ਤੇ 'ਹਮਦਰਦ' ਦੇ ਦਸੇ ਵਿਚਾਰਾਂ ਵਿੱਚੋਂ ਆਪਣੇ ਲਈ ਨਵੀਆਂ ਸੇਧਾਂ ਅਪਨਾਉਣ ਲਈ ਹੀ ਖਰੀਦਦਾ ਸੀ। 'ਹਮਦਰਦ' ਦੀ ਲਿਖਤ ਉਦੋਂ ਵੀ ਅਜ ਦੀ ਤਰ੍ਹਾਂ ਹੀ ਰਵਾਂ, ਸਪਸ਼ਟ ਤੇ ਸੁਲਝੀ ਹੋਈ ਹੁੰਦੀ ਸੀ। ਹੌਲੀ ਹੌਲੀ ਪਾਠਕਾਂ ਦੇ ਪਿਆਰ ਨੇ 'ਅਜੀਤ' ਦੇ ਵਸੀਲਿਆਂ 'ਚ ਵਾਧਾ ਕੀਤਾ ਤੇ ਇਸ ਮੰਝੀ ਪੱਤਰ 'ਅਜੀਤ' ਦਾ ਟਾਈਪ ਵੱਡੇ ਤੋਂ ਛੋਟਾ ਹੋ ਗਿਆ—ਸ਼ਾਇਦ 16 ਪੁਆਇੰਟ ਤੋਂ 12 ਪੁਆਇੰਟ। ਹੁਣ ਪਾਠਕਾਂ ਪਾਸ ਵਧੇਰੇ ਮੈਟਰ ਪਹੁੰਚਣ ਲਗਾ। ਜਦੋਂ 'ਅਜੀਤ' ਦੀ ਦੇਖਾ ਦੇਖੀ ਦੂਸਰੇ ਪਰਚੇ ਵੀ ਲਾਗੇ ਆ ਅਪੜੇ ਤਾਂ 'ਅਜੀਤ' ਨੇ ਨਵਾਂ ਕਦਮ ਚੁਕਿਆ ਤੇ 'ਅਜੀਤ' ਦੇ ਸਫ਼ੇ ਛੇ ਕਰ ਦਿੱਤੇ। ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਲਈ ਨਵੀਆਂ ਲੀਹਾਂ ਬਣਾਉਂਦਾ ਤੇ ਬਿਖੜੇ ਪੈਂਡੇ ਕਰਦਾ ਹੋਇਆ ਅਜੀਤ ਅੱਜ ਦੇ ਆਕਾਰ ਤਕ ਅਪੜ ਗਿਆ। ਹੁਣ 'ਅਜੀਤ' ਦੇ ਐਡੀਸ਼ਨਾਂ ਵਾਲੇ ਦਿਨਾਂ 'ਚ ਅਠ ਅਠ ਵੱਡੇ ਸਫ਼ੇ ਹੁੰਦੇ ਹਨ ਤੇ ਦੂਸਰੇ ਦਿਨਾਂ 'ਚ ਛੇ ਭਾਵ ਅੱਜ ਦਾ ਅਜੀਤ ਆਪਣੀ ਮੂਲ ਅਵਸਥਾ ਤੋਂ ਅਕਾਰ ਵਿੱਚ 16 ਗੁਣਾ ਵਧ ਚੁਕਾ ਹੈ।

ਅੱਜ ਦਾ 'ਅਜੀਤ' ਇਕ ਸੁਲਝੇ ਹੋਏ ਅਤੇ ਗੰਭੀਰ ਪਾਠਕ ਨੂੰ ਹਰ ਪੱਖ ਤੋਂ ਸੰਤੁਸ਼ਟ ਕਰਨ ਦੀ ਸਮਰਥਾ ਰਖਦਾ ਹੈ। ਮੈਨੂੰ ਪੰਜਾਬੀ, ਹਿੰਦੀ ਤੇ ਉਰਦੂ ਦੇ ਅਖਬਾਰਾਂ ਦੀ ਪਾਠਕ ਹੋਣ ਅਤੇ ਇਨ੍ਹਾਂ ਤਿੰਨਾਂ ਭਾਸ਼ਾਵਾਂ ਦੇ ਅਖਬਾਰਾਂ ਦੇ ਮੁਖ-ਪ੍ਰਬੰਧਕਾਂ ਨਾਲ ਵਾਕਫੀਅਤ ਹੋਣ ਕਾਰਨ ਇਹ ਕਹਿਣ ਤੋਂ ਸੰਕੋਚ ਨਹੀਂ ਕਿ ਅਜ 'ਅਜੀਤ' ਕਈ ਪੱਖਾਂ ਤੋਂ ਉਰਦੂ ਤੇ ਹਿੰਦੀ ਦੇ ਅਖਬਾਰਾਂ ਤੋਂ ਵੀ ਅਗੇ ਲੰਘ ਚੁੱਕਾ ਹੈ। ਵਿਚਾਰੇ ਪੰਜਾਬੀ ਅਖਬਾਰ ਤਾਂ ਇਸ ਅਗੇ ਕੀ ਹਨ ?

ਆਮ ਤੌਰ ਤੇ ਪੰਜਾਬੀ, ਅੰਗਰੇਜ਼ੀ ਤੇ ਉਰਦੂ ਦੇ ਅਖ਼ਬਾਰਾਂ ਉਤੇ ਮੇਰੀ ਅਤੇ ਮੇਰੇ ਪਤੀ ਡਾਕਟਰ ਸਾਹਿਬ ਦੀ ਬਹਿਸ ਚਲ ਪੈਂਦੀ ਹੈ। ਮੈਂ ਪੰਜਾਬੀ, ਹਿੰਦੀ ਤੇ ਉਰਦੂ ਦੇ ਅਖ਼ਬਾਰ ਹੀ ਪੜ੍ਹਦੀ ਹਾਂ ਪਰ ਡਾਕਟਰ ਸਾਹਿਬ ਅੰਗਰੇਜ਼ੀ ਦੇ ਟ੍ਰੀਬਿਊਨ ਦੇ ਉਪਾਸ਼ਕ ਹਨ। ਜਦੋਂ ਮੈਂ 'ਅਜੀਤ' ਵਿੱਚੋਂ ਕਈ ਅਜਿਹੀਆਂ ਮਹੱਤਵ ਪੂਰਨ ਖ਼ਬਰਾਂ ਦਿਖਾ ਦੇਂਦੀ ਹਾਂ ਜੋ ਟ੍ਰੀਬਿਊਨ ਤੇ ਉਰਦੂ ਦੇ ਅਖ਼ਬਾਰਾਂ 'ਚ ਵੀ ਨਹੀਂ ਮਿਲਦੀਆਂ ਤਾਂ ਉਨ੍ਹਾਂ ਨੂੰ ਗੱਲ ਨਹੀਂ ਔਹੜਦੀ ਪਰ ਮੰਨਦੇ ਭਾਵੇਂ ਉਹ ਫਿਰ ਵੀ ਨਹੀਂ ਹਨ।

ਮੈਂ ਕਦੇ ਕਦੇ ਸੋਚਣ ਤੇ ਮਜਬੂਰ ਹੋ ਜਾਂਦੀ ਹਾਂ ਕਿ 'ਹਮਦਰਦ' ਵਿਚ ਕਿਹੜੀ ਵਿਲਖਣਤਾ ਹੈ ਜਿਸ ਕਾਰਨ ਉਹ ਮੇਰੀ ਮਮਤਾ ਦਾ ਕੇਂਦਰ ਬਣ ਗਿਆ ਹੈ। ਚਿਰਾਂ ਤੋਂ 'ਹਮਦਰਦ' ਦਾ ਨਾ ਮੇਰੇ ਵਿਚਾਰ 'ਚ ਘਰ ਕਰ ਚੁੱਕਾ ਸੀ। ਇਸ ਨਿਰਭੈ ਲੇਖਕ ਦੀਆਂ ਬੇਖੌਫ਼ ਲਿਖਤਾਂ ਸਦਾ ਮੇਰੇ ਵਿਚਾਰਾਂ ਨੂੰ ਟੁੰਬਦੀਆਂ ਸਨ। ਮੇਰੇ ਦਿਲ 'ਚ ਇਸ ਕਲਮ ਦੇ ਜਾਦੂਗਰ ਲਈ ਸਤਿਕਾਰ ਵਧਦਾ ਰਿਹਾ। ਜਦੋਂ ਤੋਂ ਮੈਨੂੰ ਕੁਲਦੀਪ ਨੇ ਦਸਿਆ ਸੀ ਕਿ 'ਹਮਦਰਦ' ਉਨ੍ਹਾਂ ਕੁਝ ਮੋਢੀ ਪਤਰਕਾਰਾਂ 'ਚੋਂ ਹੈ ਜਿਨ੍ਹਾਂ ਨੇ ਆਪਣੀ ਮਿਹਨਤ ਤੇ ਘਾਲਣਾ ਦੇ ਸਦਕੇ ਧਰਤੀ ਤੋਂ ਉਠ ਕੇ ਪੱਤਰਕਾਰੀ ਦੇ ਗਗਨਾਂ ਨੂੰ ਛੋਹਿਆ ਹੈ, ਮੇਰੇ ਦਿਲ ਵਿੱਚ 'ਹਮਦਰਦ' ਲਈ ਮੋਹ ਜਾਗ ਪਿਆ। ਮੈਂ ਸਦਾ ਇਹੋ ਸੋਚਦੀ ਕਿ ਇਸ ਇਕਲੇ ਪੱਤਰਕਾਰ ਉਤੇ ਕਿੰਨੇ ਪਾਸਿਓਂ ਹਮਲੇ ਹੁੰਦੇ ਹਨ ਪਰ ਇਕ ਕਾਮਯਾਬ ਵਕੀਲ ਵਾਂਗ ਵਿਰੋਧੀਆਂ ਦੇ ਹਮਲਿਆਂ ਨੂੰ ਅਜਿਹੀਆਂ ਦਲੀਲਾਂ ਨਾਲ ਕਟਦਾ ਹੈ ਕਿ ਵਿਰੋਧੀਆਂ ਕੋਲ ਅਗਲੇ ਹਮਲੇ ਲਈ ਵੀ ਮਸਾਲਾ ਨਹੀਂ ਬਚਦਾ। ਇਹੋ ਹਾਲ ਅੱਜ ਤਕ ਰਿਹਾ ਹੈ 'ਹਮਦਰਦ' ਦਾ। ਇਸ ਦੇ ਵਿਰੋਧੀ ਵੀ ਇਸ ਦੀਆਂ ਅਕੱਟ ਦਲੀਲਾਂ ਦੇ ਪ੍ਰਸ਼ੰਸਕ ਹਨ। ਪਰ 'ਹਮਦਰਦ' ਦੀ ਡਿਫੈਂਸ ਹੀ ਚੰਗੀ ਹੈ। ਜਦੋਂ ਕਦੇ ਇਸ ਨੂੰ ਆਪ ਹਮਲਾ ਕਰਨ ਦਾ ਚਾਅ ਆ ਜਾਵੇ ਤਾਂ ਇਹ ਇੰਨਾ ਸਫਲ ਨਹੀਂ ਹੁੰਦਾ ਜਿੰਨਾ ਸਫਲ ਇਹ ਬਚਾਅ ਉਤੇ ਹੈ। ਭਾਰਤੀ ਕਲਚਰ ਦਾ ਵੀ ਇਹੋ ਆਦਰਸ਼ ਹੈ।

ਕੁਲਦੀਪ ਬਦਲ ਕੇ ਜਲੰਧਰ ਆ ਗਿਆ। ਕੁਲਦੀਪ ਨਾਲ ਹਮਦਰਦ ਦਾ ਜੋੜ ਵਧਿਆ ਤੇ ਦੋਸਤੀ 'ਚ ਬਦਲ ਗਿਆ। ਕੁਲਦੀਪ ਦੇ ਮੂੰਹੋਂ 'ਹਮਦਰਦ' ਦੀਆਂ ਸਿਫ਼ਤਾਂ ਸੁਣ ਸੁਣ ਕੇ ਮੈਨੂੰ ਉਹ ਅਣਡਿਠਾ ਪੱਤਰਕਾਰ ਆਪਣੀ ਹੀ ਅੰਦਰ ਜਾਪਣ ਲੱਗਾ। ਇਕ ਦਿਨ ਕੁਲਦੀਪ ਦਾ ਸੁਨੇਹਾ ਆਇਆ ਕਿ 'ਹਮਦਰਦ' ਸਾਡੇ ਘਰ ਡਿਨਰ ਤੇ ਆ ਰਿਹਾ ਹੈ। ਮੈਂ ਸੋਚਾਂ 'ਚ ਡੁੱਬ ਗਈ। ਮੈਂ ਸਿੱਧੀ ਸਾਦੀ ਪੁਰਾਣੇ ਢੰਗ ਦੀ ਮਾਂ ਤੇ 'ਹਮਦਰਦ' ਇੰਨਾ ਵੱਡਾ ਪਤਰਕਾਰ। ਕੀ ਉਹ ਮੈਨੂੰ ਮਾਂ ਆਖਣਾ ਵੀ ਪਸੰਦ ਕਰੇਗਾ? ਰੱਬ ਜਾਣੇ ਕਿੰਨਾ ਉਚਾ ਮਜਾਜ਼ ਹੋਵੇਗਾ ਉਸ ਦਾ। ਕੌਣ ਜਾਣੇ ਹਮਦਰਦ ਕੋਈ ਨੱਕ ਚਾੜ੍ਹਨ ਵਾਲਾ,ਤੇ ਹੂੰ ਫਾਂ ਕਰਨ ਵਾਲਾ ਪੱਤਰਕਾਰ ਹੀ ਹੋਵੇ।

ਦੁਪਹਿਰ ਵੇਲੇ 'ਹਮਦਰਦ' ਕੁਲਦੀਪ ਨਾਲ ਸਾਡੇ ਘਰ ਆਇਆ। ਮੈਂ ਪਰਾਂ ਹੀ ਰਹੀ। ਕੌਣ ਜਾਣੇ ਹੰਕਾਰਿਆ ਪੱਤਰਕਾਰ ਧੌਣ 'ਚ ਵਲ ਵੀ ਪੈਣ ਦਿੰਦਾ ਹੈ ਜਾਂ ਨਹੀਂ? ਪਰ ਜਦੋਂ ਮੈਂ ਆਈ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ 'ਹਮਦਰਦ' ਨੇ ਝੁਕ ਕੇ ਮੇਰੇ ਪੈਰਾਂ ਨੂੰ ਛੋਹ ਲਿਆ ਸੀ। ਮੇਰਾ ਦਿਲ

ਭਰ ਉਠਿਆ । ਇੰਨਾ ਨਿਰਮਾਣ, ਉਹ ਵੀ ਇਕ ਪਤਰਕਾਰ ਜਿਸ ਦੀ ਕਲਮ ਚੋਂ ਨਿਕਲਿਆ ਹਰ ਸ਼ਬਦ ਅਣਖ, ਸਚਾਈ ਤੇ ਇਨਸਾਫ ਲਈ ਪਰਲੋ ਤਕ ਲਿਆਉਣ ਵਿੱਚ ਸਮਰਥ ਹੁੰਦਾ ਹੈ । ਮੈਂ ਤਕਿਆ ਦਾਈ ਆਨੇ ਗਜ਼ ਵਾਲੇ ਖੱਦਰ ਦੇ ਕਪੜੇ ਪਾਈਂ 'ਹਮਦਰਦ' ਬੜਾ ਬੇਤਕਲੁਫ ਸੀ । ਉਸ ਦਿਨ ਤੋਂ ਬਾਅਦ 'ਹਮਦਰਦ' ਸਚ ਮੁਚ ਹੀ ਮੇਰਾ ਪੱਤਰ ਬਣ ਗਿਆ ।

'ਹਮਦਰਦ' ਦੀ ਇਕ ਖੂਬੀ ਜਿਸਨੇ ਸਦਾ ਮੈਨੂੰ ਤੇ ਦੂਜੇ 'ਅਜੀਤ' ਦੇ ਪਾਠਕਾਂ ਨੂੰ ਪ੍ਰਭਾਵਿਤ ਕੀਤਾ ਹੈ ਉਹ ਹੈ ਉਸਦੀ ਪਾਰਖੂ ਸੂਝ । 'ਹਮਦਰਦ' ਦੀ ਦ੍ਰਿਸ਼ਟੀ ਚ ਇੰਨੀ ਬਾਰੀਕੀ ਹੈ ਕਿ ਉਹ ਆਉਣ ਵਾਲੇ ਸਮੇਂ ਨੂੰ ਬਹੁਤ ਦੇਰ ਪਹਿਲਾਂ ਹੀ ਫੜ੍ਹ ਲੈਂਦਾ ਹੈ। ਇਹੋ ਕਾਰਨ ਹੈ ਕਿ 'ਹਮਦਰਦ' ਦੀਆਂ ਪੇਸ਼ੀਨਗੋਈਆਂ ਸਦਾ ਸੱਚ ਹੋ ਨਿਕਲਦੀਆਂ ਹਨ । ਅੱਜ ਵੀ 'ਅਜੀਤ' ਦੇ ਗੰਭੀਰ ਪਾਠਕ ਆਉਣ ਵਾਲੇ ਸਮੇਂ ਦਾ ਹੋਣ ਵਾਲੇ ਰਾਜਨੀਤਕ ਪ੍ਰੀਵਰਤਨਾਂ ਦੇ ਗਿਆਨ ਲਈ 'ਹਮਦਰਦ' ਦੀਆਂ ਪੇਸ਼ੀਨਗੋਈਆਂ ਦੀ ਹੀ ਉਡੀਕ ਕਰਦੇ ਹਨ । ਜਦੋਂ ਪਹਿਲਾਂ ਪਹਿਲ 'ਹਮਦਰਦ' ਨੇ ਪੰਜਾਬੀ ਸੂਬੇ ਦੇ ਹੱਕ 'ਚ ਕਲਮ ਚੁੱਕੀ ਤਾਂ ਚਾਰੇ ਪਾਸਿਓਂ 'ਹਮਦਰਦ' ਉਤੇ ਮਸ਼ਕਰੀਆਂ ਦੀਆਂ ਬੋਛਾਰਾਂ ਵਰ੍ਹ ਪਈਆਂ। ਇਕ ਦਿਨ ਸ੍ਰੀਮਤੀ ਵਰਿੰਦਰ (ਰੋਜ਼ਾਨਾ ਪ੍ਰਤਾਪ) ਨੇ 'ਹਮਦਰਦ' ਨੂੰ ਕਿਹਾ:—

"ਹਮਦਰਦ ਜੀ ਕਿਉਂ ਪੰਜਾਬੀ ਸੂਬੇ ਦੀ ਰਟ ਲਗਾਉਂਦੇ ਹੋ, ਛਡੋ ਇਹ ਝਗੜਾ । ਇਹ ਸੁਫਨਾ ਨਹੀਂ ਜੋ ਪੂਰਾ ਹੋਣ ਵਾਲਾ ।"

ਮੈਨੂੰ ਯਾਦ ਹੈ ਕਿ ਉਦੋਂ "ਹਮਦਰਦ" ਨੇ ਬੜੇ ਆਤਮ-ਵਿਸ਼ਵਾਸ਼ ਨਾਲ ਉਤਰ ਦਿਤਾ ਸੀ:—

"ਔਹ ਚਮਕਦਾ ਸੂਰਜ ਦੇਖਦੇ ਹੋ ਨਾ, ਜਿੰਨੀ ਸਚਾਈ ਸੂਰਜ ਦੇ ਚਮਕਣ 'ਚ ਹੈ, ਉਨੀ ਹੀ ਸਚਾਈ ਪੰਜਾਬੀ ਸੂਬੇ ਦੇ ਬਨਣ 'ਚ ਹੈ ।"

ਆਖਰ ਪੰਜਾਬੀ ਸੂਬਾ ਬਣ ਗਿਆ ਤੇ 'ਹਮਦਰਦ' ਦੀ ਪੇਸ਼ੀਨਗੋਈ ਚਮਕਦੇ ਸੂਰਜ ਵਾਂਗ ਅਟਲ ਸਾਬਤ ਹੋਈ ।

ਇਸ ਤੋਂ ਇਲਾਵਾ 'ਹਮਦਰਦ' ਮਿੱਠਬੋਲੜਾ, ਬੀਬਾ ਤੇ ਮਿਲਣਸਾਰ ਹੈ । ਉਹ ਤਾਂ ਸਤਜੁਗੀ ਪੁਤਰ ਹੈ । ਅੱਜ ਦਸ ਜਮਾਤਾਂ ਪੜ੍ਹ ਕੇ ਹੀ ਮੁੰਡਿਆਂ ਦੀ ਅੱਡੀ ਧਰਤੀ ਉਤੇ ਨਹੀਂ ਲਗਦੀ ਪਰ 'ਹਮਦਰਦ' ਤਾਂ ਐਮ. ਏ., ਐਲ. ਐਲ. ਬੀ. ਹੋਣ ਦੇ ਨਾਲ ਨਾਲ ਇਕ ਹਰਮਨ ਪਿਆਰੇ ਅਖਬਾਰ ਦਾ ਮਾਲਕ ਹੁੰਦਿਆਂ ਹੋਇਆਂ ਵੀ ਪੁਜਕੇ ਨਿਰਮਾਣ ਹੈ । ਮੈਂ ਕਦੇ ਕਦੇ ਸੋਚਦੀ ਹਾਂ ਜਿਨ੍ਹਾਂ ਬਚਿਆਂ ਦੇ ਸਿਰੋਂ ਤੋਂ ਪਿਤਾ ਦੀ ਛਾਂ ਸੋਹਲ ਅਤੇ ਕੱਚੀ ਉਮਰ ਵਿਚ ਹੀ ਉਠ ਜਾਂਦੀ ਹੈ ਤੇ ਉਨ੍ਹਾਂ ਕਰੂੰਬਲਾਂ ਨੂੰ ਸਮਾਜ ਦੀਆਂ ਝੁਲਸਦੀਆਂ ਲੂਆਂ ਦਾ ਮੁਕਾਬਲਾ ਨਿਹੱਥਿਆਂ ਹੀ ਕਰਨਾ ਪੈਂਦਾ ਹੈ, ਉਹ ਹੀ ਦੂਸਰਿਆਂ ਦੇ ਜਜ਼ਬਿਆਂ ਨਾਲ ਦਿਲਾਂ ਦੀਆਂ ਸਾਂਝਾਂ ਪਾਕੇ ਇੰਨੇ ਨਿਰਮਾਣ ਰਹਿ ਸਕਦੇ ਹਨ। ਮਾਂ ਦੇ ਸਾਧੂ ਪੁੱਤਰ ਦਾ ਆਪਣਾ ਉਪਨਾਮ 'ਹਮਦਰਦ' ਰਖਣ ਦਾ ਕਾਰਨ ਇਹੋ ਹੀ ਹੈ । ਸਾਧੂ 'ਚ ਸੱਚ, ਸਿੰਘ 'ਚ ਸ਼ਿਵਮ ਤੇ ਹਮਦਰਦ 'ਚ ਸੁੰਦਰਮ ਸਪਸ਼ਟ ਝਲਕਦਾ ਹੈ । ਸਤਿਅਮ, ਸ਼ਿਵਮ, ਸੁੰਦਰਮ ਦੀ ਤ੍ਰਿਵੇਣੀ

ਕਾਰਨ ਹੀ 'ਹਮਦਰਦ' ਸਾਰੀਆਂ ਕਠਨਾਈਆਂ ਦਾ ਸਾਹਮਣਾ ਖਿੜੇ ਮਥੇ ਕਰ ਲੈਂਦਾ ਹੈ।

ਸੱਚ ਪੁਛੋ ਤਾਂ ਅੱਜ ਦਾ 'ਅਜੀਤ', 'ਹਮਦਰਦ' ਵਾਂਗੂ ਹੀ ਖਿੜਿਆ ਤੇ ਨਿਖਰਿਆ ਰੂਪ ਲੈ ਕੇ ਪਾਠਕਾਂ ਦੇ ਹੱਥ 'ਚ ਪੁੱਜਦਾ ਹੈ। 'ਹਮਦਰਦ' ਆਪ ਛੋਹਰ ਛਿਨਾਂ ਨਹੀਂ। ਉਸ ਦੇ 'ਅਜੀਤ' ਵਿਚ ਵੀ ਬਚਕਾਨੀਆਂ ਗਲਾਂ ਨਹੀਂ ਮਿਲਦੀਆਂ। 'ਹਮਦਰਦ' ਦਾ ਹਸੂੰ ਹਸੂੰ ਕਰਦਾ ਮਿਲਾਪੜਾ ਪਰ ਤਿੱਖੀ ਸੂਝ ਬੂਝ ਵਾਲਾ ਸੁਭਾਅ ਹੀ 'ਅਜੀਤ' ਦੇ ਰਮਤੇ ਦੇ ਰੂਪ 'ਚ ਪਰਗਟ ਹੁੰਦਾ ਹੈ। ਜਿਥੇ ਰਮਤਾ ਵਡੇ ਤੋਂ ਵੱਡੇ ਤੇ ਤਿੱਖੇ ਤੋਂ ਤਿੱਖਾ ਮਜ਼ਾਕ ਕਰਦਿਆਂ ਹੋਇਆਂ ਵੀ ਸਭਿਅਤਾ ਦੀ ਡੋਰੀ ਹਥੋਂ ਨਹੀਂ ਜਾਣ ਦਿੰਦਾ ਉਥੇ ਜੇ ਧਿਆਨ ਨਾਲ ਘੋਖੀਏ ਤਾਂ ਰਮਤੇ ਦੀਆਂ ਹੱਡ ਬੀਤੀਆਂ ਵਿਚ ਕੀਤੇ ਗਏ ਵਿਅੰਗ ਬੜੀਆਂ ਗੰਭੀਰ ਸਮਸਿਆਵਾਂ ਵੱਲ ਸੰਕੇਤ ਕਰਦੇ ਹਨ। ਉਨ੍ਹਾਂ ਦੀ ਚੋਟ ਕਿਸੇ ਖਾਸ ਕੁਰੀਤੀ ਉਤੇ ਹੁੰਦੀ ਹੈ। ਰੱਬ ਜਾਣੇ ਪ੍ਰੀਤੀ ਰਮਤੇ ਦੀ ਕੌਣ ਹੈ? ਕੋਈ ਹੈ ਵੀ ਕਿ ਨਹੀਂ ਪਰ ਬੁੱਢੇ ਤੋਂ ਲੈ ਕੇ ਬਾਲ ਤੱਕ ਹਰ ਅਜੀਤ ਪਾਠਕ ਰਮਤੇ ਤੇ ਉਸ ਦੀ ਪ੍ਰੀਤੀ ਨੂੰ ਉਡੀਕਦਿਆਂ ਨਹੀਂ ਥਕਦਾ। ਇਹੋ ਹਾਲ ਰਮਤੇ ਦੇ ਸਵਾਲ ਜਵਾਬ ਦਾ ਹੈ।

ਧਾਰਮਕ ਵਿਚਾਰਾਂ ਵਾਲੇ ਗੁਰਮੁਖਾਂ ਲਈ ਅਜੀਤ ਹਰ ਰੋਜ਼ ਗੁਰਬਾਣੀ ਉਤੇ ਵਿਚਾਰ ਲੈ ਕੇ ਆ ਹਾਜ਼ਰ ਹੁੰਦਾ ਹੈ। ਨਾਰੀ ਸੰਸਾਰ ਦੀਆਂ ਸਮਸਿਆਵਾਂ ਉਤੇ ਉਨ੍ਹਾਂ ਦੀ ਦੀਦੀ ਵਿਚਾਰ ਕਰਦੀ ਹੈ ਤੇ ਆਏ ਦਿਨ ਨਵੇਂ ਰਾਹ ਦਰਸਾਂਦੀ ਹੈ। 'ਅਜੀਤ' ਦੇ ਐਡੀਸ਼ਨਾਂ ਰਾਹੀਂ ਕਲਾ, ਵਿਗਿਆਨ, ਫ਼ਿਲਮ ਅਤੇ ਹੋਰ ਦੁਨਿਆਵੀ ਜਾਣਕਾਰੀਆਂ ਦੇ ਕੇ ਪਾਠਕਾਂ ਨੂੰ ਨਿਤ ਨਵੀਆਂ ਪ੍ਰੇਰਨਾਵਾਂ ਦਿੱਤੀਆਂ ਜਾਂਦੀਆਂ ਹਨ। ਖੜਗ-ਧਾਰੀ ਦਾ ਖੜਗ ਦੁਧਾਰਾ ਵਾਰ ਕਰਦਾ ਹੈ। ਹਾਸ ਤੇ ਵਿਅੰਗ ਰਾਹੀਂ ਅਨੇਕਾਂ ਡੰਗ ਤੇ ਚੋਭਾਂ ਮਾਰਦਾ ਹੈ। 'ਅਜੀਤ ਸੈਂਸਰ ਬੋਰਡ' ਤੇ 'ਪਾਠਕਾਂ ਦਾ ਪੰਨਾ', ਪਾਠਕਾਂ ਲਈ ਆਪਣੀ ਆਵਾਜ਼ ਜਨਤਾ ਦੇ ਕੰਨਾਂ ਤੱਕ ਪਹੁੰਚਾਣ ਦਾ ਨਰੋਆ ਤੇ ਸਿੱਧਾ ਸਾਧਨ ਹਨ। ਚੰਗੀਆਂ ਚੰਗੀਆਂ ਕਹਾਣੀਆਂ ਭਾਵ ਪੂਰਨ ਕਵਿਤਾਵਾਂ, ਬੱਚਿਆਂ ਦੀ ਫੁਲਵਾੜੀ, 'ਹਮਦਰਦ ਬਾਲ ਸਭਾ' ਆਦਿ ਫ਼ੀਚਰ 'ਅਜੀਤ' ਦੀ ਵਿਲੱਖਣਤਾ ਦੇ ਸੂਚਕ ਹਨ। 'ਅਜੀਤ ਦੇ ਕਈ ਐਡੀਸ਼ਨ ਤਾਂ ਪੱਤਰਕਾਰੀ ਦੇ ਇਤਿਹਾਸ ਵਿਚ ਆਪਣੀ ਕਲਾ ਤੇ ਸੈਟਿੰਗ ਕਾਰਨ ਇਤਿਹਾਸਕ ਮਹੱਤਵ ਰਖਦੇ ਹਨ। ਜਿਵੇਂ 23 ਮਾਰਚ, 1968 ਦਾ ਸ਼ਹੀਦੀ ਐਡੀਸ਼ਨ, 28 ਮਾਰਚ 1968 ਦਾ ਗੋਰਕੀ ਐਡੀਸ਼ਨ, 11 ਅਪ੍ਰੈਲ, ਦਾ ਫ਼ਿਲਮ ਐਡੀਸ਼ਨ ਤੇ 5 ਮਈ, ਦਾ ਕਾਰਲ ਮਾਰਕਸ ਐਡੀਸ਼ਨ ਆਦਿ।

ਕਿਹਾ ਜਾਂਦਾ ਹੈ ਕਿ ਵਡਿਆਈ, ਪ੍ਰਸਿਧੀ ਤੇ ਦੌਲਤ ਮਿਲਣ ਤੇ ਬੰਦਾ ਇੰਨਾ ਹੰਕਾਰ ਜਾਂਦਾ ਹੈ ਕਿ ਉਹ ਆਪੇ ਉਤੋਂ ਕਾਬੂ ਵੀ ਛੱਡ ਦਿੰਦਾ ਹੈ। ਵੱਡੇ ਵੱਡੇ ਸੰਜਮੀ ਵਡਿਆਈ ਨੂੰ ਹਜ਼ਮ ਨਾ ਕਰ ਸਕੇ ਤੇ ਆਪਣੇ ਚਾਰੋਂ ਪਾਸੇ ਹੰਕਾਰ ਦੀਆਂ ਦੀਵਾਰਾਂ ਉਸਾਰ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਦੁਨੀਆ ਤੇ ਉਸ ਦੇ ਦੁਖ ਦਰਦ ਤੋਂ ਲਾਂਭੇ ਕਰ ਲਿਆ। ਪਰ ਹਮਦਰਦ ਵਿਚ ਕੋਈ ਅਜਿਹੀ ਗੱਲ ਨਹੀਂ ਜਿਉਂ ਜਿਉਂ ਇਸ ਨੂੰ ਸਫਲਤਾ, ਵਡਿਆਈ ਤੇ ਸਨਮਾਨ ਦੇ ਫੁਲ ਤੇ ਫਲ ਪ੍ਰਾਪਤ ਹੋਏ ਇਹ ਤਿਉਂ ਤਿਉਂ ਨੀਵਾਂ ਹੋਇਆ ਹੈ। ਇਹੋ ਕਾਰਨ ਹੈ ਕਿ ਇੰਨਿਆਂ

ਰੁਝੇਵਿਆਂ ਦੇ ਹੁੰਦਿਆਂ ਹੋਇਆਂ ਵੀ 'ਹਮਦਰਦ' ਅੱਜ ਸਫਲ ਪੱਤਰਕਾਰ, ਸੁਲਝਿਆ ਕਹਾਣੀਕਾਰ, ਪੁਖਤਾ ਸ਼ਾਇਰ ਤੇ ਵਧੀਆ ਨਾਵਲਕਾਰ ਹੈ। ਉਸ ਦਾ ਨਾਵਲ ਜ਼ੀਨਤ ਬਘੇਲ ਸਿੰਘ ਮੈਂ ਜਿੰਨੀ ਵਾਰ ਪੜ੍ਹਿਆ ਹੈ ਉਨਾਂ ਹੀ ਜ਼ਿਆਦਾ ਰੋਚਕ ਲਗਿਆ ਹੈ। ਚੌਵੀ ਘੰਟਿਆਂ ਦੇ ਦਿਨ 'ਚ ਤਾਂ ਕੋਈ ਆਦਮੀ ਇੰਨੀ ਛੋਟੀ ਉਮਰ 'ਚ ਇੰਨੇ ਕੰਮ ਨਹੀਂ ਕਰ ਸਕਦਾ। ਮੈਨੂੰ ਜਾਪਦਾ ਹੈ 'ਹਮਦਰਦ' ਇਕ ਦਿਨ 'ਚ ਅਠਤਾਲੀ ਘੰਟੇ ਕੰਮ ਕਰਦਾ ਹੋਵੇਗਾ।

ਪਰ ਇੰਨਾਂ ਚੰਗਾ ਕਲਾਕਾਰ ਹੁੰਦਿਆਂ ਹੋਇਆਂ ਵੀ, ਸਾਹਿਤਕ ਮਿੱਤਰ ਤੇ ਵਿਰੋਧੀਆਂ ਦਾ ਇੰਨਾਂ ਪਸਾਰਾ ਹੁੰਦਿਆਂ ਹੋਇਆਂ ਵੀ ਕਦੇ ਕੋਈ 'ਹਮਦਰਦ' ਦੇ ਚਰਿਤਰ ਵਲ ਉਂਗਲੀ ਨਹੀਂ ਕਰ ਸਕਿਆ। ਜਦੋਂ ਕਿ ਅਨੇਕਾਂ ਹੋਛੇ ਕਲਾਕਾਰਾਂ ਦੀ ਵੱਡੀ ਗਿਣਤੀ ਦੀ ਪ੍ਰਸਿਧੀ ਉਨ੍ਹਾਂ ਦੀਆਂ ਰਚਨਾਵਾਂ ਨਾਲੋਂ ਉਨ੍ਹਾਂ ਦੀਆਂ ਕਰਤੂਤਾਂ ਕਾਰਨ ਜ਼ਿਆਦਾ ਹੁੰਦੀ ਹੈ।

ਪਰ 'ਹਮਦਰਦ' ਦੀ ਇਕ ਆਦਤ ਅਜਿਹੀ ਵੀ ਹੈ ਜਿਸ ਦੀ ਸਾਰੇ ਸ਼ਿਕਾਇਤ ਕਰਦੇ ਹਨ। ਇਕ ਦਿਨ ਮੈਂ ਜਾਲੰਧਰ ਆਈ ਤੇ 'ਹਮਦਰਦ' ਨੂੰ ਫੋਨ ਕੀਤਾ ਕਿ ਮੈਂ ਕੱਲ ਚੰਡੀਗੜ੍ਹ ਵਾਪਸ ਪਰਤਣਾ ਹੈ ਤੂੰ ਮਿਲਣ ਲਈ ਮੈਨੂੰ ਸਮਾਂ ਦੇ। 'ਹਮਦਰਦ' ਨੇ ਸਦਾ ਵਾਂਗ ਸਾਰੇ ਰੁਝੇਵੇਂ ਛੱਡ ਕੇ ਮੇਰੇ ਕੋਲ ਆਪ ਪੁੱਜ ਜਾਣ ਦਾ ਇਕਰਾਰ ਕੀਤਾ। ਪਰ ਮੈਂ ਦੁਪਹਿਰ ਸ਼ਾਮ ਤੇ ਰਾਤ ਉਡੀਕ 'ਚ ਲੰਘਾ ਕੇ ਚੰਡੀਗੜ੍ਹ ਪਰਤ ਗਈ। ਬਾਅਦ ਵਿਚ ਕੁਲਦੀਪ 'ਹਮਦਰਦ' ਨੂੰ ਮਿਲਕੇ ਚੰਡੀਗੜ੍ਹ ਆਇਆ ਤੇ ਮੈਂ ਉਸ ਪਾਸ 'ਹਮਦਰਦ' ਦੀ ਇਸ ਬੇਰੁਖੀ ਦੀ ਸ਼ਿਕਾਇਤ ਕੀਤੀ ਪਰ ਕੁਲਦੀਪ ਨੇ ਸੰ ਦੀ ਇਕ ਮੋੜੀ—'ਭਾਬੀ, 'ਹਮਦਰਦ' ਭੁੱਲ ਗਿਆ ਹੋਵੇਗਾ। ਭੁਲੱਕੜਬਾਜ਼ੀ 'ਚ ਵੀ ਉਹ ਸਭ ਤੋਂ ਅੱਗੇ ਹੈ।"

ਮੇਰਾ ਗੁੱਸਾ ਕੁਝ ਮੱਠਾ ਪਿਆ। ਪਹਿਲਾਂ ਮੈਨੂੰ ਉਡੀਕਾਂ 'ਚ ਬਿਠਾਣ ਤੋਂ ਬਾਅਦ ਵੀ 'ਹਮਦਰਦ' ਦਾ ਕੁਲਦੀਪ ਰਾਹੀਂ ਮੇਰੇ ਪਾਸੋਂ ਖਿਮਾਂ ਨਾ ਮੰਗਣਾ ਮੈਨੂੰ ਚੁਭ ਰਿਹਾ ਸੀ। ਅਖੀਰ ਗਲ ਵੀ ਅਜਿਹੀ ਹੀ ਨਿਕਲੀ। 'ਹਮਦਰਦ' ਮੇਰਾ ਫੋਨ ਮਿਲਣ ਤੇ ਝੱਟ ਅਜੀਤ ਭਵਨ ਤੋਂ ਬਾਹਰ ਨਿਕਲ ਆਇਆ ਸੀ ਤੇ ਆਰਾਮ ਨਾਲ ਕੰਪਨੀ ਬਾਗ ਵੱਲ ਟੁਰ ਪਿਆ ਸੀ। ਕੰਪਨੀ ਬਾਗ ਪਾਸ ਪਹੁੰਚ ਕੇ ਉਸ ਨੂੰ ਭੁੱਲ ਹੀ ਗਿਆ ਕਿ ਉਹ ਜਾ ਕਿਥੇ ਰਿਹਾ ਸੀ। ਦਿਮਾਗ ਤੇ ਬੜਾ ਜ਼ੋਰ ਦਿੱਤਾ ਪਰ ਕੱਖ ਪੱਲੇ ਨਾ ਪਿਆ। ਇੰਨੇ'ਚ ਇਕ ਕਾਰ ਵਾਲਾ ਸੱਜਣ ਆਇਆ ਤੇ 'ਹਮਦਰਦ' ਦੀ ਭੁਲੱਕੜਬਾਜ਼ੀ ਤੋਂ ਫਾਇਦਾ ਉਠਾ ਕੇ ਉਸ ਨੂੰ ਨਾਲ ਲੈ ਤੁਰਿਆ। ਇਸ ਤੋਂ ਬਾਅਦ ਤਾਂ 'ਹਮਦਰਦ' ਦੀਆਂ ਅਜਿਹੀਆਂ ਅੱਲਵਲੱਲੀਆਂ ਬਾਰੇ ਕਈ ਕਿਸੇ ਸੁਣਨ 'ਚ ਆਏ ਹਨ।

ਸਾਰ ਰੂਪ 'ਚ ਮੈਂ ਇਹੋ ਆਖ ਸਕਦੀ ਹਾਂ ਕਿ 'ਹਮਦਰਦ' ਭਾਵੇਂ ਮੇਰੇ ਪੁਤਰ ਦਾ ਦੋਸਤ ਹੈ ਪਰ ਮੇਰਾ ਮੋਹ ਉਸ ਵਿਚ ਪੁੱਤਰ ਨਾਲੋਂ ਵੀ ਵੱਧ ਹੈ। ਮੇਰੀ ਵਾਹਿਗੁਰੂ ਅੱਗੇ ਇਹੋ ਅਰਦਾਸ ਹੈ ਕਿ 'ਹਮਦਰਦ' ਜਿਸ ਦਾ ਦੂਸਰਾ ਨਾਂ 'ਅਜੀਤ' ਹੈ ਸਦਾ ਜਨਤਾ ਦਾ ਸੱਚਾ ਸੇਵਕ ਰਹੇ ਤੇ ਸਿਦਕ ਤੋਂ ਥਿੜਕੇ ਨਾ।

ਹਮਦਰਦ ਸਮਕਾਲੀ ਪੱਤਰਕਾਰਾਂ ਦੀਆਂ ਨਜ਼ਰਾਂ ਵਿਚ

ਮੈਂ ਸਾਧੂ ਸਿੰਘ ਨੂੰ ਪਹਿਲੀ ਵਾਰ ਵੇਖਿਆ ਤਾਂ ਮੈਨੂੰ ਇਹ ਵੀ ਨਹੀਂ ਜਾਪਿਆ ਕਿ ਇਹ ਆਦਮੀ ਲਿਖਾਰੀ ਵੀ ਹੋ ਸਕਦੈ। ਸੱਚੀ ਗੱਲ ਇਹ ਹੈ ਕਿ ਲਿਖਾਰੀਆਂ ਵਰਗੀ ਸੂਰਤ ਉਹਦੀ ਹੈ ਹੀ ਨਹੀਂ। ਪੱਗ ਲੀਡਰਾਂ ਵਰਗੀ, ਸੂਰਤ ਗੁਰਦੁਆਰੇ ਦੇ ਭਾਈ ਵਰਗੀ ਅਤੇ ਸ਼ਰੀਰ ਇੰਝ ਜਿਵੇਂ ਹੁਣੇ ਹੁਣੇ ਅਖਾੜੇ ਤੋਂ ਆਇਆ ਹੋਵੇ। ਲੇਕਿਨ ਉਹਦੀ ਹੌਲੀ ਹੌਲੀ, ਮਿਠੀ ਮਿੱਠੀ ਆਵਾਜ਼ ਵਿਚ ਉਹਦੀਆਂ ਗਲਾ ਸੁਣੀਆ ਤਾਂ ਮੈਨੂੰ ਪਤਾ ਲਗਾ ਕਿ ਇਸ ਭਾਰੀ ਭਰਕਮ ਸਰੀਰ ਵਿਚ ਕਿੰਨਾਂ ਬਾਰੀਕ ਬੀਨ ਅਤੇ ਦੂਰ ਦ੍ਰਿਸ਼ਟੀ ਵਾਲਾ ਦਿਮਾਗ ਕੰਮ ਕਰ ਰਹਿਆ ਹੈ। ਉਹ ਦੇ ਲੇਖ ਪੜ੍ਹੇ, ਤਾਂ ਇੰਝ ਮਾਲੂਮ ਹੋਇਆ ਕਿ ਇਹ ਆਦਮੀ ਕੇਵਲ ਇਕ ਲਿਖਾਰੀ ਨਹੀਂ, ਕੇਵਲ ਇਕ ਪੱਤਰਕਾਰ ਨਹੀਂ, ਬਲਕਿ ਇਕ ਸਿਧਾਂਤ ਨੂੰ ਸਾਹਮਣੇ ਰਖ ਕੇ ਕਲਮ ਦੀ ਮਿਸ਼ਾਲ ਹੱਥ ਵਿਚ ਲਈ ਇਕ ਅਜਿਹਾ ਮੁਸਾਫਰ ਹੈ ਜਿਹੜਾ ਅਪਣੇ ਨਾਲ ਲੱਖਾਂ ਦੂਸਰੇ ਲੋਕਾ ਨੂੰ ਇਕ ਮਹਾਨ ਮੰਜ਼ਿਲ ਵੱਲ ਲਈ ਜਾਂਦਾ ਹੈ। ਸਾਧੂ ਸਿੰਘ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਸਿੱਖ ਹੈ। ਉਹ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿੱਖੀ ਮਿਸ਼ਨ ਨੂੰ ਸਮਝਿਆ ਹੈ, ਅਪਣਾਇਆ ਹੈ ਅਤੇ ਨਿਧੜਕ ਹੋ ਕੇ ਉਹ ਦੇ ਰਸਤੇ ਉਤੇ ਅਗ ਵੱਧ ਰਹਿਆ ਹੈ। ਗੁਰੂ ਮਹਾਰਾਜ ਦਾ ਇਹ ਮਿਸ਼ਨ ਕੀ ਸੀ ? .... ਵਾਹਿਗੁਰੂ ਦਾ ਆਸਰਾ ਲੈਣਾ। ਫੇਰ ਜਬਰ ਅਤੇ ਜ਼ੁਲਮ ਅੱਗੇ ਝੁਕਣਾ ਨਹੀਂ। ਪੀੜਤ ਅਤੇ ਮਜ਼ਲੂਮ ਦਾ ਸਾਥ ਦੇਣ ਤੋਂ ਇਨਕਾਰ ਨਾ ਕਰਨਾ ਅਤੇ ਹਰ ਗੱਲ ਤੋਂ ਪਹਿਲਾਂ ਦੇਸ਼ ਦੇ ਲਈ ਸੋਚਣਾ। ਮੇਰਾ ਮਨ ਕਹਿੰਦਾ ਹੈ ਕਿ ਜਿਹੜੇ ਲੋਕ ਇਸ ਮਿਸ਼ਨ ਨੂੰ ਆਪਣੇ ਜੀਵਨ ਵਿਚ ਪੂਰੀ ਤਰ੍ਹਾਂ ਅਪਣਾ ਨਹੀਂ ਸਕੇ, ਉਹ ਪੂਰੀ ਤਰ੍ਹਾਂ ਸਿਖ ਨਹੀਂ। ਸਾਧੂ ਸਿੰਘ ਰਾਜਨੀਤਕ ਲੇਖ ਲਿਖਦਾ ਹੈ, ਧਾਰਮਿਕ ਲੇਖ ਲਿਖਦਾ ਹੈ, ਕਹਾਣੀਆਂ ਅਤੇ ਨਾਵਲ ਵੀ ਲਿਖਦਾ ਹੈ, ਪਰ ਇਹ ਮਹਾਨ ਮਿਸ਼ਨ ਉਹਦੀਆਂ ਅੱਖਾਂ ਤੋਂ ਕਦੀ ਓਝਲ ਨਹੀਂ ਹੁੰਦਾ। ਇਸ ਲਈ ਮੈਂ ਕਹਿੰਦਾ ਹਾਂ ਕਿ ਸਾਧੂ ਸਿੰਘ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਸਿੱਖ ਹੈ। ਧਰਮ ਦੇ ਨਾਲ ਪਿਆਰ, ਪੰਥ ਦੀ ਚਿੰਤਾ, ਪੰਜਾਬ ਨੂੰ ਉਪਰ ਲੈ ਜਾਣ ਦੀ ਅਭਿਲਾਸ਼ਾ ਅਤੇ ਇਨ੍ਹਾਂ ਦੇ ਨਾਲ ਅਟੁਟ ਅਤੇ ਅਮਿਟ ਦੇਸ ਭਗਤੀ............... ਇਹ ਹੈ ਸਾਧੂ ਸਿੰਘ 'ਹਮਦਰਦ'। .... ਉਹ ਐਸਾ ਸਿੱਖ ਹੈ ਜਿਸ ਦੇ ਵਾਸਤੇ ਹਰ ਭਾਰਤੀ ਆਪਣਾ ਹੈ ਐਸਾ ਪੰਜਾਬੀ ਹੈ ਜਿਸ ਦੇ ਵਾਸਤੇ ਦੇਸ਼ ਦਾ ਹਰ ਹਿੱਸਾ ਤੀਰਥ ਹੈ। ਵਾਹਿਗੁਰੂ ਕਰੇ ਸਾਧੂ ਸਿੰਘ ਜੀ ਦੀ ਇਹ ਭਾਵਨਾ ਸਦਾ ਬਣੀ ਰਹੇ ਅਤੇ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ

ਰਹਿਣ। ਲਿਖਣ ਨੂੰ ਬਹੁਤ ਕੁਝ ਹੈ, ਪਰ ਵਕਤ ਹੈ ਨਹੀਂ। ਇਸ ਲਈ ਇਕ ਵਾਰ ਫੇਰ ਆਪਨੂੰ ਵਧਾਈ ਦੇਂਦਾ ਹਾਂ ਕਿ ਸਾਧੂ ਸਿੰਘ ਨੂੰ ਸਨਮਾਨ ਕੇ ਆਪ ਜੀ ਨੇ ਇਕ ਸੱਚੇ ਪੱਤਰਕਾਰ, ਸੱਚੇ ਸਿੱਖ, ਸੱਚੇ ਪੰਜਾਬੀ ਅਤੇ ਸੱਚੇ ਭਾਰਤੀ ਨੂੰ ਸਨਮਾਨਿਆ ਹੈ।

ਆਪ ਜੀ ਦਾ,
(ਦਸਤਖ਼ਤ) ਰਣਬੀਰ
ਮੁਖ ਸੰਪਾਦਕ, ਮਿਲਾਪ, ਦਿੱਲੀ,
ਪ੍ਰਧਾਨ, ਆਲ-ਇੰਡੀਆ ਨਿਊਜ਼ ਪੇਪਰ
ਐਡੀਟਰਜ਼ ਕਾਨਫਰੰਸ।

2

ਪੰਜਾਬ ਸਰਕਾਰ ਨੇ ਸਰਦਾਰ ਸਾਧੂ ਸਿੰਘ ਹਮਦਰਦ ਦਾ ਸਨਮਾਨ ਕਰਕੇ ਇਕ ਅਜਿਹੇ ਸਾਹਿੱਤਕਾਰ ਦਾ ਸਨਮਾਨ ਕੀਤਾ ਹੈ ਜਿਹੜਾ ਆਪਣੀ ਲੇਖਣੀ ਨਾਲ ਘਟ ਤੋਂ ਘਟ 25 ਵਰ੍ਹਿਆਂ ਤੋਂ ਪੰਜਾਬ ਦੀ ਸੇਵਾ ਕਰ ਰਿਹਾ ਹੈ। ਹਮਦਰਦ ਜੀ ਦੇ ਨਾਲ ਮੇਰੀ ਪਹਿਲੀ ਮੁਲਾਕਾਤ 1939 ਜਾਂ 1940 ਵਿੱਚ ਲਾਹੌਰ ਹੋਈ ਸੀ। ਮੈਂ ਉਸ ਵੇਲੇ ਰੋਜ਼ਾਨਾ ਮਿਲਾਪ ਦਾ ਸੰਯੁਕਤ ਸੰਪਾਦਕ ਸੀ ਅਤੇ ਹਮਦਰਦ ਜੀ ਅਜੀਤ ਦੇ ਸੰਪਾਦਕੀ ਬੋਰਡ ਦੇ ਇੰਚਾਰਜ ਦੀ ਹੈਸੀਅਤ ਵਿੱਚ ਸ਼ਾਮਿਲ ਹੋਏ ਸਨ। ਸਰਦਾਰ ਲਾਲ ਸਿੰਘ ਕਮਲਾ ਅਕਾਲੀ ਇਸ ਪੱਤਰ ਦੇ ਪ੍ਰਧਾਨ ਸੰਪਾਦਕ ਸਨ ਅਰ ਥੋੜੇ ਹੀ ਦਿਨਾਂ ਵਿੱਚ ਹਮਦਰਦ ਜੀ ਨੇ ਆਪਣੀ ਲੇਖਣੀ ਦੀ ਧਾਕ ਅਜੇਹੀ ਜਮਾਈ ਕਿ ਅਜੀਤ ਤੇ ਹਮਦਰਦ ਲਾਜ਼ਮ ਮਲਜ਼ੂਮ ਹੋ ਗਏ। ਕੈਬਨਿਟ ਮਿਸ਼ਨ ਦੇ ਦਿਨਾਂ ਵਿੱਚ ਮੈਂ 'ਵੀਰ ਭਾਰਤ' ਦਾ ਸੰਪਾਦਕ ਸੀ। ਅਸੀਂ ਦੋਵੇਂ ਇਸ ਮਿਸ਼ਨ ਦੀ ਰਿਪੋਰਟਿੰਗ ਦੇ ਸਬੰਧ ਵਿੱਚ ਸ਼ਿਮਲੇ ਗਏ ਅਰ ਸਾਨੂੰ ਦੋਹਾਂ ਨੂੰ ਮਿਲ ਕੇ ਕੰਮ ਕਰਨ ਦਾ ਮੌਕਾ ਮਿਲਿਆ। ਇਸ ਦੇ ਬਾਅਦ ਪੰਜਾਬ ਦੀ ਵੰਡ ਤੋਂ ਪਹਿਲਾਂ ਅਤੇ ਮਗਰੋਂ ਜਿਹੜੇ ਸੰਪ੍ਰਦਾਇਕ ਦੰਗੇ ਹੋਏ ਉਨ੍ਹਾਂ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਵਿੱਚ ਹਮਦਰਦ ਜੀ ਨੇ ਬੜੇ ਹੌਂਸਲੇ ਨਾਲ ਕੰਮ ਕੀਤਾ। ਮਾਰਚ 1947 ਵਿੱਚ ਪਹਿਲਾ ਦੰਗਾ ਲਾਹੌਰ ਵਿੱਚ ਹੋਇਆ। ਇਹ ਅੱਗ ਕੁਝ ਦਿਨਾਂ ਦੇ ਬਾਦ ਰਾਵਲਪਿੰਡੀ, ਗੁਜਰਖਾਨ, ਕਹੂਟਾ ਅਤੇ ਦੂਰ ਦੂਰ ਦੇ ਇਲਾਕਿਆਂ ਤਕ ਫੈਲ ਗਈ। ਇਨ੍ਹਾਂ ਸਾਰਿਆਂ ਇਲਾਕਿਆਂ ਵਿੱਚ ਸਾਨੂੰ ਦੋਨਾਂ ਨੂੰ ਇਕਠੇ ਜਾਣ ਦਾ ਮੌਕਾ ਮਿਲਿਆ। ਮੈਂ ਉਨ੍ਹਾਂ ਦਿਨਾਂ "ਜੈ ਹਿੰਦ" ਦਾ ਸੰਪਾਦਕ ਸੀ। ਵਾਪਸੀ ਤੇ ਅਸੀਂ ਆਪਣੇ ਅਖ਼ਬਾਰਾਂ ਵਿੱਚ ਇਸ ਜ਼ੁਲਮ ਦੇ ਖ਼ਿਲਾਫ਼ ਲੇਖ ਪ੍ਰਕਾਸ਼ਤ ਕੀਤੇ ਤੇ 'ਅਜੀਤ' ਅਤੇ 'ਜੈ ਹਿੰਦ' ਦੋਨਾਂ ਅਖ਼ਬਾਰਾਂ ਉੱਤੇ ਸਰਕਾਰ ਨੇ ਵਾਰ ਕੀਤਾ। ਹਮਦਰਦ ਜੀ ਦੀ ਇਸ ਹਿੰਮਤ ਦੀ ਦਾਦ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਅਲਪ ਸੰਖਿਅਕ ਫਿਰਕਿਆਂ ਦੇ ਖਿਲਾਫ਼ ਅਗਰੇਜ਼

ਸਰਕਾਰ ਦੇ ਮੁਸਲਿਮ ਲੀਗ ਦੇ ਸਾਸ਼ਸ਼ ਕਰਨ ਦੇ ਖ਼ਿਲਾਫ਼ ਡਟਕੇ ਆਪਣੇ ਅਖ਼ਬਾਰ ਵਿੱਚ ਲਿਖਿਆ ਅਰ ਜਿਸ ਵੇਲੇ ਪੰਜਾਬ ਦੀ ਵੰਡ ਦੇ ਚਰਚੇ ਹੋ ਰਹੇ ਸਨ ਉਨ੍ਹਾਂ ਨੇ ਮਹਾਤਮਾ ਗਾਂਧੀ ਅਤੇ ਮਿਸਟਰ ਜਿਨਾਹ ਦੋਹਾਂ ਨਾਲ ਮਿਲ ਕੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜੇ ਪਾਕਿਸਤਾਨ ਜ਼ਰੂਰੀ ਬਣਨਾ ਹੈ ਤਾਂ ਸੁਤੰਤਰ ਪੰਜਾਬ ਦੀ ਰੂਪ ਰੇਖਾ ਵੀ ਬਣਨੀ ਚਾਹੀਦੀ ਹੈ । ਜੇ ਇਹ ਕਿਹਾ ਜਾਵੇ ਕਿ ਇਸੇ ਯੋਜਨਾ ਨੇ ਜਿਸਨੂੰ ਕਿ ਕਈ ਹੋਰ ਨੇਤਾਵਾਂ ਨੇ ਭੀ ਅਪਨਾਇਆ ਹੈ ਪੰਜਾਬੀ ਸੂਬੇ ਦੇ ਅੰਦੋਲਨ ਦੀ ਬੁਨਿਆਦ ਰਖੀ ਹੈ ਇਹ ਕੋਈ ਗਲਤ ਬਿਆਨੀ ਨਹੀਂ ਹੋਵੇਗੀ। ਦੇਸ਼ ਦੀ ਵੰਡ ਮਗਰੋਂ ਉਰਦੂ 'ਅਜੀਤ' ਜਲੰਧਰ ਤੋਂ ਪ੍ਰਕਾਸ਼ਤ ਹੋਣ ਲੱਗ ਪਿਆ । ਇਹਦੇ ਸੰਪਾਦਕ ਦੀ ਹੈਸੀਅਤ ਨਾਲ ਹਮਦਰਦ ਜੀ ਨੇ ਵਿਚਾਰਾਂ ਦੀ ਸੁਤੰਤਰਤਾ ਕਾਇਮ ਰਖਣ ਲਈ ਕਿੰਨਾ ਹੌਸਲਾ ਵਿਖਾਇਆ ਹੈ ਉਸਦਾ ਵਰਣਨ ਕਰਨ ਦੀ ਕੋਈ ਖਾਸ ਲੋੜ ਨਹੀਂ । ਇਕ ਵਰਕਰ ਦੀ ਹੈਸੀਅਤ ਨਾਲ ਹਮਦਰਦ ਜੀ ਦਾ ਆਪਨਾ ਪੰਜਾਬੀ ਅਖ਼ਬਾਰ ਸ਼ੁਰੂ ਕਰਨਾ ਅਤੇ ਦਿਨ ਰਾਤ ਮਿਹਨਤ ਕਰਕੇ ਇਸ ਨੂੰ ਪੰਜਾਬ ਦਾ ਚੋਟੀ ਦਾ ਅਖ਼ਬਾਰ ਬਣਾ ਦੇਣਾ ਪੱਤਰਕਾਰਿਤਾ ਦੇ ਇਤਿਹਾਸ ਵਿੱਚ ਬਹੁਤ ਵੱਡਾ ਕਾਰਨਾਮਾ ਹੈ । ਵੱਡੀ ਤੋਂ ਵੱਡੀ ਮੁਸ਼ਕਲ ਵਿੱਚ ਵੀ ਹਮਦਰਦ ਜੀ ਨੇ ਕਿਸੇ ਰਾਜਨੀਤਕ ਦਲ ਜਾਂ ਪੂੰਜੀਪਤੀ ਅੱਗੇ ਹੱਥ ਨਹੀਂ ਕਰਿਆ ਅਤੇ ਨਾ ਹੀ ਆਪਣੇ ਆਪ ਨੂੰ ਕਿਸੇ ਸਰਕਾਰ ਦੇ ਸਾਹਮਣੇ ਝੁਕਾਇਆ । ਪੰਜਾਬੀ ਸੂਬੇ ਦੀ ਸਥਾਪਨਾ ਲਈ ਇਨ੍ਹਾਂ ਨੇ ਆਪਣੀ ਲੇਖਣੀ ਦਾ ਬੜੀ ਨਿਡਰਤਾ ਨਾਲ ਪ੍ਰਯੋਗ ਕੀਤਾ ਹੈ ਅਤੇ ਜਦ ਕਦੇ ਵੀ ਪੰਜਾਬੀ ਸੂਬਾ ਤੇ ਪੰਜਾਬੀ ਭਾਸ਼ਾ ਦਾ ਇਤਿਹਾਸ ਲਿਖਿਆ ਜਾਵੇਗਾ, ਹਮਦਰਦ ਜੀ ਦਾ ਨਾਂ ਉਸ ਵਿੱਚ ਸੁਨਹਿਰੀ ਅਖਰਾਂ ਵਿੱਚ ਲਿਖਿਆ ਜਾਵੇਗਾ ।

ਇਕ ਨਿਡਰ ਤੇ ਬੇਖ਼ੌਫ਼ ਪੱਤਰਕਾਰ ਹੋਣ ਤੋਂ ਛੁਟ ਹਮਦਰਦ ਜੀ ਉਰਦੂ ਤੇ ਪੰਜਾਬੀ ਦੋਨਾਂ ਦੇ ਕਵੀ ਤੇ ਉਪਨਿਆਸਕਾਰ ਹਨ । ਆਮ ਤੌਰ ਤੇ ਕਈ ਕਵੀ ਤੇ ਉਪਨਿਆਸਕਾਰ ਆਪਨੀ ਲੇਖਨੀ ਦਾ ਪ੍ਰਯੋਗ ਪੈਸਾ ਕਮਾਉਣ ਵਾਸਤੇ ਕਰਦੇ ਹਨ ਪਰ ਹਮਦਰਦ ਜੀ ਨੇ ਦੇਸ਼, ਜਾਤੀ ਤੇ ਸੰਸਕ੍ਰਿਤੀ ਦੀ ਸੇਵਾ ਤੇ ਉੱਨਤੀ ਵਾਸਤੇ ਆਪਣੀ ਲੇਖਨੀ ਦਾ ਪ੍ਰਯੋਗ ਕੀਤਾ ਹੈ ਅਤੇ ਕਰ ਰਹੇ ਹਨ । ਉਨ੍ਹਾਂ ਨੇ ਆਪਣੇ ਉਪਨਿਆਸਾਂ ਵਿੱਚ ਪੰਜਾਬ ਵਿੱਚ ਵੀਰਤਾ ਦੀ ਨਵੀਂ ਰੂਹ ਭਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਜਿਸ ਨੇ ਹਮੇਸ਼ਾ ਦੇਸ਼ ਦੀ ਰਖਿਆ ਲਈ ਕੁਰਬਾਨੀਆਂ ਕੀਤੀਆਂ ਹਨ ਅੱਜ ਵੀ ਭਾਰਤ ਦੀ ਰਖਿਆ ਲਈ ਇਕ ਤਲਵਾਰ ਤੇ ਢਾਲ ਦਾ ਕੰਮ ਕਰ ਸਕਦਾ ਹੈ । ਕੁਝ ਲੋਕ ਕੇਵਲ ਰਾਜਨੀਤਕ ਨੇਤਾ ਹੁੰਦੇ ਹਨ, ਕੁਝ ਲੋਕ ਕੇਵਲ ਪੱਤਰਕਾਰ ਤੇ ਕੁਝ ਲੋਕ ਕੇਵਲ ਕਵੀ ਜਾਂ ਉਪਨਿਆਸਕਾਰ ਹੁੰਦੇ ਹਨ । ਇਹ ਸਾਰੀਆਂ ਖੂਬੀਆਂ ਕਿਸੇ ਇਕ ਵਿਅਕਤੀ ਵਿੱਚ ਬੜੀਆਂ ਘਟ ਹੁੰਦੀਆਂ ਹਨ । ਹਮਦਰਦ ਜੀ ਨੂੰ ਇਸ ਗੱਲ ਦੀ ਨੇਕਨਾਮੀ ਮਿਲਨੀ ਚਾਹੀਦੀ ਹੈ ਕਿ ਉਨ੍ਹਾਂ ਵਿੱਚ ਇਹ ਸਾਰੇ ਗੁਣ ਹਨ । ਪੰਜਾਬ ਸਰਕਾਰ ਤੇ ਵਿਸ਼ੇਸ਼ ਕਰ ਮੁਖ ਮੰਤਰੀ ਸਰਦਾਰ ਲਛਮਣ ਸਿੰਘ ਗਿੱਲ ਧੰਨਵਾਦ ਦੇ ਪਾਤਰ ਹਨ ਕਿ ਉਨਾਂ ਨੇ ਹਮਦਰਦ ਜੀ

ਦੇ ਇਨ੍ਹਾਂ ਗੁਣਾਂ ਦੀ ਪ੍ਰਸ਼ੰਸਾ ਕਰਦੇ ਹੋਏ 13 ਅਪ੍ਰੈਲ ਨੂੰ ਪੰਜਾਬ ਦੇ ਚੋਟੀ ਦੇ ਸਾਹਿੱਤਕ ਕਵੀਆਂ ਤੇ ਉਪਨਿਆਸਕਾਰਾਂ ਦੇ ਸਨਮੁਖ ਹਮਦਰਦ ਜੀ ਦਾ ਸਨਮਾਨ ਕੀਤਾ ਹੈ ।

ਸ੍ਰੀ ਜਮਨਾ ਦਾਸ ਅਖਤਰ

3

ਜਿਨੀ ਦਿਨੀਂ ਸਰਦਾਰ ਸਾਧੂ ਸਿੰਘ 'ਹਮਦਰਦ ਨੇ ਉਰਦੂ ਪਤਰਕਾਰੀ ਨੂੰ ਅਪਣਾਇਆ ਉਨੀਂ ਦਿਨੀਂ ਪੱਤਰਕਾਰੀ ਇਕ ਮਿਸ਼ਨ, ਇਕ ਮੰਤਵ ਹੁੰਦੀ ਸੀ, ਪੇਸ਼ਾ ਜਾਂ ਕਿੱਤਾ ਨਹੀਂ ਜਿਵੇਂ ਕਿ ਅੱਜ ਕਲ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਪੰਥ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਤਾਂ ਸਿਰ ਧਰ ਤਲੀ ਗਲੀ ਮੇਰੀ ਆਓ ਇਸ ਮਹਾਨ ਮਿਸ਼ਨ ਦੀ ਲਾਜ਼ਮੀ ਸ਼ਰਤ ਠਹਿਰਾਈ । ਆਜ਼ਾਦੀ ਦੀ ਪ੍ਰਾਪਤੀ ਤੋਂ ਪਹਿਲਾਂ ਦੀ ਪੱਤਰਕਾਰੀ ਦੇ ਮਿਸ਼ਨ ਦੀਆਂ ਭੀ ਕੁਝ ਲਾਜ਼ਮੀ ਸ਼ਰਤਾਂ ਹੁੰਦੀਆਂ ਸਨ, ਆਜ਼ਾਦੀ ਲਈ ਤੜਪ ਇਸ ਦੀ ਖਾਤਰ ਕੁਰਬਾਨੀ ਦੇਣ ਦਾ ਜਜ਼ਬਾ, ਚੰਗਾ ਲਿਖਾਰੀ ਹੋਣਾ ਜਾਂ ਲਿਖਾਰੀ ਬਨਣ ਦੀ ਲਗਨ । ਜਿਸ ਵਿਅਕਤੀ ਵਿੱਚ ਲਿਖਣ ਲਿਖਾਣ ਦੀ ਰੁਚੀ ਨਹੀਂ ਸੀ ਹੁੰਦੀ ਉਹ ਪੱਤਰਕਾਰੀ ਦੇ ਕੂਚੇ ਵਿੱਚ ਪੈਰ ਰਖਣ ਦਾ ਸਾਹਸ ਹੀ ਨਹੀਂ ਸੀ ਕਰਿਆ ਕਰਦਾ । ਉਨ੍ਹਾਂ ਦਿਨਾ ਦੀਆਂ ਹੀ ਘਾਲਾਂ ਦਾ ਸਦਕਾ ਹੈ ਕਿ ਸਰਦਾਰ ਸਾਧੂ ਸਿੰਘ 'ਹਮਦਰਦ' ਅੱਜ ਨਾ ਕੇਵਲ ਪੰਜਾਬੀ ਪੱਤਰਕਾਰਾਂ ਵਿੱਚ ਬਲਕਿ ਪੰਜਾਬ ਦੇ ਉਰਦੂ ਪੰਜਾਬੀ ਅਤੇ ਹਿੰਦੀ ਪੱਤਰਕਾਰਾਂ ਵਿੱਚ ਇਸ ਦ੍ਰਿਸ਼ਟੀਕੋਣ ਤੋਂ ਸਿਰ ਕਢਵੇਂ ਅਤੇ ਸਰਫਹਰਿਸਤ ਹਨ ਕਿ ਜਿੰਨਾ ਕੰਮ ਇਹ ਕਰਦੇ ਹਨ ਉਨ੍ਹਾਂ ਕੋਈ ਹੋਰ ਨਹੀਂ ਕਰਦਾ । ਅਤੇ ਉਨ੍ਹਾਂ ਦੇ ਕੰਮ ਦੀ ਭਿੰਨਤਾ ਨੂੰ ਦੇਖਕੇ ਹੋਰ ਭੀ ਹੈਰਾਨੀ ਹੁੰਦੀ ਹੈ ਕਿਉਂ ਜੋ ਇਹ ਕੰਮ ਸਿਆਸੀ ਮਜ਼ਮੂਨ ਨਗਾਰੀ ਤੋਂ ਲੈ ਕੇ ਉੱਚੇ ਮੌਲਿਕ ਸਾਹਿਤ ਦੀ ਰਚਨਾ ਤਾਈਂ ਫੈਲਿਆ ਹੋਇਆ ਹੈ । ਅਤੇ ਇਸ ਦੇ ਨਾਲ ਨਾਲ ਇਹ ਸਿਆਸੀ ਲੀਡਰੀ ਦੇ ਤਕਾਜ਼ੇ ਭੀ ਪੂਰੇ ਕਰਦੇ ਹਨ । ਉਰਦੂ ਪੱਤਰਕਾਰਾਂ ਵਿੱਚੋਂ ਕੇਵਲ ਸ੍ਰੀ ਜਮਨਾ ਦਾਸ ਅਖ਼ਤਰ, ਭੂਤ ਪੂਰਵ ਐਡੀਟਰ "ਤੇਜ" ਅਤੇ "ਸਵੇਰਾ" (ਦਿੱਲੀ) ਹਾਲ ਚੇਅਰਮੈਨ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ, ਪੰਜਾਬ ਨੂੰ ਹੀ ਇਨ੍ਹਾਂ ਦੇ ਮੁਕਾਬਲੇ ਵਿੱਚ ਰਖਿਆ ਜਾ ਸਕਦਾ ਹੈ ਪਰ ਉਨ੍ਹਾਂ ਨੇ ਭੀ ਇਨ੍ਹਾਂ ਵਰਗਾ ਭਿੰਨ ਭਿੰਨ ਸਾਹਿਤਕ ਕੰਮ ਥੋੜੇ ਸਮੇਂ ਲਈ ਕੀਤਾ ਸੀ । 'ਹਮਦਰਦ' ਤਾਂ ਸਾਲਾਂ ਬੱਧੀ ਇਕ ਮਸ਼ੀਨ ਵਾਂਗੂੰ ਇਸ ਭਿੰਨ ਭਿੰਨ ਕੰਮ ਨੂੰ ਇਕਸਾਰਤਾ ਨਾਲ ਨਿਭਾਈ ਚਲੇ ਆਉਂਦੇ ਹਨ ਅਤੇ ਉਨਾਂ ਦੇ ਰਚਨਾਵਾਂ ਦੇ ਮਿਆਰ ਵਿੱਚ ਕੋਈ ਫਰਕ ਨਹੀਂ ਆਇਆ ਸਰਦਾਰ 'ਹਮਦਰਦ' ਦਾ ਰੋਜ਼ਾਨਾ 'ਅਜੀਤ' ਉਰਦੂ ਦੀ ਐਡੀਟਰੀ ਤੋਂ ਲੈ ਕੇ ਦੈਨਿਕ 'ਅਜੀਤ' ਪੰਜਾਬੀ ਦੀ ਐਡੀਟਰੀ ਅਤੇ ਪ੍ਰੋਪਰਾਈਟਰਸ਼ਿਪ ਤੇਂਡੀ ਬੜਾ ਲੰਮਾ ਪੈਂਡਾ ਹੈ ਜਿਸ ਦੇ ਵਖ ਵਖ ਪੜਾ ਆਪਣੇ ਤੌਰ ਤੇ ਇਕ ਵਖਰਾ ਵਿਸ਼ਾ ਅਤੇ ਇਹ ਲੇਖ ਉਨ੍ਹਾਂ ਵਖ ਵਖ ਪੜਾਵਾਂ ਦੇ ਤਜਰਬੇ ਦੀ ਭਾਲ ਨਹੀਂ ਝਲ ਸਕੇਗਾ । ਸਰਦਾਰ 'ਹਮਦਰਦ' ਰੋਜ਼ ਜਿੰਨਾਂ ਕੰਮ ਕਰਦੇ ਹਨ ਉਹ ਸਾਰੇ ਪਤਰਕਾਰਾਂ ਲਈ ਇਕ ਸੁਚੱਜੀ ਮਿਸਾਲ ਹੈ । । ਇਨ੍ਹਾਂ ਦੇ ਘਟੋ

ਘਟ ਦੋ ਨਾਵਲ ਸਦਾ ਹੀ ਦੈਨਿਕ 'ਅਜੀਤ' ਵਿੱਚ ਚਲਦੇ ਰਹਿੰਦੇ ਹਨ ਜਿਨ੍ਹਾਂ ਦੀਆਂ ਕਿਸ਼ਤਾਂ ਹਫਤੇ ਪਿੱਛੋਂ ਛਪਦੀਆਂ ਹਨ । ਇਨ੍ਹਾਂ ਤੋਂ ਇਲਾਵਾ ਇਹ ਪ੍ਰਤੀ ਦਿਨ ਆਪਣੇ ਅਖਬਾਰ ਦਾ ਦੋ ਕਾਲਮਾਂ ਲੀਡਿੰਗ ਆਰਟੀਕਲ ਲਿਖਦੇ ਹਨ । ਇਕ ਹਾਸ ਰਸ ਦੀ ਕਵਿਤਾ ਜਾਂ ਮਾਡਰਨ ਗਜ਼ਲ ਰੋਜ਼ ਲਿਖਦੇ ਹਨ । ਦੂਜੇ ਪੱਤਰਾਂ ਉੱਤੇ ਚੋਟਾਂ ਤੇ ਟਕੋਰਾਂ ਦਾ ਕਾਲਮ ਭੀ ਆਪ ਲਿਖਦੇ ਹਨ । ਇਕ ਅਧ ਵਿਸ਼ੇਸ਼ ਆਰਟੀਕਲ ਹਰ ਰੋਜ਼ ਨਹੀਂ ਤਾਂ ਹਫਤੇ ਵਿੱਚ ਚਾਰ ਪੰਜ ਦਿਨ ਜ਼ਰੂਰ ਲਿਖਦੇ ਹਨ । ਆਪਣੇ ਅਖਬਾਰ ਦੀ ਸਾਰੀ ਸਿਆਸੀ ਅਤੇ ਸਾਹਿਤਕ ਚਿੱਠੀ ਪਤਰੀ ਆਪ ਹੀ ਕਰਦੇ ਹਨ ਤੇ ਇਸ ਦੇ ਨਾਲ ਨਾਲ "ਗਜ਼ਲ" ਵਰਗੀ ਉੱਚੇ ਦਰਜੇ ਦੀ ਮੌਲਿਕ ਕਵਿਤਾ ਦੀ ਰਚਨਾ ਲਈ ਭੀ ਸਮਾਂ ਅਤੇ ਸ਼ਕਤੀ ਲਗਾਉਂਦੇ ਹਨ । ਬਾਰਾਂ ਤੇਰਾਂ ਉਰਦੂ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਅਖਬਾਰਾਂ ਦਾ ਅਧਿਅਨ ਇਨ੍ਹਾਂ ਦਾ ਰੋਜ਼ ਦਾ ਮਾਮੂਲ ਹੈ ਅਤੇ ਇਨ੍ਹਾਂ ਦਾ ਕੰਮ ਭਰਪੂਰ ਦਿਨ ਇਸ ਅਧਿਅਨ ਨਾਲ ਆਰੰਭ ਹੁੰਦਾ ਹੈ । ਜਦ ਤਾਈਂ ਸੂਰਜ ਕੰਵਲ ਸਰੂਰ ਜਿੰਦਾ ਰਹੇ ਹਮਦਰਦ ਜੀ ਦਾ ਮਕਾਨ ਜਾਂ ਦਫਤਰ ਬਜ਼ਮੇਂ ਅਦਬ ਦੀਆਂ ਹਫਤਾਵਾਰੀ ਮੀਟਿੰਗਾਂ ਤੇ ਕਵੀ ਦਰਬਾਰਾਂ ਦਾ ਕੇਂਦਰ ਬਣਿਆ ਰਹਿੰਦਾ ਹੈ ਅਤੇ ਹਮਦਰਦ ਜੀ ਹਰ ਮੀਟਿੰਗ ਵਿੱਚ ਬਾਕਾਇਦਗੀ ਨਾਲ ਇਸ ਵਿੱਚ ਸਰਗਰਮ ਹਿੱਸਾ ਲੈਂਦੇ ਸਨ । ਆਪ ਜੀ ਹੁਣ ਭੀ ਬਜ਼ਮੇਂ ਅਦਬ ਪੰਜਾਬ ਦੇ ਪ੍ਰਧਾਨ ਹਨ ਪਰ ਸ੍ਰੀ ਸਰੂਰ ਦੇ ਸਵਰਗਵਾਸ ਹੋਣ ਪਿੱਛੋਂ ਬਜ਼ਮ ਦੀਆਂ ਸਰਗਰਮੀਆਂ ਕਾਫੀ ਘਟ ਗਈਆਂ ਹਨ । ਕਹਿਣ ਦਾ ਮਤਲਬ ਇਹ ਹੈ ਕਿ ਸ੍ਰੀ ਹਮਦਰਦ ਪਤਰਕਾਰ ਦੀ ਹੈਸੀਅਤ ਵਿੱਚ ਲਗਨ ਮਿਹਨਤ ਸਾਹਿਤਕ ਯੋਗਤਾ ਸਿਆਸਤਦਾਨੀ, ਸਿਆਸਤ ਫਹਿਮੀ, ਸਿਆਸਤ ਰਾਨੀ (ਸਿਆਸਤ ਨੂੰ ਚਲਾਉਣਾ) ਅਤੇ ਆਪਣੇ ਵਿਅਕਤੀਗਤ ਅਤੇ ਹੁਸਨੇ ਸਲੂਕ ਕਾਰਨ ਇਕ ਹਰਮਨ ਪਿਆਰੀ ਅਤੇ ਮਹਾਨ ਸ਼ਖਸੀਅਤ ਬਣ ਚੁੱਕੇ ਹਨ ਜਿਸ ਦੀ ਛਾਪ ਪੰਜਾਬ ਦੀ ਸਿਆਸਤ ਅਤੇ ਪੰਜਾਬੀ ਸਾਹਿਤ ਤੇ ਸਦਾ ਬਰਕਰਾਰ ਰਹੇਗੀ । ਇਨ੍ਹਾਂ ਦੀ ਸਿਆਸਤ ਨਾਲ ਇਖਤਲਾਫ ਹੋ ਸਕਦਾ ਹੈ ਪਰ ਇਨ੍ਹਾਂ ਦੇ ਖਲੂਸ ਨੂੰ ਵੰਗਾਰਿਆ ਨਹੀਂ ਜਾ ਸਕਦਾ ।

ਦੇਸ ਰਾਜ ਸ਼ਰਮਾ,
ਐਡੀਟਰ ਇੰਚਾਰਜ
'ਪਰਤਾਪ' ਜਲੰਧਰ

ਰਚਨਾਵਾਂ

ਤਕਸੀਮ ਪੰਜਾਬ (ਉਰਦੂ)	1942
ਆਜ਼ਾਦ ਪੰਜਾਬ (,,)	1943
ਪੰਥ ਅਜ਼ਾਦ ਦੇਸ਼ ਅਜ਼ਾਦ	1945
ਜੀਨਤ ਬਘੇਲ ਸਿੰਘ (ਨਾਵਲ)	1956
ਗਜ਼ਲ	1963
ਮਾਡਰਨ ਗਜ਼ਲ	1967

ਕਿਸ਼ਤਾਂ ਵਿਚ ਲੜੀਵਾਰ ਛਪੀਆਂ ਰਚਨਾਵਾਂ:

1.	ਟੱਕਰ	ਇਤਿਹਾਸਕ ਨਾਵਲ
2.	ਕੁਰਬਾਨੀ	,, ,,
3.	ਸ਼ਹੀਦ	,, ,,
4.	ਉਦੇਸ਼	,, ,,
5.	ਸਟੈਲਾ ਬਹਾਦਰ ਸਿੰਘ	,, ,,
6.	ਅੱਗ ਦੀ ਨਾਲ	ਸਮਾਜਿਕ ਨਾਵਲ
7.	ਸਿਦਕ	ਇਤਿਹਾਸਕ ਨਾਵਲ
8.	ਵਫ਼ਾਦਾਰੀ	ਇਤਿਹਾਸਕ ਨਾਵਲ
9.	ਸੁਪਨਾ	ਇਤਿਹਾਸਕ ਨਾਵਲ
10.	ਖ਼ੂਨ	ਜਾਸੂਸੀ ਨਾਵਲ
11.	ਹਠ	ਇਤਿਹਾਸਕ ਨਾਵਲ
12.	ਅਸਲਾ	ਸਮਾਜਿਕ ਨਾਵਲ
13.	ਧੋਖਾ	ਜਾਸੂਸੀ ਨਾਵਲ
14.	ਜੰਗ	ਅਜ਼ਾਦੀ ਬਾਰੇ ਨਾਵਲ
15.	ਮੰਡੀ	ਸਮਾਜਕ ਨਾਵਲ
16.	ਸਾਜ਼ਿਸ਼	ਜਾਸੂਸੀ ਨਾਵਲ
17.	ਚਾਬੀ	ਸਮਾਜਿਕ ਨਾਵਲ

18.	ਖ਼ਤ	ਇਤਿਹਾਸਕ ਨਾਵਲ
19.	ਕਤਲ	ਸਮਾਜਿਕ ਨਾਵਲ
20.	ਭੁਲੇਖਾ	ਸਮਾਜਿਕ ਨਾਵਲ
21.	ਦਗਾ	ਜਾਸੂਸੀ ਨਾਵਲ
22.	ਬਦਲਾ	ਇਤਿਹਾਸਕ ਨਾਵਲ
23.	ਨਿਰਛਲ	ਫਿਲਮੀ ਨਾਵਲ

ਕਹਾਣੀਆਂ :

1. ਭਾਂਬੜ ਮਚਦਾ ਰਿਹਾ
2. ਕਿੰਨਾ ਬਦਲ ਗਿਆ ਇਨਸਾਨ

ਪੰਜਾਬੀ ਪੱਤਰਕਾਰੀ ਤੇ 'ਹਮਦਰਦ'

ਡਾਕਟਰ ਐਮ. ਐਸ. ਰੰਧਾਵਾ

ਪੱਤਰਕਾਰੀ ਇਕ ਕਲਾ ਹੈ । ਪਰ ਇਸ ਦਾ ਸਬੰਧ ਭਾਵਨਾ ਦੀ ਥਾਂ ਵਿਚਾਰ ਨਾਲ ਹੈ । ਜੇ ਚੰਗਾ ਸਾਹਿਤਕਾਰ ਮਨੁਖ ਦੇ ਜਜ਼ਬਿਆਂ ਨੂੰ ਟੁੰਬ ਕੇ ਨਵੇਂ ਰਾਹ ਦਿਖਾਦਾ ਹੈ ਤਾਂ ਚੰਗਾ ਪੱਤਰਕਾਰ ਮਨੁੱਖੀ ਵਿਚਾਰਾਂ ਨੂੰ ਨਿਗਰ ਸੂਝਾ ਤੇ ਨਰੋਈਆਂ ਸੇਧਾਂ ਦੇਂਦਾ ਹੈ । ਪੰਜਾਬੀ ਦੇ ਸਾਹਿਤਕਾਰ ਨੂੰ ਤਾਂ ਥੋੜੀਆਂ ਘਾਲਨਾਵਾਂ ਤੋਂ ਬਾਅਦ ਛੇਤੀ ਹੀ ਸੁਹਿਰਦ ਪਾਠਕਾਂ ਦੇ ਦਿਲਾਂ ਵਿੱਚ ਥਾਂ ਮਿਲ ਗਈ ਪਰ ਪੰਜਾਬੀ ਦੇ ਪਤਰਕਾਰ ਨੂੰ ਇਹ ਥਾਂ ਪਰਾਪਤ ਕਰਨ ਲਈ ਹੁਣ ਤਕ ਜਦੋਜਹਿਦ ਕਰਨੀ ਪੈ ਰਹੀ ਹੈ । ਕੁਝ ਵਰ੍ਹੇ ਪਹਿਲਾਂ ਤਕ ਤਾਂ ਕੋਈ ਵੀ ਚੰਗਾ ਘਰਾਣਾ ਜਾਂ ਉੱਚੇ ਪੱਧਰ ਦਾ ਪਾਠਕ ਪਜਾਬੀ ਦੇ ਕਿਸੇ ਅਖਬਾਰ ਨੂੰ ਆਪਣੇ ਪਾਸ ਜਾਂ ਮੇਜ਼ ਉਤੇ ਰਖਣਾ ਹੱਤਕ ਸਮਝਦਾ ਸੀ, ਮੈਂ ਭਾਵੇਂ ਉਦੋਂ ਵੀ ਪੰਜਾਬੀ ਦੇ ਅਖਬਾਰਾਂ ਨਾਲ ਨਿੱਘਾ ਪਿਆਰ ਕਰਦਾ ਸਾਂ, ਪਰ ਗਲ ਤਾਂ ਸਾਧਾਰਣ ਪਾਠਕ ਦੀ ਹੋ ਰਹੀ ਹੈ ।

ਅੱਜ ਤੋਂ ਲਗ ਭਗ 12 ਸਾਲ ਪਹਿਲਾ ਪੰਜਾਬੀ ਅਖਬਾਰਾਂ ਵਿੱਚ ਰਖਿਆ ਵੀ ਕੀ ਸੀ; ਘਟੀਆ ਜਿਹੇ ਨਿਊਜ਼ ਪ੍ਰਿਟ ਉਤੇ ਛਪੇ ਨਿਕੇ ਨਿੱਕੇ ਦੋ ਚਾਰ ਸਫੇ, ਉਹ ਵੀ ਮੋਟੇ ਟਾਈਪ ਵਿੱਚ । ਉਸ ਸਮੇਂ ਦੇ ਅਖਬਾਰ ਤਾਂ ਰਾਹਾਂ ਵਿੱਚ ਸੁਟੇ ਗਏ ਇਸ਼ਤਿਹਾਰਾਂ ਤੋਂ ਬਿਨਾਂ ਕੁਝ ਨਹੀਂ ਸਨ ਜਾਪਦੇ । ਉਨ੍ਹਾਂ ਦਿਨਾਂ ਵਿੱਚ ਤਾਂ ਸਰਕਾਰ ਵਲੋਂ ਵੀ ਅਜਿਹਾ ਕੋਈ ਹਮਦਰਦੀ ਭਰਿਆ ਹੱਥ ਨਹੀਂ ਸੀ ਵਧਾਇਆ ਜਾਂਦਾ ਜਿਸ ਰਾਹੀਂ ਇਹ ਅਖਬਾਰ ਆਪਣੇ ਪੈਰਾਂ ਉਤੇ ਖੜੇ ਹੋਣ ਦੀ ਕੋਸ਼ਿਸ਼ ਕਰ ਸਕਦੇ ਤੇ ਅਪਣੇ ਸਮਕਾਲੀ ਤੇ ਮੁਕਾਬਲੇ ਦੇ ਉਰਦੂ ਅਖਬਾਰਾਂ ਜਿਹਾ ਆਕਾਰ ਤੇ ਨਿਖਾਰ ਲਿਆ ਸਕਦੇ । ਰਹੀ ਗੱਲ ਉਸ ਸਮੇਂ ਦੇ ਪਾਠਕ ਦੀ, ਉਹ ਤਾਂ ਆਮ ਤੋਰ ਤੇ ਵਪਾਰਕ ਬਿਰਤੀ ਕਾਰਨ ਘੱਟ ਪੈਸਿਆਂ ਨਾਲ ਵਡਾ ਤੇ ਨਿੱਗਰ ਉਰਦੂ ਅਖਬਾਰ ਖਰੀਦ ਕੇ ਪੜ੍ਹਨਾਂ ਲਾਹੇਵੰਦ ਸਮਝਦਾ ਸੀ । ਉਨ੍ਹਾਂ ਦਿਨਾ ਵਿੱਚ ਤਾਂ ਪੰਜਾਬੀ ਅਖਬਾਰਾਂ ਦੇ ਖਰੀਦ–ਦਾਰ ਕੇਵਲ ਧਾਰਮਕ ਬਿਰਤੀਆਂ ਵਾਲੇ ਬਿਰਧ ਲੋਕ ਤੇ ਉਰਦੂ ਨਾ ਜਾਨਣ ਵਾਲੀਆਂ ਇਸਤ੍ਰੀਆਂ ਹੀ ਸਮਝੇ ਜਾਂਦੇ ਸਨ । ਕੁਝ ਤਾਂ ਇਸੇ ਹੀਨਤਾ ਦੀ ਭਾਵਨਾ ਨੇ ਪਜਾਬੀ ਪਤਰਕਾਰੀ ਨੂੰ ਉਪਰ ਨਾ ਉਠਣ ਦਿਤਾ ਤੇ ਕੁਝ ਪਜਾਬੀ ਪਤਰਕਾਰ ਵੀ ਨਵੀਆਂ ਲੀਹਾਂ ਤੇ ਨਰੋਏ ਤਜਰਬਿਆਂ ਦਾ ਰਾਹ ਅਪਨਾਉਣ ਦਾ ਜੋਖਮ ਸਹੇੜ ਕੇ ਆਪਣਾ ਤੇ ਆਪਣੇ ਅਖਬਾਰ ਦਾ ਭਵਿਖ ਖਤਰੇ ਵਿੱਚ

ਨਹੀਂ ਸਨ ਪਾਉਣਾ ਚਾਹੁੰਦੇ । ਇਸ ਲਈ ਪਰਾਣੀਆਂ ਲੀਹਾਂ ਤੇ ਸੀਮਤ ਪਾਠਕਾਂ ਦੇ ਹੋਣ ਕਾਰਨ ਚੰਗੇ ਪੱਤਰਕਾਰ ਪੰਜਾਬੀ ਦੇ ਖੇਤਰ ਵਿੱਚ ਪੈਰ ਪਾਉਣ ਦਾ ਹੀਆ ਵੀ ਨਹੀਂ ਸਨ ਕਰਦੇ । ਸਰਕਾਰ ਵਲੋਂ ਵੀ ਅਜਿਹੀ ਕੋਈ ਸਰਪਰਸਤੀ ਨਹੀਂ ਸੀ ਮਿਲ ਰਹੀ ਜਿਸ ਦੇ ਆਸਰੇ ਪੰਜਾਬੀ ਪੱਤਰਕਾਰ ਕੋਈ ਨਵੇਂ ਤਜਰਬੇ ਕਰ ਸਕਦੇ । ਉਂਗਲਾਂ ਤੇ ਗਿਣੇ ਜਾਣ ਵਾਲੇ ਪੰਜਾਬੀ ਪਿਆਰਿਆਂ ਦੇ ਸਦਕੇ ਇਹ ਅਖ਼ਬਾਰ ਦਿਨ ਕਟ ਰਹੇ ਸਨ ।

ਅਖੀਰ ਵੀਹ ਸਾਲ ਦੀ ਉਰਦੂ ਪੱਤਰਕਾਰੀ ਦੇ ਤਜਰਬੇ ਲੈ ਕੇ ਪ੍ਰਗਤੀਸ਼ੀਲ ਪੱਤਰਕਾਰ ਸਰਦਾਰ ਸਾਧੂ ਸਿੰਘ 'ਹਮਦਰਦ' ਨੇ ਨਵੰਬਰ, 1956 ਵਿੱਚ ਉਰਦੂ ਦੇ ਨਾਲ ਨਾਲ ਪੰਜਾਬੀ ਪਤਰਕਾਰੀ ਵਿੱਚ ਪੈਰ ਧਰਿਆ । ਸਨੇਹੀਆਂ ਤੇ ਹਮਦਰਦਾਂ ਨੇ ਉਸ ਦੇ ਇਸ ਉਦਮ ਨੂੰ ਨਿਰਾ ਝੱਲ ਦਸਿਆ । ਉਨ੍ਹਾਂ ਨੇ ਉਰਦੂ ਪੱਤਰ-ਕਾਰੀ ਦੇ ਸੁਨਹਿਰੀ ਵਰਤਮਾਨ ਦੇ ਗੁਣ ਗਾਏ ਅਤੇ ਪੰਜਾਬੀ ਪੱਤਰਕਾਰੀ ਦੇ ਧੁੰਦਲੇ ਭਵਿਖ ਬਾਰੇ ਪਸ਼ੀਨਗੋਈਆਂ ਕੀਤੀਆਂ । ਪਰ ਸੁਭਾ ਦਾ ਜ਼ਿੱਦੀ ਤੇ ਫੈਸਲੇ ਦਾ ਦ੍ਰਿੜ 'ਹਮਦਰਦ' ਜਿਸ ਰਾਹ ਤੇ ਇਕ ਵਾਰ ਤੁਰ ਪਿਆ ਉਸ ਤੋਂ ਫਿਰ ਕਦੇ ਥਿੜਕਿਆ ਨਾ । 1957 ਵਿੱਚ 'ਅਜੀਤ' ਉਰਦੂ ਨੂੰ ਵੀ ਛੱਡਕੇ ਉਸਨੇ ਨਿਰੋਲ ਪੰਜਾਬੀ 'ਅਜੀਤ' ਨੂੰ ਆਪਣੀ ਪਤਰਕਾਰੀ ਦਾ ਆਧਾਰ ਬਣਾਇਆ । ਉਰਦੂ ਦਾ ਪੱਤਰਕਾਰ ਹੋਣ ਕਾਰਨ 'ਹਮਦਰਦ' ਵਿੱਚ ਪੰਜਾਬੀ ਪਤਰਕਾਰੀ ਨੂੰ ਵੀ ਉਸੇ ਉਚਾਈ ਤੇ ਨਿਖਾਰ ਤਕ ਪਹੁੰਚਾਣ ਦੀ ਪੁਰਾਣੀ ਸੱਧਰ ਸੀ ।

'ਹਮਦਰਦ' ਦਾ ਜੋਖਮ ਸਹੇੜਨ ਤੇ ਖਤਰੇ ਮੁੱਲ ਲੈਣ ਦਾ ਸੁਭਾ ਪੰਜਾਬੀ ਪੱਤਰਕਾਰੀ ਲਈ ਵਰਦਾਨ ਸਾਬਤ ਹੋਇਆ ਹੈ । 'ਹਮਦਰਦ' ਦੇ ਪੰਜਾਬੀ ਪਤਰਕਾਰੀ ਵਿੱਚ ਪੈਰ ਪਾਉਣ ਦੇ ਨਾਲ ਹੀ ਇਸ ਖੇਤਰ ਵਿਚ ਨਵੇਂ ਤਜਰਬਿਆਂ ਤੇ ਪ੍ਰਗਤੀਸ਼ੀਲ ਪ੍ਰੀਵਰਤਨਾਂ ਦੇ ਯੁਗ ਨੇ ਪਲਟਾ ਖਾਧਾ । ਇਹੋ ਸਮੇਂ ਦੀ ਮੰਗ ਸੀ । 'ਹਮਦਰਦ' ਨੇ ਪਹਿਲਾ ਕਦਮ 'ਅਜੀਤ' ਨੂੰ ਮੋਟੇ ਤੇ ਬੇਡੋਲ ਟਾਈਪਾਂ ਦੀ ਥਾਂ ਛੋਟੇ ਤੇ ਸੁੰਦਰ ਟਾਈਪਾਂ ਵਿਚ ਛਾਪਣ ਦਾ ਬੀੜਾ ਚੁਕਿਆ । ਦੂਜੇ ਪੱਤਰਕਾਰਾਂ ਨੇ ਵੀ ਇਸ ਨਰੋਈ ਪ੍ਰਗਤੀ ਨੂੰ ਸਹਿਜੇ ਹੀ ਕਬੂਲ ਲਿਆ । ਫਿਰ 'ਹਮਦਰਦ' ਨੇ ਹੌਲੀ ਹੌਲੀ 'ਅਜੀਤ' ਦੇ ਸਫਿਆਂ ਵਿੱਚ ਵਾਧਾ ਕਰਨਾ ਸ਼ੁਰੂ ਕੀਤਾ । ਦੂਜੇ ਪੰਜਾਬ ਅਖਬਾਰ ਵੀ ਛੇਤੀ ਹੀ ਨਾਲ ਅਪੜਦੇ ਰਹੇ । ਇਸ ਤਰ੍ਹਾਂ ਪੰਜਾਬੀ ਅਖਬਾਰ ਤਰੱਕੀ ਦੇ ਰਾਹ ਤੇ ਚਲ ਚੁੱਕੇ ਸਨ । ਸਫ਼ਿਆਂ 'ਚ ਵਾਧਾ ਕਰਕੇ ਪੰਜਾਬੀ ਅਖ਼ਬਾਰ ਹੁਣ ਤਕ ਆਕਾਰ ਵਿੱਚ ਉਰਦੂ ਅਖਬਾਰਾਂ ਦੇ ਨੇੜੇ ਤਾਂ ਢੁਕ ਚੁਕੇ ਸਨ ਪਰ ਉਨ੍ਹਾਂ ਵਿੱਚ ਚਿਤਰਾਂ ਦੀ ਅਣਹੋਂਦ ਇਕ ਵਡੀ ਘਾਟ ਸੀ । ਅਖਬਾਰਾਂ ਨੂੰ ਚਿਤਰਾਤਮਕ ਬਨਾਉਣ ਲਈ ਆਫਸੈਟ ਪ੍ਰੈਸਾਂ ਦੀ ਛਪਾਈ ਦਾ ਸਹਾਰਾ ਲੈਣਾ ਜ਼ਰੂਰੀ ਹੁੰਦਾ ਹੈ । ਪੰਜਾਬੀ ਦੇ ਕਿਸੇ ਵੀ ਅਖਬਾਰ ਕੋਲ ਆਫਸੈਟ ਦੀ ਛਪਾਈ ਕਰਨ ਵਾਲਾ ਪ੍ਰੈਸ ਨਹੀਂ । ਅਖਬਾਰ ਨੂੰ ਦੂਸਰੀਆਂ ਆਫਸੈਟ ਪ੍ਰੈਸਾਂ ਉਤੇ ਛਪਵਾਣਾ ਹਾਥੀ ਬੂਹੇ ਬੰਨ੍ਹਣ ਦੇ ਬਰਾਬਰ ਸੀ । ਪਰ 'ਹਮਦਰਦ' ਨੇ ਪੇਟ ਨੂੰ ਗਢ ਦੇ ਕੇ ਇਹ ਹਾਥੀ ਵੀ ਬੂਹੇ ਬੰਨ੍ਹ ਹੀ ਲਿਆ । ਪਹਿਲਾਂ ਪਹਿਲਾਂ ਤਾਂ ਇਹ ਤਜਰਬਾ ਮਹਿੰਗਾ ਸਾਬਤ ਹੋਇਆ ਪਰ ਅੰਤ ਇਹ ਕਾਮਯਾਬ ਰਿਹਾ । ਇਸ ਸਮੇਂ ਤਕ ਦੂਜੇ ਅਖਬਾਰ

ਵੀ ਆਫਸੈਟ ਪ੍ਰੈਸਾਂ ਦੀ ਛਪਾਈ ਅਪਣਾ ਚੁਕੇ ਸਨ। 'ਹਮਦਰਦ' ਦੀ ਤਜਰਬੇਕਾਰ ਦ੍ਰਿਸ਼ਟੀ ਇਸ ਤੱਥ ਨੂੰ ਚੰਗੀ ਤਰ੍ਹਾਂ ਪਰਖ ਚੁਕੀ ਸੀ ਕਿ ਪੰਜਾਬੀ ਪਾਠਕ ਨੂੰ ਆਪਣੇ ਨਾਲ ਨਾਲ ਤੋਰਨਾਂ ਪਵੇਗਾ ਪਰ ਇਕ ਵਾਰ ਲੜ ਪਕੜ ਲੈਣ ਬਾਅਦ ਪਜਾਬੀ ਕਦੇ ਕੰਡ ਨਹੀਂ ਦਿਖਾਂਦਾ। ਇਹ 'ਹਮਦਰਦ' ਦੇ ਆਏ ਦਿਨ ਦੇ ਤਜਰਬਿਆਂ ਦਾ ਹੀ ਨਤੀਜਾ ਹੈ ਕਿ ਅੱਜ ਦੇ ਪੰਜਾਬੀ ਦੇ ਅਖਬਾਰਾਂ ਨੂੰ ਦੇਖ ਕੇ ਨਿਰਾਸ਼ਾ ਨਹੀਂ ਹੁੰਦੀ ਸਗੋਂ ਆਉਣ ਵਾਲੇ ਸਮੇਂ ਲਈ ਨਵੀਆਂ ਆਸਾਂ ਬਝਦੀਆਂ ਹਨ। ਖਾਸ ਕਰਕੇ 'ਅਜੀਤ' ਦੇ ਹਫਤਾਵਾਰ ਐਡੀਸ਼ਨਾਂ ਦੀ ਦਿੱਖ (Layout) ਤਾਂ ਕਲਾਤਮਕ ਸੋਹਜ ਦੇ ਪੱਖ ਤੋਂ ਕਈ ਵਾਰ ਕਮਾਲ ਹੀ ਹੁੰਦੀ ਹੈ।

ਪਰ ਨਵੀਆਂ ਲੀਹਾਂ ਪਾੜ ਕੇ ਚੱਲਣ ਵਾਲੇ ਸਦਾ ਹੰਭਦੇ ਤੇ ਟੁਟਦੇ ਹੀ ਦਿਸੇ ਹਨ। ਉਨ੍ਹਾਂ ਦੇ ਤਜਰਬਿਆਂ ਤੋਂ ਮਿਲੀ ਨਵੀਂ ਰੋਸ਼ਨੀ ਤੋਂ ਤਾਂ ਸਾਰਿਆਂ ਦੇ ਹਨੇਰੇ ਪੈਂਡੇ ਸੁਖਾਲੇ ਹੁੰਦੇ ਹਨ ਤੇ ਉਨ੍ਹਾਂ ਦੀ ਆਪਣੇ ਤਜਰਬਿਆਂ ਵਿੱਚ ਹੋਈ ਅਸਫਲਤਾ ਕੇਵਲ ਉਨ੍ਹਾਂ ਦੀ ਆਪਣੀ ਜਿੰਦ ਦਾ ਹੀ ਖੌ ਬਣਦੀ ਹੈ। 'ਹਮਦਰਦ' ਵੀ ਕਈ ਵਾਰ ਨਵੇਂ ਤਜਰਬਿਆਂ ਦੀ ਸਿਰੜ ਦੇ ਕਾਰਨ ਹੰਭ ਟੁਟ ਚੁਕਿਆ ਹੈ। ਉਹ ਦਸਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਪਹਿਲੇ ਦਿਨਾਂ ਵਿੱਚ ਇਕ ਵਾਰ ਜਦੋਂ ਅਖਬਾਰ ਦੇ ਖਰਚੇ ਪੂਰਦਿਆਂ ਹੋਇਆਂ ਉਸਦੇ ਚਾਰੇ ਲੜ ਖਾਲੀ ਹੋ ਗਏ ਤਾਂ ਉਸ ਨੂੰ ਆਤਮ ਹਤਿਆ ਜਿਹੇ ਨਖਿਧ ਫੈਸਲੇ ਤੇ ਉਤਰਨਾ ਪਿਆ ਸੀ। ਕਿਉਂਕਿ ਨੌਬਤ 'ਅਜੀਤ' ਨੂੰ ਬੰਦ ਕਰਨ ਤੇ ਆ ਢੁੱਕੀ ਸੀ ਅਤੇ 'ਅਜੀਤ' ਦੀ ਮੌਤ ਉਹ ਆਪਣੀ ਜ਼ਿੰਦਗੀ ਵਿੱਚ ਨਹੀਂ ਸੀ ਸਹਾਰ ਸਕਦਾ।

'ਹਮਦਰਦ' ਅਤੇ ਉਸ ਦੇ ਅਜੀਤ' ਉਤੇ ਇਹ ਭੀੜ ਕੇਵਲ ਇਸ ਲਈ ਬਣੀ ਸੀ ਕਿਉਂਕਿ 'ਅਜੀਤ' ਇਕ ਸੁਤੰਤਰ ਹੋਂਦ ਵਾਲਾ ਬੂਟਾ ਸੀ, ਜਿਸ ਨੇ ਝੱਖੜਾਂ, ਤੂਫਾਨਾਂ ਤੇ ਦੋਖੀਆਂ ਤੋਂ ਡਰ ਕੇ ਕਿਸੇ ਰਾਜਨੀਤਕ ਪਾਰਟੀ ਦੀ ਵਾੜ ਦੀ ਸੁਰਖਿਆ ਵਿੱਚ ਘਿਰਕੇ ਆਪਣਾ ਆਪਾ ਬਚਾਉਣਾ ਨਹੀਂ ਸੀ ਕਬੂਲਿਆ ਤੇ ਨਾ ਹੀ ਕਿਸੇ ਧੜੇ ਵਿਸ਼ੇਸ਼ ਦੇ ਬੰਧਨਾਂ ਰਾਹੀਂ ਜਾਨ ਲੁਕਾਉਣੀ ਮੰਨੀ ਸੀ। ਜਿਸ ਸਵਤੰਤਰਤਾ ਦੇ ਮਿੱਠੇ ਫਲਾਂ ਦਾ ਸਵਾਦ 'ਅਜੀਤ' ਅੱਜ ਮਾਣ ਰਿਹਾ ਹੈ ਉਸ ਦੇ ਲਈ 'ਹਮਦਰਦ' ਹੁਣ ਤਕ ਕਈ ਕੌੜੇ ਘੁਟ ਭਰ ਚੁਕਾ ਹੈ। ਮੈਨੂੰ ਖੁਸ਼ੀ ਹੈ ਕਿ 'ਅਜੀਤ' ਕਿਸੇ ਪਾਰਟੀ ਦੇ ਪੂਰਨਿਆਂ ਤੇ ਨਹੀਂ ਚਲਦਾ ਸਗੋਂ ਨਿਰਪਖ ਤੇ ਸਵਤੰਤਰ ਰਹਿ ਕੇ ਆਪਣੀਆਂ ਮਾਇਕ ਲੋੜਾਂ ਪੂਰ ਲੈਂਦਾ ਹੈ ਤੇ ਪਾਠਕਾਂ ਦੀ ਹਮਦਰਦੀ ਵੀ ਪ੍ਰਾਪਤ ਕਰ ਲੈਂਦਾ ਹੈ। ਹਰ ਅਖਬਾਰ ਨੂੰ ਅਜਿਹਾ ਹੀ ਉੱਚਾ ਨਿਸ਼ਾਨਾ ਰਖਣਾ ਚਾਹੀਦਾ ਹੈ।

'ਅਜੀਤ' ਦੀ ਇਸ ਸਫਲਤਾ ਦਾ ਵੱਡਾ ਕਾਰਨ 'ਹਮਦਰਦ' ਦਾ ਸਰਵ ਪੱਖੀ ਵਿਅਕਤੀ-ਤਵ ਹੈ। ਚੰਗਾ ਕਹਾਣੀਕਾਰ ਹੋਣ ਕਾਰਨ ਉਸ ਵਿੱਚ ਪਾਤਰ ਤੇ ਪਾਠਕ ਦੀ ਲੋੜ ਨੂੰ ਪਛਾਣ ਲੈਣ ਦੀ ਸ਼ਕਤੀ ਆ ਗਈ ਹੈ। ਜੀਵਨ ਦੇ ਵਿਆਪਕ ਤਜਰਬਿਆਂ ਦੇ ਆਧਾਰ ਤੇ ਦੋ ਦਰਜਨ ਦੇ ਲਗ ਪਗ ਨਾਵਲ ਲਿਖ ਚੁਕਣ ਕਾਰਨ ਉਸ ਦੀ ਸੋਚਣੀ ਵੀ ਉਦਾਰ ਤੇ ਖੁਲ ਦਿਲੀ ਹੋ ਚੁੱਕੀ ਹੈ। ਉਸ ਦਾ ਕਵੀ ਹਿਰਦਾ ਸਦਾ ਉਸ ਨੂੰ ਕਲਾ ਤੇ ਸੁਹਜ ਨਾਲ ਜੋੜ ਕੇ ਰਖਦਾ ਹੈ। ਪੰਜਾਬੀ ਸਾਹਿਤ ਨੂੰ

'ਗ਼ਜ਼ਲ' ਤੇ 'ਮਾਡਰਨ ਗ਼ਜ਼ਲ' ਨਾਂ ਦੀਆਂ ਪੁਸਤਕਾਂ ਰਾਹੀਂ 'ਹਮਦਰਦ' ਨੇ ਸੋਹਣੀਆਂ ਪਰ ਬਹਿਰ ਤੇ ਵਜ਼ਨ 'ਚ ਪੂਰੀਆਂ ਗ਼ਜ਼ਲਾਂ ਦੇ ਕੇ ਪੰਜਾਬੀ ਗ਼ਜ਼ਲ ਲਈ ਆਸ਼ਾ ਜਨਕ ਸੰਭਾਵ-ਨਾਵਾਂ ਪੈਦਾ ਕਰ ਦਿੱਤੀਆਂ ਹਨ। ਅਜਿਹੇ ਸਰਵ ਪੱਖੀ ਵਿਅਕਤੀਤਵ ਵਾਲੇ ਪੱਤਰਕਾਰ ਨੂੰ 1967 ਦੇ ਸਰਵੋਤਮ ਪੱਤਰਕਾਰ ਵਜੋਂ ਸਰਕਾਰ ਵਲੋਂ ਸਨਮਾਨ ਦੇਣਾ ਸ਼ਲਾਘਾ ਯੋਗ ਉਦਮ ਹੈ। ਪੰਜਾਬੀ ਪੱਤਰਕਾਰਾਂ ਨੂੰ ਸਨਮਾਨ ਦੇ ਕੇ ਪ੍ਰਗਤੀ ਲਈ ਉਤਸਾਹਿਤ ਕਰਨਾ ਪੰਜਾਬੀ ਦੇ ਹੱਕ ਵਿੱਚ ਬਹੁਤ ਗੁਣਕਾਰੀ ਹੈ। ਸਰਕਾਰ ਵਲੋਂ ਇਹ ਉਪਰਾਲਾ ਪੰਜਾਬੀ ਪੱਤਰਕਾਰੀ ਨੂੰ ਨਰੋਈ ਤੇ ਪ੍ਰਗਤੀਸ਼ੀਲ ਲੀਹ ਉੱਤੇ ਤੋਰਨ ਲਈ ਸੁਚਜਾ ਯਤਨ ਹੈ। ਆਉਣ ਵਾਲੇ ਸਮੇਂ ਵਿੱਚ ਇਸ ਵਲੋਂ ਚੰਗੇ ਨਤੀਜਿਆਂ ਦੀ ਸੰਭਾਵਨਾ ਹੈ।

ਪੱਤਰਕਾਰ ਸਾਧੂ ਸਿੰਘ ਹਮਦਰਦ

ਪਿਆਰਾ ਸਿੰਘ ਭੋਗਲ

ਸਾਧੂ ਸਿੰਘ ਹਮਦਰਦ ਦੀ ਜੀਵਨ ਕਹਾਣੀ ਪੰਜਾਬੀ ਦੀ ਰਾਜਨੀਤਕ ਪਤਰਕਾਰੀ ਦੀ ਕਹਾਣੀ ਹੈ। ਹਮਦਰਦ ਤੇ ਪੰਜਾਬੀ ਦੀ ਰਾਜਨੀਤਕ ਪੱਤਰਕਾਰੀ ਇਕੱਠੇ ਜਨਮੇ। ਪੰਜਾਬੀ ਦਾ ਪਹਿਲਾ ਰਾਜਨੀਤਕ ਅਖਬਾਰ 'ਅਕਾਲੀ' 1920 ਈਸਵੀ ਵਿਚ ਪ੍ਰਕਾਸ਼ਤ ਹੋਇਆ, ਹਮਦਰਦ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਇਕ ਨਿਕੇ ਜਿਹੇ ਨਗਰ ਵਿਚ 1918 ਵਿਚ ਹੋਇਆ। ਬਚਪਨ ਅਤੇ ਜਵਾਨੀ ਵਿਚ ਉਸ ਨੂੰ ਰਾਜਨੀਤਕ ਵਿਦਰੋਹ ਦੇ ਵਾਤਾਵਰਨ ਵਿੱਚ ਜੋ 1920 ਤੋਂ ਪਿਛੋਂ ਪੰਜਾਬ ਦੇ ਪਿੰਡਾਂ ਦੇ ਜੀਵਨ ਦਾ ਇਕ ਸਦੀਵੀ ਲਛਣ ਬਣਿਆ ਰਿਹਾ ਹੈ, ਸਿਖਿਆ ਲੈਣ ਅਤੇ ਰਾਜਨੀਤਕ ਸੂਝ ਬੂਝ ਹਾਸਲ ਕਰਨ ਦਾ ਮੌਕਾ ਮਿਲਿਆ। ਇਹ ਸੂਝ ਬੂਝ ਹਾਸਲ ਕਰਨ ਦੇ ਦੋ ਹੀ ਸਾਧਨ ਸਨ-ਇਕ ਤਾਂ ਇਲਾਕੇ ਵਿਚ ਚਲਦੀਆਂ ਰਾਜਨੀਤਕ ਅੰਗਰੇਜ਼ ਵਿਰੋਧੀ ਲਹਿਰਾਂ ਨਾਲ ਸੰਪਰਕ ਜੋੜਨਾ ਤੇ ਦੂਜੇ ਦਲੇਰ ਅਖਬਾਰਾਂ ਦਾ ਪਾਠਕ ਬਨਣਾ। ਹਮਦਰਦ ਸਾਹਿਬ ਦੱਸਦੇ ਹਨ—"ਡੀ. ਬੀ. ਹਾਈ ਸਕੂਲ ਬੰਗਾ ਵਿੱਚ, ਜਿਥੋਂ ਮੈਂ ਦਸਵੀਂ ਪਾਸ ਕੀਤੀ, ਲਾਹੌਰ ਤੋਂ ਉਰਦੂ ਦੇ ਅਖਬਾਰ ਆਉਂਦੇ ਸਨ, ਖਾਸ ਤੌਰ ਤੇ 'ਪਰਤਾਪ'। ਮੈਂ ਇਨ੍ਹਾਂ ਦਾ ਨੇਮੀ ਪਾਠਕ ਸਾਂ। ਅਖਬਾਰ ਵਿੱਚ ਰਾਜਨੀਤਕ ਵਾਦ ਵਿਵਾਦ ਅਤੇ ਗ਼ਜ਼ਲਾਂ ਤੇ ਨਜ਼ਮਾਂ ਮੇਰਾ ਧਿਆਨ ਵਧੇਰੇ ਖਿਚਦੀਆਂ ਸਨ।"

ਇਨਾਂ ਦਿਨਾਂ ਵਿਚ ਰਾਜਨੀਤਕ ਵਿਦਰੋਹੀ ਸਰਗਰਮੀਆਂ ਵਿਚ ਵੀ ਹਮਦਰਦ ਸਾਹਿਬ ਦੀ ਰੁਚੀ ਸੀ—ਪਰ ਜਾਪਦਾ ਹੈ, ਇਨਾਂ ਦਿਨਾਂ ਵਿਚ ਇਕ ਤਾਂ ਜੀਵਨ ਨਿਰਬਾਹ ਲਭਣ ਦੀ ਚਿੰਤਾ ਅਤੇ ਦੂਜੇ ਆਪਣੀ ਜਾਣਕਾਰੀ ਅਤੇ ਯੋਗਤਾ ਵਧਾਉਣ ਦੀ ਧੁੰਨ ਉਨ੍ਹਾਂ ਨੂੰ ਬਹੁਤਾ ਰਾਜਨੀਤੀ ਵਿਚ ਖੁਭਣ ਦਾ ਮੌਕਾ ਨਹੀਂ ਸੀ ਦਿੰਦੀ। ਜਿਨ੍ਹਾਂ ਲੋਕਾਂ ਨੂੰ ਹਮਦਰਦ ਸਾਹਿਬ ਦੇ ਨੇੜੇ ਰਹਿਣ ਅਤੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ, ਉਹ ਜਾਣਦੇ ਹਨ ਕਿ ਸਰਗਰਮ ਰਾਜਨੀਤੀ ਉਨ੍ਹਾਂ ਦੀ ਤਬੀਅਤ ਨੂੰ ਰਾਸ ਨਹੀਂ ਆ ਸਕਦੀ ਸੀ। ਹਾਂ, ਉਹ ਇਸ ਤੋਂ ਨਿਰਲੇਪ ਨਹੀਂ ਰਹਿ ਸਕਦੇ ਉਹ ਕੋਈ ਨਾ ਕੋਈ ਪਖ ਲਏ ਬਿਨਾਂ ਹੀ ਨਹੀਂ ਰਹਿ ਸਕਦੇ, ਪਰ ਉਹ ਇਕ ਦਰਸ਼ਕ ਵਾਂਗ ਅਖਾੜੇ ਤੋਂ ਇਕ ਪਾਸੇ ਹੀ ਰਹਿੰਦੇ ਹਨ। ਇਹ ਸੁਭਾ ਅਖਬਾਰ ਨਵੀਸ ਵਾਲਾ ਹੈ—ਨੇਤਾ ਵਾਲਾ ਨਹੀਂ।

ਇਥੇ ਇਕ ਹੋਰ ਗੱਲ ਵੀ ਯਾਦ ਰਖਣ ਵਾਲੀ ਹੈ ਕਿ ਸੰਸਾਰ ਵਿੱਚ ਇਹ ਸੁਆਲ ਸਦਾ ਹੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ ਕਿ ਇਕ ਪਤਰਕਾਰ ਸਾਹਿਤਕਾਰ ਹੁੰਦਾ ਹੈ ਕਿ ਨਹੀਂ? ਆਮ ਤੌਰ ਤੇ ਅਖਬਾਰ ਨਵੀਸ ਇਹ ਗਿਲਾ

ਕਰਦੇ ਹਨ ਕਿ ਸਾਹਿਤਕਾਰ ਉਨ੍ਹਾਂ ਨੂੰ ਸਾਹਿਤਕਾਰ ਮੰਨ ਕੇ ਰਾਜ਼ੀ ਨਹੀਂ, ਹਾਲਾਂਕਿ ਜਿਨੀ ਵਾਰਤਕ—ਤੇ ਕਈ ਵਾਰ ਕਵਿਤਾ ਵੀ—ਉਹ ਲਿਖਦੇ ਹਨ, ਇਨੀ ਬੜੇ ਘੱਟ ਲੇਖਕ ਲਿਖਦੇ ਹਨ । ਅਸੀਂ ਸਮਝਦੇ ਹਾਂ, ਪਤਰਕਾਰੀ ਅਦਬ ਬਣ ਵੀ ਸਕਦੀ ਹੈ, ਨਹੀਂ ਵੀ । ਭਾਈ ਵੀਰ ਸਿੰਘ ਨੇ ਜੋ ਕੁਝ ਵੀ ਲਿਖਿਆ ਹੈ ਉਹ ਪਹਿਲਾਂ ਉਨ੍ਹਾਂ ਦੇ ਆਪਣੇ ਹੀ ਹਫ਼ਤਾਵਾਰ ਪਰਚੇ 'ਖਾਲਸਾ ਸਮਾਚਾਰ' ਵਿੱਚ ਹਰ ਹਫਤੇ ਛਪਦਾ ਸੀ । ਇਹੋ ਲੇਖ ਸਾਖੀਆਂ ਤੇ ਕਵਿਤਾਵਾਂ ਪਿੱਛੋਂ ਉਨ੍ਹਾਂ ਦੀਆਂ ਪੁਸਤਕਾਂ ਵਿਚ ਸੰਕਲਿਤ ਹੁੰਦੀਆਂ ਸਨ । ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਵੀ ਸਾਰੀ ਵਾਰਤਕ ਪ੍ਰੀਤ ਲੜੀ ਦੇ ਕਾਲਮਾਂ ਲਈ ਲਿਖੀ ਪਰ ਪੰਜਾਬੀ ਤੇ ਉਰਦੂ ਦੇ ਅਖਬਾਰਾਂ ਵਿਚ ਹਰ ਰੋਜ਼ ਸੈਂਕੜੇ ਸਫ਼ੇ ਕਵਿਤਾ ਤੇ ਵਾਰਤਕ ਹੋਰ ਵੀ ਛਪਦੀ ਹੈ ਜੋ ਕਦੇ ਵੀ ਅਦਬ ਦਾ ਦਰਜਾ ਹਾਸਲ ਨਹੀਂ ਕਰ ਸਕਦੀ ।

ਹਮਦਰਦ ਸਾਹਿਬ ਦੇ ਮਨ ਵਿਚ ਸਦਾ ਹੀ ਇਹ ਧੁਨ ਰਹੀ ਕਿ ਕਲਮ ਚਲਾ ਕੇ ਉਹ ਸਿਰਫ਼ ਪਤਰਕਾਰ ਹੀ ਨਾ ਬਨਣ, ਰਾਜਨੀਤਕ ਟਿਪਣੀਕਾਰ ਦੀ ਹੀ ਪ੍ਰਸਿਧੀ ਪ੍ਰਾਪਤ ਨਾ ਕਰਨ—ਇਕ ਸਾਹਿਤਕਾਰ ਦਾ ਮਾਣ ਤਾਣ ਵੀ ਹਾਸਲ ਕਰਨ । ਜਿਵੇਂ ਉਨ੍ਹਾਂ ਨੇ ਪੱਤਰ-ਕਾਰ ਤੇ ਰਾਜਨੀਤਕ ਟਿਪਣੀਕਾਰ ਦੇ ਤੌਰ ਤੇ ਆਪਣਾ ਵਕਾਰ ਵਧਾਉਣ ਲਈ ਸਿਰੜ ਨਾਲ ਕੰਮ ਕੀਤਾ, ਉੱਚੀ ਵਿਦਿਆ ਲਈ ਮਿਹਨਤ ਕੀਤੀ, ਤਕਲੀਫਾਂ ਝਲੀਆਂ, ਇਵੇਂ ਹੀ ਉਨ੍ਹਾਂ ਨੇ ਪ੍ਰਤਿਸ਼ਟ ਲੇਖਕ ਬਨਣ ਲਈ ਵੀ ਬੇਅੰਤ ਰੁਝੇਵਿਆਂ ਦੇ ਬਾਵਜੂਦ-ਘਾਲਣਾ ਘਾਲੀ ਹੈ, ਗਜ਼ਲਗੋਈ ਦੀ ਔਖੀ ਕਲਾ ਸਿਖਣ ਲਈ ਸਿਆਣੀ ਉਮਰ ਵਿਚ ਜਾ ਕੇ ਜੋਸ਼ ਮਲਸਿਆ ਜਿਹੇ ਉਸਤਾਦ ਕਵੀ ਦੀ ਸ਼ਗਿਰਦੀ ਨਿਰਮਾਣ ਹੋ ਕੇ ਕੀਤੀ ਹੈ—ਗਜ਼ਲ ਦੇ ਰੂਪ ਉੱਤੇ ਪ੍ਰਬੀਨਤਾ ਹਾਸਲ ਕਰਨ ਲਈ ਅਰੂਜ਼ ਸਿਖਣ ਦਾ ਦੁਰਗਮ ਕੰਮ ਕਰਕੇ ਦਿਖਾਇਆ ਹੈ । ਇਸ ਗਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਘੱਟੋ ਤੋਂ ਘੱਟ ਗਜ਼ਲ ਦੇ ਤਕਨੀਕੀ ਪੱਖ ਵਿਚ ਹਮਦਰਦ ਦੀ ਪ੍ਰਾਪਤੀ ਪੰਜਾਬੀ ਵਿੱਚ ਮਹੱਤਵ ਸ਼ੀਲ ਹੈ

ਉਨ੍ਹਾਂ ਦੀ ਤਬੀਅਤ ਵਿਚ ਸਾਹਿਤਕਾਰੀ ਦੀ ਇਸ ਚਿਣਗ ਨੇ ਵੀ ਉਨ੍ਹਾਂ ਨੂੰ ਸਰਗਰਮ ਰਾਜਨੀਤੀ ਤੋਂ ਬਾਹਰ ਰਖਿਆ ਅਤੇ ਸਰਗਰਮ ਰਾਜਨੀਤੀ ਦੇ ਟਿਪਣੀਕਾਰ ਜਾਂ ਪਥ ਪ੍ਰਦਰਸ਼ਕ ਦੀ ਗੰਭੀਰ ਤੇ ਨਿਰਮਾਣ ਡਿਊਟੀ ਭੁਗਤਾਉਣ ਤਕ ਹੀ ਸੰਤੋਖ ਕਰ ਲੈਣ ਲਈ ਪ੍ਰੇਰਿਆ ।

ਇਹ ਵੀ ਸੁਭਾਗ ਸੀ ਕਿ ਹਮਦਰਦ ਸਾਹਿਬ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਸਭ ਤੋਂ ਪਹਿਲਾਂ ਜਿਨ੍ਹਾਂ ਮੁਖ ਸੰਪਾਦਕਾਂ ਨਾਲ ਕੰਮ ਕਰਨ ਦਾ ਸਮਾਂ ਮਿਲਿਆ ਉਹ ਪੱਤਰਕਾਰ ਨਾਲੋਂ ਲੇਖਕ ਜ਼ਿਆਦਾ ਸਨ । ਹਮਦਰਦ ਸਾਹਿਬ ਨੇ ਪੱਤਰਕਾਰੀ ਮੀਆਂ ਚੰਨੂੰ ਜ਼ਿਲ੍ਹਾ ਮੁਲਤਾਨ ਵਿੱਚ 'ਵਿਹਾਰ ਸੁਧਾਰ' ਨਾਮ ਦੇ ਪੱਤਰ ਵਿਚ ਸ਼ੁਰੂ ਕੀਤੀ ਸੀ । ਇਹ ਪਰਚਾ ਪਿੰਡਾਂ ਦੇ ਸੁਧਾਰ ਲਈ ਕੁਝ ਸਮਾਜ ਸੇਵਕਾਂ ਨੇ ਕਢਿਆ ਸੀ । ਇਸ ਪਰਚੇ ਵਿੱਚ ਸਰ ਜੋਗਿੰਦਰ ਸਿੰਘ ਜਹੀਆਂ ਵਿਅਕਤੀਆਂ ਵੀ ਦਿਲਚਸਪੀਆਂ ਰਖਦੀਆਂ ਸਨ । ਸਰਦਾਰ ਮੁਨਸ਼ਾ ਸਿੰਘ ਦੁਖੀ ਇਨ੍ਹਾਂ ਦਿਨਾਂ ਵਿੱਚ ਕਲਕੱਤੇ ਸਨ । ਦੁਖੀ ਜੀ ਦੀ ਇਕ ਕ੍ਰਾਂਤੀਕਾਰੀ ਦੇ ਤੌਰ ਤੇ ਬੜੀ ਧੁੰਮ ਸੀ ਤੇ ਕਲਕਤੇ ਰਹਿੰਦਿਆਂ ਇਨ੍ਹਾਂ 'ਕਵੀ ਕੁਟੀਆ' ਨਾਮ ਦੀ ਸੰਸਥਾ ਕਾਇਮ ਕਰਕੇ 'ਕਵੀ ਨਾਮ

ਦਾ ਮਾਸਕ ਪਤਰ ਕਢਿਆ । ਜਿਸ ਨਾਲ ਸਾਹਿਤਕ ਜਗਤ ਵਿਚ ਵੀ ਇਨ੍ਹਾਂ ਦੇ ਨਾਂ ਦੀ ਬੜੀ ਕਦਰ ਹੋ ਗਈ। ਦੁਖੀ ਜੀ ਨੂੰ ਅਗਰੇਜ਼ ਸਰਕਾਰ ਨੇ "ਵਿਹਾਰ ਸੁਧਾਰ ਕਲਕੱਤੇ ਦੀ ਸੀਮਾ ਅੰਦਰ ਰਹਿਣ ਦਾ ਆਦੇਸ਼ ਦਿੱਤਾ ਹੋਇਆ ਸੀ ਕਿਉਂਕਿ "ਵਿਹਾਰ ਸੁਧਾਰ" ਦੇ ਪ੍ਰਬੰਧਕ ਦੁਖੀ ਜੀ ਦੀਆਂ ਸੇਵਾਵਾਂ ਜ਼ਰੂਰ ਪ੍ਰਾਪਤ ਕਰਨਾ ਚਾਹੁੰਦੇ ਸਨ । ਇਸ ਲਈ ਉਨ੍ਹਾਂ ਨੇ ਸਰ ਜੋਗਿੰਦਰ ਸਿੰਘ ਦੇ ਸਰਕਾਰੇ ਦਰਬਾਰੇ ਰਸੂਖ ਦੀ ਵਰਤੋਂ ਕਰਕੇ ਦੁਖੀ ਜੀ ਦੇ ਮੀਆਂ ਚਨੂੰ ਆਉਣ ਦੀ ਆਗਿਆ ਲੈ ਲਈ । ਹਮਦਰਦ ਸਾਹਿਬ ਇਸੇ ਪਰਚੇ ਵਿਚ ਦੁਖੀ ਜੀ ਦੀ ਅਗਵਾਈ ਵਿਚ ਸਹਾਇਕ ਸੰਪਾਦਕ ਦੇ ਤੌਰ ਤੇ ਕੰਮ ਕਰਨ ਗ ਪਏ । ਇਨ੍ਹਾਂ ਦਿਨਾਂ ਵਿੱਚ ਹੀ ਕਾਵਿ ਰਚਨਾ ਦੇ ਆਪਣੇ ਸ਼ੌਕ ਤੋਂ ਪ੍ਰੇਰਤ ਹੋ ਕੇ ਉਨ੍ਹਾਂ ਨੇ ਦੁਖੀ ਜੀ ਨੂੰ ਪੁਰਾਣੇ ਰਿਵਾਜ ਮੁਜਬ ਆਪਣਾ ਕਵੀ ਗੁਰੂ ਧਾਰਨ ਕਰ ਲਿਆ ।

ਪਿੱਛੋਂ ਜਦੋਂ 1943–44 ਵਿੱਚ ਉਨ੍ਹਾਂ ਨੇ ਅਜੀਤ ਲਾਹੌਰ (ਪਹਿਲਾਂ ਸਪਤਾਹਕ ਤੇ ਫੇਰ ਦੈਨਿਕ) ਵਿੱਚ ਰਾਜਨੀਤਕ ਪੱਤਰਕਾਰੀ ਦਾ ਆਰੰਭ ਕੀਤਾ ਤਾਂ ਉਨ੍ਹਾਂ ਨੂੰ ਮੁੜ ਇਕ ਲੇਖਕ–ਸੰਪਾਦਕ ਦਾ ਸਹਾਇਕ ਬਨਣ ਦਾ ਅਵਸਰ ਮਿਲ ਗਿਆ । ਇਹ ਸਨ ਸਰਦਾਰ ਲਾਲ ਸਿੰਘ ਕਮਲਾ ਅਕਾਲੀ ਜਿਨ੍ਹਾਂ ਨੂੰ 'ਮੇਰਾ ਵਲੈਤੀ ਸਫਰਨਾਮਾ' ਲਿਖਣ ਕਰਕੇ ਪੰਜਾਬੀ ਦੀ ਪਹਿਲੀ ਯਾਤਰਾ ਪੁਸਤਕ ਲਿਖਣ ਦਾ ਜੱਸ ਹੀ ਨਹੀਂ ਸਗੋਂ ਪੰਜਾਬੀ ਵਾਰਤਕ ਦਾ ਸਨਮਾਨ ਯੋਗ ਸ਼ੈਲੀਕਾਰ ਹੋਣ ਦੀ ਇਜ਼ਤ ਵੀ ਮਿਲ ਚੁਕੀ ਸੀ । ਸਰਦਾਰ ਲਾਲ ਸਿੰਘ ਰੋਜ਼ਾਨਾ ਅਜੀਤ ਦੇ ਪਹਿਲੇ ਮੁਖ ਸੰਪਾਦਕ ਬਣੇ ਸਨ ਅਤੇ ਹਮਦਰਦ ਸਾਹਿਬ ਦੂਜੇ । ਸਰਦਾਰ ਲਾਲ ਸਿੰਘ ਲਈ ਇਹ ਅਖਬਾਰੀ ਦਨੀਆਂ ਓਪਰੀ ਹੀ ਰਹੀ । ਉਹ ਪੱਤਰਕਾਰੀ ਲਈ ਨਹੀਂ ਬਣੇ ਜਾਪਦੇ ਸਨ ।

ਉਨ੍ਹਾਂ ਦੇ ਸੰਪਾਦਕੀ ਜੀਵਨ ਦੇ ਪਹਿਲੇ ਦਿਨ ਦੀ ਇਕ ਭੋਲੀ ਭਾਲੀ ਗੱਲ ਅਖਬਾਰੀ ਦੁਨੀਆਂ ਦਾ ਇਕ ਸੁਆਦਲਾ ਲਤੀਫਾ ਬਣੀ ਹੋਈ ਹੈ :—

ਉਰਦੂ ਅਜੀਤ ਦੇ ਦਫਤਰ ਵਿੱਚ ਕਾਤਬ ਸਰਦਾਰ ਲਾਲ ਸਿੰਘ ਦਾ ਪਹਿਲਾ ਐਡੀ–ਟੋਰੀਅਲ ਕਤਾਬਤ ਵਾਲੇ ਮਾਇਆ ਲੱਗੇ ਪੀਲੇ ਕਾਗਜ਼ ਉੱਤੇ ਲਿਖ ਰਹੇ ਸਨ । ਕਾਤਬ ਸਭ ਮੁਸਲਮਾਨ ਜਾਂ ਹਿੰਦੂ ਸਨ, ਕਿਉਂਕਿ ਸਿੱਖਾਂ ਦਾ ਇਹ ਪਹਿਲਾ ਉਰਦੂ ਅਖਬਾਰ ਨਿਕਲ ਰਿਹਾ ਸੀ ਤੇ ਇਸ ਤੋਂ ਪਹਿਲਾਂ ਸਿੱਖਾਂ ਵਿੱਚ ਕਾਤਬ ਬਨਣ ਦਾ ਰਿਵਾਜ ਆਮ ਨਹੀਂ ਸੀ । ਪੀਲੇ ਕਾਗਜ਼ ਦੇਖ ਕੇ ਸਰਦਾਰ ਲਾਲ ਸਿੰਘ ਭੜਕ ਪਏ। ਪੀਲਾ ਜਾਂ ਕੇਸਰੀ ਰੰਗ ਸਿੱਖਾਂ ਦਾ ਧਾਰਮਕ ਰੰਗ ਹੈ । ਸਰਦਾਰ ਲਾਲ ਸਿੰਘ ਨੇ ਸਮਝਿਆ, ਇਹ ਹਿੰਦੂ ਜਾਂ ਮੁਸਲਮਾਨ ਕਾਤਬ ਕੇਸਰੀ ਰੰਗ ਉੱਤੇ ਸਿੱਖਾਂ ਦਾ ਅਖਬਾਰ ਛਾਪਕੇ ਮਖੌਲ ਕਰਨ ਲੱਗੇ ਹਨ। ਇਸ ਲਈ ਤਟ ਪਟ ਬੋਲੇ :—

"ਬਈ, ਅਸੀਂ ਪੀਲੇ ਕਾਗਜ਼ਾਂ ਉੱਤੇ ਅਖਬਾਰ ਨਹੀਂ ਛਾਪਣਾ । ਚਿੱਟਾ ਕਾਗਜ਼ ਹੀ ਲਾਉਣਾ ਹੈ ਜੋ 'ਮਿਲਾਪ', 'ਪ੍ਰਤਾਪ' ਜਾਂ 'ਜ਼ਿਮੀਂਦਾਰ' ਨੂੰ ਲੱਗਦਾ ਹੈ ।"

ਸਰਦਾਰ ਲਾਲ ਸਿੰਘ ਕੁਝ ਮਹੀਨੇ ਕੰਮ ਕਰਕੇ ਚਲੇ ਗਏ ਤੇ ਹਮਦਰਦ ਸਾਹਿਬ ਨੇ ਉਨ੍ਹਾਂ ਦੀ ਥਾਂ ਲੈ ਲਈ ।

ਇਨ੍ਹਾਂ ਦਿਨਾਂ ਵਿੱਚ ਲਾਹੌਰ ਰਾਜਨੀਤਕ ਤੇ ਸਾਹਿੱਤਕ ਪੱਤਰਕਾਰੀ ਦਾ ਗੜ੍ਹ ਸੀ । ਰੋਜ਼ਾਨਾ ਜ਼ਿਮੀਂਦਾਰ ਤੇ ਰੋਜ਼ਾਨਾ ਇਨਕਲਾਬ ਜਿਹੇ ਪ੍ਰਸਿੱਧ ਅਖ਼ਬਾਰ ਇਥੋਂ ਛਪਦੇ ਸਨ । ਮੌਲਾਨਾ ਜ਼ਫ਼ਰ ਅਲੀ (ਜ਼ਿਮੀਂਦਾਰ) ਮੌਲਾਨਾ ਸਾਲਿਕ (ਇਨਕਲਾਬ) ਪ੍ਰਸਿੱਧ ਸੰਪਾਦਕ ਸਨ ।

ਰਾਜਨੀਤਕ ਨੇਤਾ ਗਿਆਨੀ ਕਰਤਾਰ ਸਿੰਘ, ਜੋ ਨਵੇਂ ਨਵੇਂ ਨੌਜਵਾਨਾਂ ਨੂੰ ਰਾਜਨੀਤੀ ਅਤੇ ਪੱਤਰਕਾਰੀ ਦੇ ਮੈਦਾਨ ਵਿੱਚ ਆਉਣ ਲਈ ਪ੍ਰੇਰਦੇ ਰਹਿੰਦੇ ਸਨ ਤੇ ਜੋ ਹਮਦਰਦ ਸਾਹਿਬ ਦੀ ਬਹੁਤ ਸਾਰੇ ਸਾਲ ਸਰਪ੍ਰਸਤੀ ਕਰਦੇ ਰਹੇ, ਹਮਦਰਦ ਜੀ ਨੂੰ ਜ਼ਫ਼ਰ ਅਲੀ ਤੇ ਮੌਲਾਨਾ ਸਾਲਿਕ ਪਾਸ ਲੈ ਕੇ ਗਏ ਤਾਂ ਕਿ ਇਸ ਨਵੇਂ ਮੁੰਡੇ ਨੂੰ ਇਹ ਪੁਰਾਣੇ ਉਸਤਾਦ ਕੋਈ ਗੁਰ ਦੱਸ ਸਕਣ । ਹਮਦਰਦ ਸਾਹਿਬ ਦਸਦੇ ਹਨ ਕਿ ਮੌਲਾਨਾ ਸਾਲਿਕ ਨੇ ਜੋ ਦੀਖਿਆ ਦਿੱਤੀ ਉਹ ਮੇਰੇ ਬੜੀ ਚਿੱਤ ਲੱਗੀ ਤੇ ਮੈਂ ਪੱਲੇ ਬੰਨ੍ਹ ਲਈ । ਮੌਲਾਨਾ ਸਾਲਿਕ ਨੇ ਕਿਹਾ, "ਲਿਖਣ ਲਗਿਆਂ ਕਿਸੇ ਘਟਨਾ ਨਾਲ ਪੱਤਰਕਾਰ ਦੀ ਭਾਵਕ ਸਾਂਝ ਵੀ ਹੋ ਸਕਦੀ ਹੈ । ਉਸ ਦਾ ਖ਼ੂਨ ਕਿਸੇ ਘਟਨਾ ਦੀ ਖ਼ਬਰ ਮਿਲਦੇ ਸਾਰ ਖੌਲ ਵੀ ਸਕਦਾ ਹੈ ਪਰ ਸਫ਼ਲ ਪੱਤਰਕਾਰ ਉਹ ਹੈ ਜੋ ਖ਼ੂਨ ਨੂੰ ਬੇਸ਼ਕ ਖੌਲਣ ਦੇਵੇ, ਡੌਲੇ ਫਰਕਣ ਦੇਵੇ ਪਰ ਦਿਮਾਗ਼ ਨੂੰ ਠੰਡਾ ਰਖੇ । ਦਿਮਾਗ਼ ਨੂੰ ਗਰਮੀ ਚੜ੍ਹਾਏ ਬਿਨਾਂ ਆਪਣੀ ਟਿਪਣੀ ਲਿਖੇ ।"

ਹੌਲੀ ਹੌਲੀ ਉਨ੍ਹਾਂ ਨੇ ਉਰਦੂ ਦੀ ਵਾਰਤਕ ਲਿਖਣ ਲਈ ਆਪਣੀ ਸ਼ੈਲੀ ਵਿਕਸਤ ਕੀਤੀ । ਕੋਸ਼ਿਸ਼ ਕੀਤੀ ਕਿ ਵੱਧ ਤੋਂ ਵੱਧ ਸਲੀਸ (ਸਰਲ) ਵਾਰਤਕ ਲਿਖੀ ਜਾਵੇ । ਇਸ ਗੱਲ ਦੀ ਤਾਰੀਫ਼ ਉਸਤਾਦਾਂ ਨੇ ਵੀ ਕੀਤੀ। ਖ਼ਵਾਜਾ ਹਸਨ ਨਿਜ਼ਾਮੀ ਦਿਲੀ ਤੋਂ 'ਮਨਾਦੀ' ਮਾਸਕ ਪੱਤਰ ਕਢਦੇ ਸਨ । ਉਨ੍ਹਾਂ ਨੂੰ 'ਸਲਾਸਤ ਦਾ ਸ਼ਹਿਨਸ਼ਾਹ' ਕਿਹਾ ਜਾਂਦਾ ਸੀ । ਉਨ੍ਹਾਂ ਨੇ ਹਮਦਰਦ ਜੀ ਦੀ ਉਰਦੂ ਵਾਰਤਕ ਦੀ ਤਾਰੀਫ਼ ਕਰਦਿਆਂ ਖ਼ਤ ਲਿਖਿਆ ਤੇ ਹੈਰਾਨੀ ਜ਼ਾਹਿਰ ਕੀਤੀ ਕਿ ਇਕ ਸਿੱਖ ਲੇਖਕ ਉਰਦੂ ਵਾਰਤਕ ਇੰਨੀ ਸਲੀਸ ਕਿਵੇਂ ਲਿਖ ਸਕਦਾ ਹੈ । ਉਨ੍ਹਾਂ ਦੇ ਜਿਨ੍ਹਾਂ ਲੇਖਾਂ ਦਾ ਜ਼ਿਕਰ ਖ਼ਵਾਜਾ ਜੀ ਨੇ ਆਪਣੇ ਖ਼ਤ ਵਿੱਚ ਕੀਤਾ ਸੀ, ਉਨ੍ਹਾਂ ਹੇਠ ਹਮਦਰਦ ਸਾਹਿਬ ਦਾ ਨਾਂ ਨਹੀਂ ਸੀ ਹੁੰਦਾ । ਜਦ ਹਮਦਰਦ ਸਾਹਿਬ ਨੇ ਉਤਰ ਵਿੱਚ ਲਿਖਿਆ ਕਿ ਇਹ ਲੇਖ ਮੈਂ ਲਿਖਦਾ ਹਾਂ ਤਾਂ ਖ਼ਵਾਜਾ ਹਸਨ ਨਜ਼ਾਮੀ ਨੇ ਜਵਾਬ ਵਿੱਚ ਲਿਖਿਆ:—

> "ਖ਼ੁਦਾ ਕੀ ਕਸਮ, ਐਸੀ ਸਲੀਸ ਉਰਦੂ, ਬਰਖ਼ੁਰਦਾਰ ਤੁਮ ਕਹਿਤੇ ਹੋ ਕਿ ਤੁਮ ਲਿਖਤੇ ਹੋ, ਇਸ ਲੀਏ ਮਾਨ ਲੇਤੇ ਹੈਂ ਕਿ ਤੁਮ ਹੀ ਲਿਖਤੇ ਹੋ । ਵਰਨਾ ਐਸੇ ਲਗਤਾ ਹੈ ਕਿ ਸਾਧੂ ਸਿੰਘ ਕੀ ਜਗ੍ਹਾ ਕੋਈ ਫ਼ਕੀਰ ਮੁਹੰਮਦ ਲਿਖਤਾ ਹੈ । ਸਿੱਖ ਔਰ ਐਸੀ ਸਲੀਸ ਉਰਦੂ । ਸੁਬਾਣ ਅੱਲਾ ।"

ਅਜੀਤ ਉਰਦੂ ਲਾਹੌਰ ਵਿੱਚ ਉਹ ਰਾਜਨੀਤੀ ਦੇ ਭੇਦਾਂ ਨੂੰ ਜਾਨਣ ਅਤੇ ਉਨ੍ਹਾਂ ਉੱਤੇ ਟੀਕਾ ਟਿਪਣੀ ਕਰਨ ਦਾ ਅਭਿਆਸ

ਕਰਨ ਤੋਂ ਇਲਾਵਾ, ਉਰਦੂ ਤੇ ਪੰਜਾਬੀ ਦੋਹਾਂ ਬੋਲੀਆਂ ਵਿੱਚ ਨਜ਼ਮ ਵੀ ਲਿਖਦੇ ਰਹੇ । ਗਜ਼ਲ ਲਿਖਣ ਦਾ ਸ਼ੌਕ ਵੀ ਪੈਦਾ ਹੋਇਆ, ਭਾਵੇਂ ਇਸ ਉੱਤੇ ਉਨ੍ਹਾਂ ਨੂੰ ਮੁਹਾਰਤ ਜਲੰਧਰ ਆ ਕੇ ਉਰਦੂ ਕਵੀਆਂ ਦੀ ਵਧੇਰੇ ਸੰਗਤ ਕਰਨ ਨਾਲ ਹੀ ਪ੍ਰਾਪਤ ਹੋਈ ।

ਹੌਲੀ ਹੌਲੀ ਅਕਾਲੀ ਰਾਜਨੀਤੀ ਬਾਰੇ ਉਨ੍ਹਾਂ ਨੂੰ ਅਖ਼ਬਾਰੀ ਦੁਨੀਆਂ ਵਿੱਚ ਇਕ ਵਿਸ਼ੇਸ਼ਗ ਸਮਝਿਆ ਜਾਣ ਲੱਗ ਪਿਆ । ਉਨ੍ਹਾਂ ਨੇ ਇਹ ਪਦਵੀ ਇਕ ਤਨਖਾਹਦਾਰ ਸੰਪਾਦਕ ਦੇ ਰੂਪ ਵਿੱਚ ਹੀ ਨਹੀਂ ਨਿਭਾਈ । ਹੌਲੀ ਹੌਲੀ ਉਨ੍ਹਾਂ ਨੇ ਇਸ ਰਾਜਨਤੀ ਦੇ ਕੁਝ ਆਦਰਸ਼ ਵੀ ਨੀਅਤ ਕੀਤੇ । ਜੋ ਗੱਲਾਂ ਨੇਤਾ ਲੋਕ ਸਹਿਜ ਸੁਭਾ ਕਹਿੰਦੇ ਸਨ, ਬੇਤਰਤੀਬ ਕਹਿੰਦੇ ਸਨ, ਹਮਦਰਦ ਸਾਹਿਬ ਨੇ ਉਨ੍ਹਾਂ ਨੂੰ ਇਕ ਵਿਚਾਰ ਧਾਰਾ ਦੇ ਰੂਪ ਵਿਚ ਗੁੰਦਿਆ। ਇਸ ਰਾਜਨੀਤੀ ਦਾ ਇਕ ਮਜ਼ਬੂਤ ਕੇਸ ਤਿਆਰ ਕਰਨ ਦੀ ਕੋਸ਼ਿਸ਼ ਕੀਤੀ । ਇਉਂ ਉਹ ਸਿਰਫ ਟਿਪਣੀ-ਕਾਰ ਹੀ ਨਾ ਰਹੇ, ਇਸ ਰਾਜਨੀਤੀ ਨਾਲ ਭਾਵਕ ਜਾਂ ਬੌਧਿਕ ਤੌਰ ਤੇ ਜੁੜ ਗਏ ।

ਉਨ੍ਹਾਂ ਨੇ ਇਹ ਸਾਂਝ ਵਫਾਦਾਰੀ ਨਾਲ ਨਿਭਾਈ ।

ਪਰ ਜਦੋਂ ਦੇਸ਼ ਦੀ ਵੰਡ ਤੋਂ ਉਪਰੰਤ ਨਵੇਂ ਹਾਲਾਤ ਵਿੱਚ ਪੁਰਾਣੇ ਰਾਜਨੀਤਕ ਆਗੂਆਂ ਨੂੰ ਨਵੇਂ ਪੈਦਾ ਹੋਏ ਹਿਤਾਂ ਦੀ ਰੋਸ਼ਨੀ ਵਿੱਚ ਪਹਿਲੀ ਲੀਹੇ ਰਲ ਕੇ ਤੁਰਨਾ ਮੁਸ਼ਕਲ ਹੋ ਗਿਆ ਤਾਂ ਹਮਦਰਦ ਜੀ ਲਈ ਵੀ ਸੰਕਟ ਬਣ ਗਿਆ । ਅਜੀਤ ਦੇ ਨਵੇਂ ਪ੍ਰਬੰਧਕਾਂ ਨਾਲ ਉਹ 1950 ਤਕ ਚਲੇ, ਇਸ ਤੋਂ ਅੱਗੇ ਮੱਤ ਭੇਦ ਪੈਦਾ ਹੋਣ ਨਾਲ ਨਿਭਣਾ ਮੁਸ਼ਕਲ ਹੋ ਗਿਆ। ਸੰਨ 1950 ਵਿੱਚ ਉਹ ਰੰਜਨਾ ਪ੍ਰਭਾਤ ਵਿੱਚ ਚਲੇ ਗਏ ਅਤੇ 1952 ਵਿੱਚ ਪ੍ਰਭਾਤ ਵੀ ਛੱਡ ਦਿੱਤਾ । ਹੁਣ ਅਜੀਤ ਦੇ ਪ੍ਰਬੰਧਕ ਬਦਲ ਚੁੱਕੇ ਸਨ, ਹਮਦਰਦ ਸਾਹਿਬ ਫਿਰ ਅਜੀਤ ਵਿੱਚ ਆ ਗਏ ।

ਪਰ ਹੁਣ ਦੁਨੀਆਂ ਤੇਜ਼ੀ ਨਾਲ ਬਦਲ ਰਹੀ ਸੀ । 1950 ਤੋਂ 1960 ਤਕ ਪੰਜਾਬ ਦੀ ਰਾਜਨੀਤੀ ਵਿੱਚ ਕਈ ਤੂਫਾਨ ਪੈਦਾ ਹੋਏ । ਨਵੇਂ ਨਵੇਂ ਹਿਤ ਉਭਰ ਰਹੇ ਸਨ, ਰਾਜਨੀਤਕ ਜੋੜ ਤੋੜ ਹੋ ਰਹੇ ਸਨ । ਕਈ ਲੋਕ ਪੁਰਾਣੇ ਨਿਸ਼ਾਨੇ ਛੱਡ ਰਹੇ ਸਨ । ਇਕ ਅਖ਼ਬਾਰ ਨਵੀਸ ਲਈ ਜੋ ਸਾਰੀ ਉਮਰ ਕੁਝ ਗੱਲਾਂ ਪ੍ਰਚਾਰਦਾ ਰਿਹਾ ਹੋਵੇ, ਉਨ੍ਹਾਂ ਉੱਤੇ ਪਹਿਰਾ ਦਿੰਦਾ ਰਿਹਾ ਹੋਵੇ, ਇਕ ਦਮ ਹੀ ਇਹ ਪਲਟੇ ਦੇਖ ਕੇ ਇਨ੍ਹਾਂ ਨਾਲ ਇਕ ਸੁਰ ਹੋਣਾ ਔਖਾ ਹੋ ਜਾਂਦਾ ਹੈ । ਇਸ ਲਈ ਹਮਦਰਦ ਸਾਹਿਬ ਕਈ ਸਾਲ ਉਦਾਸ ਰਹੇ, ਉਪਰਾਮ ਰਹੇ । ਪੁਰਾਣਾ ਸੁਆਦ ਕਿਰਕਰਾ ਹੋ ਰਿਹਾ ਸੀ । ਹੌਲੀ ਹੌਲੀ ਉਹ ਅਨੁਭਵ ਕਰਨ ਲੱਗੇ ਕਿ ਪੱਤਰਕਾਰ ਵਾਲੀ ਸੁਤੰਤਰਤਾ ਮਾਨਣ ਲਈ ਜ਼ਰੂਰੀ ਹੈ ਕਿ ਅਖ਼ਬਾਰ ਆਪਣੀ ਹੋਵੇ । ਨਵੇਂ ਸਮਾਚਾਰ ਵਿੱਚ ਕਿਸੇ ਰਾਜਨੀਤਕ ਪਾਰਟੀ ਜਾਂ ਧੜੇ ਵਲੋਂ ਚਲਾਏ ਗਏ ਪਰਚੇ ਵਿੱਚ, ਆਪਣਾ ਆਦਰ ਮਾਣ ਬਣਾ ਚੁਕੇ ਪੱਤਰਕਾਰ ਲਈ, ਆਪਣੀ ਆਜ਼ਾਦੀ ਤੇ ਆਪਣਾ ਸਾਮਾਨ ਬਣਾ ਕੇ ਰਖਣਾ ਸੰਭਵ ਨਹੀਂ ਸੀ ।

ਪਰ ਆਪਣਾ ਮਾਸਕ ਪੱਤਰ ਕੱਢਣਾ ਤੇ ਚਲਾਉਣਾ ਵੀ ਇਕ ਨੰਗ ਧੜੰਗ ਲੇਖਕ ਜਾਂ ਅਖ਼ਬਾਰ ਨਵੀਸ ਲਈ ਸਹਿਲ ਨਹੀਂ—ਦੈਨਿਕ ਪੱਤਰ ਕੱਢਣਾ ਤਾਂ ਬਹੁਤ ਵੱਡੀ ਗੱਲ ਹੈ ।

ਹਮਦਰਦ ਸਾਹਿਬ ਨੇ ਤਾਂ ਸਾਰੀ ਉਮਰ ਆਪਣੇ ਖ਼ਿਆਲਾਂ ਦਾ ਡਟ ਕੇ ਪ੍ਰਚਾਰ ਕਰਨ ਤੋਂ ਸਿਵਾ ਹੋਰ ਕੋਈ ਖੱਟੀ ਖੱਟੀ ਹੀ ਨਹੀਂ ਸੀ। ਆਪਣਾ ਪਰਚਾ ਜਾਰੀ ਕਰਨ ਲਈ ਮਾਇਕ ਸਾਧਨ ਕਿਥੋਂ ਆਉਣ ? ਆਪਣਾ ਪਰਚਾ ਜਾਰੀ ਕਰਨ ਦਾ ਵਿਚਾਰ ਬਣਾਣਾ ਸੌਖਾ ਸੀ ਇਸ ਨੂੰ ਅਮਲੀ ਰੂਪ ਦੇਣਾ ਬਹੁਤ ਔਖਾ ਸੀ। ਪਰ ਉਨ੍ਹਾਂ ਦੀ ਧੁਨ ਤੇ ਸਿਰੜ ਜੋ ਉਨ੍ਹਾਂ ਦੇ ਸੁਭਾ ਦਾ ਇਕ ਲੱਛਣ ਹੈ ਕੰਮ ਆਏ। 1957 ਵਿੱਚ ਜਦੋਂ ਅਜੀਤ ਦੇ ਪ੍ਰਬੰਧਕ ਕਈ ਕਾਰਨਾਂ ਕਰਕੇ ਅਜੀਤ (ਜੋ ਹੁਣ ਉਰਦੂ ਤੋਂ ਬਿਨਾਂ ਪੰਜਾਬੀ ਵਿੱਚ ਵੀ ਨਿਕਲਣਾ ਸ਼ੁਰੂ ਹੋ ਚੁੱਕਾ ਸੀ) ਬੰਦ ਕਰਨ ਬਾਰੇ ਸੋਚ ਰਹੇ ਸਨ ਕਿ ਹਮਦਰਦ ਸਾਹਿਬ ਨੇ ਛਾਲ ਮਾਰੀ। ਆਪਣੇ ਕੁਝ ਅਜਿਹੇ ਦੋਸਤਾਂ ਜਾਂ ਕਦਰਦਾਨਾਂ ਨੂੰ (ਜੋ ਉਨ੍ਹਾਂ ਦੇ ਸਾਲਾਂ ਤੋਂ ਪ੍ਰਸ਼ੰਸਕ ਸਨ) ਉਨ੍ਹਾਂ ਨੇ ਸਹਾਇਤਾ ਲਈ ਪ੍ਰਾਈਵੇਟ ਤੌਰ ਤੇ ਵੰਗਾਰਿਆ। ਇਨ੍ਹਾਂ ਤੋਂ 9000 ਰੁਪਿਆ ਇਕਠਾ ਕਰਕੇ ਅਜੀਤ (ਪੰਜਾਬੀ) ਖਰੀਦ ਲਿਆ।

ਇਹ ਦਲੇਰੀ ਸੁਲੱਖਣੀ ਸਾਬਤ ਹੋਈ। ਹਮਦਰਦ ਸਾਹਿਬ ਲਈ ਹੀ ਨਹੀਂ, ਪੰਜਾਬੀ ਪੱਤਰਕਾਰੀ ਲਈ ਵੀ।

ਇਸ ਸਮੇਂ ਜਲੰਧਰ ਤੋਂ ਪੰਜਾਬੀ ਦੇ ਤਿੰਨ ਅਖ਼ਬਾਰ ਹੋਰ ਵੀ ਨਿਕਲ ਰਹੇ ਸਨ। ਇਹ ਸਾਰੇ ਅਖ਼ਬਾਰ 20×30/4 ਸਾਈਜ਼ ਵਿੱਚ 4 ਸਫ਼ਿਆਂ ਦੇ ਨਿਕਲਦੇ ਸਨ ਤੇ ਕੀਮਤ ਇਕ ਆਨਾ ਹੁੰਦੀ ਸੀ। ਅਖ਼ਬਾਰੀ ਦੁਨੀਆਂ ਵਿਚ ਵਿਸ਼ਵਾਸ ਸੀ ਕਿ ਪੰਜਾਬੀ ਅਖ਼ਬਾਰ ਇਕ ਆਨੇ ਤੋਂ ਵੱਧ ਮੁੱਲ ਦਾ ਨਹੀਂ ਵਿਕ ਸਕਦਾ ਤੇ ਇਸ ਨੂੰ ਗੁਰਦੁਆਰਿਆਂ ਦੇ ਗ੍ਰੰਥੀ, ਬੱਚੇ, ਬੁੱਢੇ ਤੇ ਘਰਾਂ ਦੀਆਂ ਔਰਤਾਂ ਹੀ ਪੜ੍ਹਦੀਆਂ ਹਨ।

ਹਮਦਰਦ ਸਾਹਿਬ ਨੇ ਪਰਚਾ ਹੱਥ ਵਿੱਚ ਆ ਜਾਣ ਤੋਂ ਬਾਅਦ ਪੰਜਾਬੀ ਪੱਤਰਕਾਰੀ ਬਾਰੇ ਬਣੇ ਹੋਏ ਇਹ ਤੁਅੱਸਬ ਹੌਲੀ ਹੌਲੀ ਬਦਲ ਦਿੱਤੇ। ਉਨ੍ਹਾਂ ਨੇ ਪਹਿਲਾ ਕਦਮ ਇਹ ਚੁਕਿਆ ਕਿ ਪਰਚਾ 20×30/2 ਸਾਈਜ਼ ਵਿੱਚ ਕਰ ਦਿੱਤਾ, ਸਫ਼ੇ ਚਾਰ ਹੀ, ਕੀਮਤ ਇਕ ਆਨਾ।

ਇਸ ਤੋਂ ਅੱਗੇ ਉਹ ਪਰਚੇ ਵਿੱਚ ਹੋਰ ਵੀ ਵਾਧੇ ਕਰਨਾ ਚਾਹੁੰਦੇ ਸਨ ਪਰ ਕੁਝ ਮਹੀਨਿਆਂ ਵਿੱਚ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਪਰਚਾ ਚੰਗਾ ਲਿਖਣ ਅਤੇ ਸੰਪਾਦਿਤ ਕਰਨ ਨਾਲ ਹੀ ਅੱਗੇ ਨਹੀਂ ਵਧ ਜਾਂਦਾ। ਉਸ ਦੇ ਪਿੱਛੇ ਸਰਮਾਇਆ ਵੀ ਚਾਹੀਦਾ ਹੈ। ਆਪਣੇ ਬਹੁਤੇ ਨਿਕਟੀ ਦੋਸਤਾਂ ਤੋਂ ਉਹ ਨੌਂ ਹਜ਼ਾਰ ਰੁਪਏ ਪਹਿਲਾਂ ਹੀ ਲੈ ਚੁੱਕੇ ਸਨ, ਹੋਰ ਪੈਸਾ ਕਿਥੋਂ ਆਵੇ।

ਹਮਦਰਦ ਸਾਹਿਬ ਦਸਦੇ ਹਨ ਕਿ ਕਈ ਦਿਨ ਮੈਂ ਦੁਬਿਧਾ ਵਿੱਚ ਪਿਆ ਰਿਹਾ। ਮਨ ਨਿਰਾਸ ਸੀ। ਕਈ ਵਾਰ ਦਿਲ ਵਿੱਚ ਆਵੇ ਕਿ ਮੈਂ ਕਿਹੜੀ ਮੁਸੀਬਤ ਵਿੱਚ ਫਸ ਗਿਆ ਹਾਂ। ਪਰਚਿਆਂ ਦੇ ਪ੍ਰਬੰਧਕਾਂ ਦੇ ਕਹੇ ਹੋਏ ਬੋਲ ਚੇਤੇ ਆਉਣ ਕਿ ਹਮਦਰਦ ਤੂੰ ਪਛਤਾਉਣਾ ਹੈ, ਆਪਣਾ ਪਰਚਾ ਚਲਾਉਣਾ ਸੌਖਾ ਨਹੀਂ। ਪਰਚੇ ਪਾਰਟੀਆਂ ਹੀ ਚਲਾ ਸਕਦੀਆਂ ਹਨ ਜਾਂ ਲੀਡਰ।

ਹਮਦਰਦ ਸਾਹਿਬ ਮਹਿਸੂਸ ਕਰਨ ਕਿ ਜੇ ਹਾਰ ਮੰਨ ਲਈ ਤਾਂ ਅਖ਼ਬਾਰੀ ਦੁਨੀਆਂ ਵਿੱਚ ਮੂੰਹ ਦਿਖਾਉਣ ਜੋਗਾ ਨਹੀਂ ਰਹਾਂਗਾ। ਜੇ ਅਖ਼ਬਾਰ ਨਵੀਸੀ ਛਡਾਂਗਾ ਤਾਂ ਹੋਰ ਕੀ ਕੰਮ

ਕਰਾਂਗਾ ? ਅਖ਼ਬਾਰ ਦੇ ਦਫ਼ਤਰ ਵਿੱਚ ਬੈਠੇ ਬਿਨਾਂ ਤਾਂ ਸਾਹ ਨਹੀਂ ਆਉਣਾ। ਹਮਦਰਦ ਸਾਹਿਬ ਦਸਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਮੈਂ ਆਤਮ ਘਾਤ ਕਰਨ ਬਾਰੇ ਵੀ ਸੋਚਿਆ।

ਪਰ ਫਿਰ ਮਨ ਨੂੰ ਸਮਝਾਇਆ ਕਿ ਡੁਬਦੇ ਆਦਮੀ ਨੂੰ ਤਾਂ ਤੀਲਾ ਵੀ ਸਹਾਰਾ ਹੁੰਦਾ ਹੈ। ਕਿਉਂ ਨਾ ਕੁਝ ਹੱਥ ਪੈਰ ਮਾਰਾਂ ? ਆਖਰ ਹੌਂਸਲਾ ਕਰਕੇ ਉਨ੍ਹਾਂ ਲੋਕਾਂ ਨੂੰ ਮਿਲਿਆ ਜੋ ਪੈਸੇ ਦੀ ਸਹਾਇਤਾ ਦੇ ਸਕਦੇ ਸਨ। ਯਤਨ ਅਸਫਲ ਨਾ ਹੋਇਆ। ਛੇਤੀ ਹੀ ਹਮਦਰਦ ਸਾਹਿਬ ਨੇ 50,000 ਰੁਪਿਆ ਇਕਠਾ ਕੀਤਾ। ਜੋ ਕਝ ਪਰਚੇ ਤੇ ਲਾਇਆ ਤੇ ਕੁਝ ਪਰਚੇ ਦੀ ਇਮਾਰਤ ਤੇ। ਤੇ ਪਰਚਾ ਆਪਣੇ ਪੈਰਾਂ ਤੇ ਖੜਗਿਆ।

ਹੁਣ ਨਵੇਂ ਪ੍ਰਯੋਗ ਕਰਨ ਲਈ ਮੈਦਾਨ ਖੁਲ੍ਹਾ ਸੀ। ਉਨ੍ਹਾਂ ਨੇ ਅਜੀਤ ਅਖ਼ਬਾਰ ਨੂੰ ਬਿਹਤਰ ਬਨਾਉਣ ਲਈ ਅੱਗੜ ਪਿਛੜ ਕਈ ਕਦਮ ਚੁੱਕੇ। ਪਹਿਲਾਂ ਪਹਿਲਾਂ ਪੰਜਾਬੀ ਦੇ ਅਖ਼ਬਾਰ 18 ਪੁਆਇੰਟ ਵਿਚ ਛਪਦੇ ਸਨ, ਫਿਰ 16 ਪੁਆਇੰਟ ਵਿੱਚ ਛਪਣ ਲੱਗੇ ਪਰ ਹਮਦਰਦ ਜੀ ਨੇ 14 ਪੁਆਇੰਟ ਦਾ ਟਾਈਪ ਬਣਵਾਇਆ ਤੇ ਫਿਰ 12 ਪੁਆਇੰਟ ਦਾ। ਅੱਜ ਕਲ ਪੰਜਾਬੀ ਦੇ ਸਾਰੇ ਅਖ਼ਬਾਰ 12 ਪੁਆਇੰਟ ਵਿੱਚ ਛਪਦੇ ਹਨ। ਹਮਦਰਦ ਸਾਹਿਬ ਨੇ ਪਰਚੇ ਦਾ ਆਕਾਰ ਵੱਡਾ ਕਰ ਦਿੱਤਾ। ਕੀਮਤ 8 ਪੈਸੇ ਕੀਤੀ।

ਇਸ ਤੋਂ ਪਿੱਛੋਂ ਸੰਡੇ ਐਡੀਸ਼ਨ ਦੇ ਸਫ਼ੇ ਵਧਾ ਦਿੱਤੇ ਤੇ ਉਸ ਦੀ ਕੀਮਤ 13 ਪੈਸੇ ਕਰ ਦਿੱਤੀ। ਪਾਠਕਾਂ ਨੂੰ ਵੱਧ ਪੈਸੇ ਖਰਚਣ ਦੀ ਆਦਤ ਪਾਉਣ ਲਈ ਹਫ਼ਤੇ ਦੇ ਇਕ ਦਿਨ ਫ਼ਿਲਮੀ ਐਡੀਸ਼ਨ ਜਾਰੀ ਕਰ ਦਿੱਤਾ ਤੇ ਉਸ ਦੀ ਕੀਮਤ ਵੀ 13 ਪੈਸੇ ਕਰ ਦਿੱਤੀ। ਕੁਝ ਅਰਸੇ ਬਾਅਦ ਵੀਰ ਐਡੀਸ਼ਨ ਕੱਢਿਆ, ਮੰਗਲ ਐਡੀਸ਼ਨ ਕੱਢਿਆ। ਇਨ੍ਹਾਂ ਸਾਰਿਆਂ ਐਡੀਸ਼ਨਾਂ ਦੀ ਕੀਮਤ ਹੁਣ 13 ਪੈਸੇ ਹੁੰਦੀ ਸੀ।

1963 ਵਿੱਚ ਰੋਜ਼ ਹੀ 4 ਦੀ ਥਾਂ 6 ਸਫ਼ੇ ਛਾਪਣੇ ਸ਼ੁਰੂ ਕਰ ਦਿੱਤੇ ਤੇ ਹਰ ਪਰਚੇ ਦੀ ਕੀਮਤ 13 ਪੈਸੇ ਕਰ ਦਿੱਤੀ।

ਇਨ੍ਹਾਂ ਸਾਰੇ ਪ੍ਰਯੋਗਾਂ ਦੇ ਬਾਵਜੂਦ ਪਾਠਕ ਵਧ ਰਹੇ ਸਨ ਤੇ ਪੰਜਾਬੀ ਦੇ ਸਾਰੇ ਅਖ਼ਬਾਰ ਹੁਣ ਵੱਡੇ ਆਕਾਰ ਵਿੱਚ ਤੇ 13 ਪੈਸੇ ਕੀਮਤ ਵਿੱਚ ਵਿਕ ਰਹੇ ਹਨ।

ਪਿਛਲੇ ਇਕ ਦੋ ਸਾਲਾਂ ਵਿੱਚ ਪੰਜਾਬੀ ਪੱਤਰਕਾਰੀ ਨੇ ਛਪਾਈ ਵਿੱਚ ਇਕ ਹੋਰ ਕਰਾਂਤੀ ਲਿਆਂਦੀ ਹੈ। ਪਹਿਲਾਂ ਵਿਸ਼ੇਸ਼ ਅੰਕਾਂ ਵਿੱਚ ਤੇ ਹੁਣ ਰੋਜ਼ ਹੀ ਦੋ ਸਫ਼ੇ ਆਫਸੈਟ ਛਪਾਈ ਵਿੱਚ ਪੇਸ਼ ਕੀਤੇ ਜਾਂਦੇ ਹਨ। ਹਮਦਰਦ ਸਾਹਿਬ ਚਾਹੁੰਦੇ ਹਨ ਕਿ ਹੌਲੀ ਹੌਲੀ ਸਾਰੀ ਛਪਾਈ ਹੀ ਆਫਸੈਟ ਤੇ ਕੀਤੀ ਜਾਵੇ। ਅੱਜ ਕਲ ਅਜੀਤ ਤੇ ਬਾਕੀ ਅਖ਼ਬਾਰ ਰੋਜ਼ ਵੱਡੇ ਸਾਈਜ਼ ਦੇ ਘਟ ਤੋਂ ਘਟ ਛੇ ਸਫ਼ੇ ਪਾਠਕਾਂ ਨੂੰ ਦਿੰਦੇ ਹਨ ਅਤੇ ਉਨ੍ਹਾਂ ਦੀ ਕੀਮਤ 20 ਪੈਸੇ ਹੁੰਦੀ ਹੈ। ਹਫ਼ਤੇ ਵਿੱਚ ਘਟ ਤੋਂ ਘਟ ਚਾਰ ਵਿਸ਼ੇਸ਼ ਅੰਕ ਕੱਢੇ ਜਾਂਦੇ ਹਨ।

ਕਿਉਂ ਜਦੋਂ ਅਸੀਂ 15 ਸਾਲ ਪਹਿਲਾਂ ਦੇ ਪੰਜਾਬੀ ਪਰਚਿਆਂ ਨਾਲ ਜੋ ਬਹੁਤ ਨਿੱਕੇ ਆਕਾਰ ਵਿੱਚ, ਇਕ ਇਕ ਆਨੇ ਵਿੱਚ ਵਿਕਦੇ ਸਨ, ਹੁਣ ਦੇ ਪਰਚਿਆਂ ਦਾ ਟਾਕਰਾ ਕਰਕੇ ਵੇਖੀਏ ਤਾਂ ਇੰਨੇ ਥੋੜੇ ਸਮੇਂ ਵਿੱਚ ਇੰਨੀ ਤਰੱਕੀ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ

ਹੈ ਕਿਉਂਕਿ ਇਸ ਤੱਰਕੀ ਵਿੱਚ ਹੋਰ ਪੱਤਰਕਾਰਾਂ ਦੇ ਨਾਲ ਨਾਲ ਸਾਧੂ ਸਿੰਘ ਹਮਦਰਦ ਦਾ ਖਾਸ ਹਿੱਸਾ ਹੈ, ਇਸ ਲਈ ਅਸੀਂ ਉਨ੍ਹਾਂ ਦੇ ਕੰਮ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦੇ ।

ਪੰਜਾਬੀ ਪੱਤਰਕਾਰੀ ਨੇ ਅਜੇ ਵੀ ਕਈ ਪੜਾਅ ਪਾਰ ਕਰਨੇ ਹਨ । ਇਸ ਦੇ ਸੰਪਾਦਨ ਛਪਾਈ ਅਤੇ ਗੈਟ-ਅਪ ਵਿੱਚ ਅਜੇ ਬਹੁਤ ਘਾਟੇ ਹਨ । ਭਾਰਤ ਵਿੱਚ ਅੰਗ੍ਰੇਜ਼ੀ ਪੱਤਰਕਾਰੀ ਦਾ ਜੋ ਪੱਧਰ ਹੈ, ਪੰਜਾਬੀ ਪੱਤਰਕਾਰੀ ਅਜੇ ਉਸ ਤੋਂ ਬਹੁਤ ਪਿੱਛੇ ਹੈ, ਸੰਸਾਰ ਦੀ ਪੱਤਰਕਾਰੀ ਦਾ ਤਾਂ ਕੀ ਕਹਿਣਾ ਹੈ ?

ਪਰ ਹੁਣ ਪੰਜਾਬੀ ਪੱਤਰਾਂ ਪਾਸ ਕਾਫੀ ਸਾਧਨ ਹਨ । ਸਰਕਾਰ ਵੀ ਮਦਦ ਕਰ ਸਕਦੀ ਹੈ । ਜੇ ਹੁਣ ਹੰਭਲਾ ਮਾਰਿਆ ਜਾਏ ਤਾਂ ਪੰਜਾਬੀ ਅਖਬਾਰਾਂ ਦਾ ਮਿਆਰ ਹਰ ਪੱਖ ਤੋਂ ਉਚਾ ਹੋ ਸਕਦਾ ਹੈ । ਕਿਸੇ ਖਬਰ ਨੂੰ ਅੰਗਰੇਜ਼ੀ ਵਿੱਚੋਂ ਪੰਜਾਬੀ ਵਿੱਚ ਅਨੁਵਾਦ ਕਰਨ ਲਗਿਆਂ, ਸੰਪਾਦਿਤ ਕਰਨ ਲਗਿਆਂ, ਪਰੂਫ ਰੀਡਿੰਗ ਕਰਨ ਲਗਿਆਂ ਅਤੇ ਛਾਪਣ ਲਗਿਆ ਇਸ ਗੱਲ ਦਾ ਖ਼ਿਆਲ ਰਖਣ ਦੀ ਲੋੜ ਹੈ ਕਿ ਇਸ ਖਬਰ ਨੂੰ ਹਜ਼ਾਰਾਂ ਪਾਠਕਾਂ ਨੇ ਪੜ੍ਹਨਾ ਹੈ ਤੇ ਬਹੁਤਿਆਂ ਨੇ ਇਕ ਇਕ ਸ਼ਬਦ ਪੜ੍ਹਨਾ ਹੈ । ਇਸ ਲਈ ਅਨੁਵਾਦ ਠੀਕ ਹੋਵੇ, ਪਰੂਫ-ਰੀਡਿੰਗ ਠੀਕ ਹੋਵੇ, ਖਬਰ ਦੀ ਚੋਣ ਅਤੇ ਸੰਪਾਦਨ ਠੀਕ ਹੋਵੇ ਅਤੇ ਛਪਾਈ ਬਹੁਤ ਸੁੰਦਰ ਹੋਵੇ । ਇਹੋ ਗੱਲਾਂ ਅਸੀਂ ਸੰਪਾਦਕੀ ਸਫੇ ਅਤੇ ਤਸਵੀਰਾਂ ਵਾਲੇ ਸਫਿਆਂ ਬਾਰੇ ਕਹਿ ਸਕਦੇ ਹਾਂ ।

ਹੁਣ ਜੋ ਹਾਲਤ ਹੈ ਉਹ ਅਸੰਤੋਸ਼ਜਨਕ ਹੈ ।

ਪਰ ਸਾਨੂੰ ਯਕੀਨ ਹੈ ਕਿ ਸਾਧੂ ਸਿੰਘ ਹਮਦਰਦ ਤੇ ਪੰਜਾਬੀ ਅਖਬਾਰ ਨਵੀਸੀ ਵਿੱਚ ਉਨ੍ਹਾਂ ਦੇ ਸਹਿਕਾਰੀ ਗਿਆਨੀ ਸ਼ਾਦੀ ਸਿੰਘ, ਗਿਆਨੀ ਭਜਨ ਸਿੰਘ, ਜਗਜੀਤ ਸਿੰਘ ਅਨੰਦ, ਗੁਰਬਖਸ਼ ਸਿੰਘ ਬਨੂਆਣਾ ਇਹ ਘਾਟੇ ਪੂਰੇ ਕਰਨਗੇ ਤੇ ਪੰਜਾਬੀ ਪੱਤਰਕਾਰੀ ਵਿੱਚ ਨਵੇਂ ਮਿਆਰ ਕਾਇਮ ਕਰਨਗੇ ।

ਹਮਦਰਦ—ਇੱਕ ਗਜ਼ਲਗੋ ਪਤਰਕਾਰ

ਸੂਬਾ ਸਿੰਘ

ਅੱਜ ਤੋਂ ਵੀਹ ਸਾਲ ਪਹਿਲਾਂ ਦੀ ਗੱਲ ਹੈ। ਸਾਧੂ ਸਿੰਘ 'ਹਮਦਰਦ' ਦਾ ਪੰਜਾਬ ਦੇ ਪਤਰਕਾਰ ਹਲਕਿਆਂ ਵਿਚ ਬੜਾ ਵੱਜ ਸੀ ਇਸ ਕਰਕੇ ਨਹੀਂ ਕਿ "ਅਜੀਤ" ਸਿਖਾਂ ਦਾ ਇਕਲੌਤਾ ਪਰਚਾ ਸੀ, ਸਗੋਂ ਇਸ ਕਰਕੇ ਕਿ ਉਹ ਉਰਦੂ ਬੜੀ ਸਲੀਸ, ਸਾਦੀ ਤੇ ਸ਼ੋਖ ਲਿਖਦਾ ਸੀ। ਉਹਦਾ ਅੰਦਾਜ਼ੇ-ਬਿਆਨ ਨਿਰਾਲਾ ਤੇ ਵੱਖਰਾ ਸੀ ਤੇ ਉਹਨੂੰ ਆਪਣੀ ਗੱਲ ਦਲੀਲ ਦੇ ਕੰਡੇ ਤੇ ਤੋਲ ਕੇ ਪੇਸ਼ ਕਰਨ ਦੀ ਜਾਚ ਸੀ।

ਪਰ ਮੈਂ ਹਮਦਰਦ ਨੂੰ ਮਿਲਿਆ ਕਦੇ ਨਹੀਂ ਸਾਂ, ਹਾਂ ਮਿਲਣ ਦੀ ਚਾਹ ਜ਼ਰੂਰ ਸੀ। ਉਨ੍ਹੀਂ ਦਿਨੀਂ, ਸਾਡੀ ਪੰਜਾਂ ਛੇਆਂ ਮਿੱਤਰਾਂ ਦੀ ਢਾਣੀ ਦੀਆਂ ਨਹਿਰੂ ਪਾਰਕ ਜਾਲੰਧਰ ਦੇ ਹਰੇ ਹਰੇ ਘਾਹ ਉਪਰ ਰੁੱਖਾਂ ਦੀ ਛਾਵੇਂ ਰੋਜ਼ ਮਹਿਫਲਾਂ ਜੰਮਦੀਆਂ ਸਨ। ਦਿਨ ਢਲਦਿਆਂ ਸਾਰੇ ਕਿਸੇ "ਕਮਾਊ ਰੁਚੀਆਂ" ਵਾਲੇ ਵਾਕਿਫਕਾਰ ਕੋਲੋਂ ਰੋਟੀਆਂ ਪਾੜ ਕੇ ਅਸੀਂ ਟਿਕਾਣੇ ਤੇ ਪੁਜ ਜਾਂਦੇ, ਖਸਤਾ ਹਾਲ, ਥੱਕੇ ਤੇ ਹਾਰੇ ਹੋਏ, ਸਾਰੀ ਦੁਨੀਆਂ ਤੋਂ ਆਕੀ ਤੇ ਬੇ-ਜ਼ਾਰ। ਬਟੇਰੇਬਾਜ਼ਾਂ ਵਾਂਗ ਹਵਾ ਦੀ ਮਾਰ ਤੋਂ ਲਾਂਭੇ ਕਿਸੇ ਦਰਾਂਟੇ ਦੀ ਓਟ ਵਿਚ ਬੈਠੇ ਅਸੀਂ ਪਹਿਲਾਂ ਤਾਂ ਹਰ ਕਿਸੇ ਦੀ ਰੱਜ ਕੇ ਨਿੰਦਿਆ ਕਰਦੇ ਤੇ ਫੇਰ ਸਾਡੀਆਂ ਗੱਲਾਂ ਅਮਨ, ਕੋਰੀਆ ਦੀ ਜੰਗ, ਤਿਲੰਗਾਨਾ, ਕਸ਼ਮੀਰ, ਹੈਦਰਾਬਾਦ ਤੋਂ ਘੁੰਮਦੀਆਂ ਘੁੰਮਾਉਂ-ਦੀਆਂ, "ਸੱਜੇ ਅਤੇ ਖੱਬੇ" ਦੇ ਗੇੜ ਚੋਂ ਨਿਕਲ-ਦੀਆਂ, ਮਹਾਸ਼ਾ ਕ੍ਰਿਸ਼ਨ, ਅਤੇ ਸਾਧੂ ਸਿੰਘ ਹਮਦਰਦ ਦੇ ਸੰਪਾਦਕੀ ਲੇਖਾਂ ਤੇ ਪੁਜ ਕੇ ਰੁਕ ਜਾਂਦੀਆਂ।

"ਮਖਮੂਰ" ਜ਼ਾਲੰਧਰੀ, ਮੰਗੇ ਹੋਏ ਸਿਗਰਟ ਦਾ ਸੂਟਾ ਲਾ ਕੇ ਧੂੰਏਂ ਦੇ ਗੁਲੇਫੇ ਨਾਸਾਂ ਥਾਣੀਂ ਜ਼ੋਰ ਨਾਲ ਬਾਹਰ ਨੂੰ ਸੁੱਟ ਕੇ ਧੂੰਏਂ ਦੇ ਬੱਦਲ ਬਣਾਉਂਦਾ ਤੇ ਉਨ੍ਹਾਂ ਵਿਚਕਾਰ ਦੀ ਸਿਰ ਨੂੰ ਹੁਲਾਰਿਆਂ ਵਿਚ ਸੁਟ ਕੇ ਆਖਦਾ,

"ਛੱਡੋ ਯਾਰ, ਕਲਮ ਦੀ ਰਵਾਨੀ ਅਤੇ ਸਾਦਗੀ ਵਿਚ ਸਾਧੂ ਸਿੰਘ ਦਾ ਆਪਣਾ ਮਕਾਮ ਹੈ, ਭਾਵੇਂ ਮਹਾਸ਼ਾ ਕ੍ਰਿਸ਼ਨ ਬਕੇਣ ਮੌਲਾਨਾ ਅਬੁਅਲ-ਕਲਾਮ ਆਜ਼ਾਦ, ਕੰਬਖਤ ਕਲਮ ਦੀ ਥਾਂ ਤੇਸੇ ਨਾਲ ਲਿਖਦਾ ਹੈ।"

"ਫਿਕਰ ਤੌਂਸਵੀ" ਮਖ਼ਮੂਰ ਨੂੰ ਇਉਂ ਮੁਖਾਤਿਬ ਕਰਦਾ—"ਸਾਲੇ, ਪਹਿਲਾਂ ਸਿਗਰਟ ਪਿਲਾ, ਫੇਰ ਤੈਨੂੰ ਸਮਝਾਵਾਂਗੇ, ਹਮਦਰਦ ਕਿਵੇਂ ਇਕ ਕਾਮਯਾਬ ਪੱਤਰਕਾਰ ਹੈ। ਪਹਿਲਾਂ ਇਹ ਸਾਰੇ ਮੁਸਲਮਾਨ ਸਮਕਾਲੀਆਂ ਨਾਲ ਪੰਜਾ ਲੈਂਦਾ ਸੀ, ਅੱਜ ਇਸ ਦੇ ਤਿੰਨ ਸਮਕਾਲੀ ਪੰਜੇ ਝਾੜ ਕੇ ਮਗਰ ਪਏ ਨੇ——

ਤੇ "ਕੱਲੀ ਜਾਨ ਸੁਦਰ ਸਿੰਹੁ ਦੀ ਲੜਕੀ, ਅੱਗੋ ਪਿੰਡ ਜਾਮਾਂਰਾਏ ਦਾ"।

ਇਸ ਨਾਲ ਮੇਰੀ "ਹਮਦਰਦ" ਨੂੰ ਮਿਲਣ ਦੀ ਚਾਹ ਹੋਰ ਚਮਕ ਪੈਂਦੀ ਪਰ ਹਮਦਰਦ ਇਕ ਬੜਾ ਮਸਰੂਫ ਪਤਰਕਾਰ ਸੀ, ਉਹ ਦੂਰ ਦਰ ਜਾਪਦਾ ਸੀ ਤੇ ਜਦੋਂ ਕਿਧਰੇ ਸਾਡੀ ਅਖੌਤੀ ਸਾਹਿਤਕਾਰਾਂ ਦੀ ਮਹਿਫਲ ਜੁੜਦੀ ਤਾਂ "ਹਮਦਰਦ" ਦਾ ਉਥੇ ਵੀ ਨਾ ਆਉਣ ਦਾ ਕੋਈ ਨਾ ਕੋਈ ਪੱਜ ਪੁੱਜ ਜਾਂਦਾ ਤੇ ਉਹ ਆਪ ਨਾ ਆਉਂਦਾ।

ਤੇ ਮੈਂ ਦਿਲ ਵਿਚ ਆਖ ਛੱਡਦਾ

"ਮੇਲੇ ਪੀਰ ਮੁਹੰਮਦਾ ਕਿਸਮਤਾਂ ਦੇ"

ਓੜਕ ਇਕ ਦਿਨ ਇਤਫਾਕ ਨਾਲ ਮੁਲਾਕਾਤ ਹੋ ਗਈ। ਖੁਲ੍ਹਾ ਪਜਾਮਾ, ਬੇਮੇਚਾ ਜਿਹਾ ਕੋਟ, ਨੀਲੀ ਦਸਤਾਰ ਸਜਾਈ, ਪੈਰਾ ਵਿਚ ਸਾਦੀ ਧੌੜੀ ਦੀ ਜੁੱਤੀ, ਇੱਕ ਸਿਧਾ ਸਾਦਾ ਆਦਮੀ ਪੰਜਾਬ ਕਾਂਗਰਸ ਦਫਤਰ ਦੇ ਸਾਮ੍ਹਣੇ ਮਿਲਿਆ। ਉਸ ਦੇ ਮੁਸਕੀ ਚਿਹਰੇ ਅਤੇ ਕਾਲੀਆਂ ਚੋੜੀਆਂ ਅੱਖੀਆਂ ਵਿਚ ਕੋਈ ਅਕਹਿ ਖਿੱਚ ਸੀ। ਪਰ ਜੇ ਉਨ੍ਹਾਂ ਤਕਣੀਆਂ ਵਿਚ ਸ਼ਰਾਰਤ ਦੀ ਝਲਕ ਹੁੰਦੀ ਤਾਂ ਮੈਨੂੰ ਉਹ ਅਨਾਜ ਮੰਡੀ ਦਾ ਕੋਈ ਸਫਲ ਆਹੜਤੀ ਜਾਪਦਾ। ਮੇਰੇ ਨਾਲ ਮਖਮੂਰ ਜਾਲੰਧਰੀ ਸਨ। ਉਨ੍ਹਾਂ ਨੇ ਜਾਣ ਪਛਾਣ ਕਰਾਈ,

"ਇਹ ਨੇ ਸਾਧੂ ਸਿੰਘ ਹਮਦਰਦ ਜਿਨ੍ਹਾਂ ਨੂੰ ਮਿਲਣ ਦੀ ਤੈਨੂੰ ਏਨੀ ਤਾਂਘ ਸੀ।"

"ਤਾਂ ਫੇਰ ਇਹ ਗਲ ਨਾ ਕਿਧਰੇ ਹੋ ਜਾਏ ਕਿ ਨਾਮ ਵਡੇ ਤੇ ਦਰਸ਼ਨ ਛੋਟੇ" ਆਖ ਕੇ ਸਾਧੂ ਸਿੰਘ ਹਮਦਰਦ ਨੇ ਇਕ ਜ਼ੋਰਦਾਰ ਠਹਾਕਾ ਮਾਰਿਆ। ਆਪਣੇ ਆਪ ਉਪਰ ਹਸ ਸਕਣਾ, ਉਹਦਾ ਇਕ ਅਜਿਹਾ ਗੁਣ ਸੀ, ਜਿਸ ਦਾ ਅਨੁਭਵ ਮੈਨੂੰ ਇਸ ਛੋਟੀ ਜਹੀ ਪਹਿਲੀ ਮਿਲਣੀ ਵਿਚ ਹੋ ਗਿਆ।

ਉਸ ਵੇਲੇ ਹਮਦਰਦ ਹੋਰੀਂ ਵਕਾਲਤ ਦੀ ਪੜ੍ਹਾਈ ਦੇ ਸਿਲਸਿਲੇ ਵਿਚ ਕਿਸੇ ਮਿੱਤਰ ਵੱਲ ਜਾਣ ਦੀ ਕਾਹਲੀ ਵਿਚ ਸਨ, ਇਸ ਕਰਕੇ ਬਾਹਲੀਆਂ ਗੱਲਾਂ ਬਾਤਾਂ ਨਾ ਹੋ ਸਕੀਆਂ। ਪਰ ਮੈਨੂੰ ਇਉਂ ਮਹਿਸੂਸ ਹੋਇਆ ਕਿ ਉਸ ਮਿਲਣੀ ਨਾਲ ਕੋਈ ਚਿਰੋਕਣੀ ਭੁੱਲੀ ਵਿੱਸਰੀ ਸਾਂਝ ਮੁੜ ਸੱਜਰੀ ਹੋ ਗਈ ਹੈ।

ਸਮੇਂ ਦੇ ਚੱਕਰ ਵਿਚ ਉਲਝੀ ਸਾਡੀ ਢਾਣੀ ਖਿੱਲਰ ਗਈ। "ਮਖ਼ਮੂਰ" ਦਿੱਲੀ ਚਲਿਆ ਗਿਆ, 'ਵਿਕਰ ਤੇਸਵੀ' ਨਵੇਂ ਜ਼ਮਾਨੇ ਵਿਚ "ਨਵੀਆਂ ਕੀਮਤਾਂ" ਭਾਲਦਾ ਥੱਕ ਹਾਰ ਗਿਆ ਤਾਂ "ਮਿਲਾਪ" ਵਿਚ ਗੀਢਿਆਂ ਦੀਆਂ ਛਿਲਾ ਉਤਾਰਨ ਜਾ ਲਗਾ। ਇਸ ਕਰਕੇ ਨਹਿਰੂ ਪਾਰਕ ਵਿਚ ਘਾਹ ਉਤੇ ਭੁਖੇ ਪੇਟ ਆਸਣ ਲਾਉਣ ਦੀ ਥਾਂ ਮੈਂ ਵੀ ਅਖਬਾਰਾਂ ਦੀ ਨੌਕਰੀ ਲਈ ਉਨ੍ਹਾਂ ਦੇ ਦਰਾਂ ਦੀ ਚਰਨ ਧੂੜ ਮਸਤਕ ਨੂੰ ਲਾਉਣ ਦਾ ਸ਼ੁਗਲ ਸਾਂਭ ਲਿਆ। ਜਿਸ ਕਾਰਨ ਹਮਦਰਦ ਜੀ ਨਾਲ ਮੇਲ ਮੁਲਾਕਾਤਾਂ ਵੱਧ ਗਈਆਂ।

ਫਿਰ ਉਨ੍ਹਾਂ ਦੀ ਆਪਣੀ ਨੌਕਰੀ ਘੁਮਣ ਘੇਰੇ ਵਿਚ ਪੈ ਗਈ। "ਅਜੀਤ" ਵਾਲਿਆਂ ਨਾਲ ਖਟਪਟੀ ਹੋ ਗਈ। ਕੁਛ ਚਿਰ ਉਨ੍ਹਾਂ ਨੂੰ ਮੇਰੇ ਵਾਂਗ ਸੜਕ ਸਵਾਰ ਹੋਣਾ ਪਿਆ, ਪਰ ਉਨ੍ਹਾਂ ਦਿਨਾਂ ਵਿਚ ਵੀ, ਉਨ੍ਹਾਂ ਦੇ ਮੱਥੇ ਤੇ ਵੱਟ ਨਹੀਂ ਸੀ, ਹਾਸਾ ਉਸੇ ਤਰ੍ਹਾਂ ਦਾ ਵਿਸਫੋਟਕ ਰਿਹਾ, ਜਿਵੇਂ ਕਿ ਪਹਿਲਾਂ ਸੀ। ਢਹਿੰਦੀਆਂ ਕਲਾਂ ਵਿਚ

ਜਾਣਾ ਹਮਦਰਦ ਹੋਰਾਂ ਨੇ ਸਿਖਿਆ ਹੀ ਨਹੀਂ। ਜਦੋਂ ਵੀ ਮਿਲਨਾ ਤਾਂ ਉਨ੍ਹਾਂ ਨੇ ਇਹ ਕਹਿਣਾ,

"ਮੋਮਨ ਹੈ ਤੋ ਬੇ ਤੇਗ਼ ਭੀ ਲੜਤਾ ਹੈ ਸਿਪਾਹੀ"

ਕੋਈ ਗੱਲ ਨਹੀਂ ਜੇ ਹੋਰ ਕੁਝ ਨਹੀਂ ਤਾਂ ਕਲਮ ਤਾਂ ਕੋਲ ਹੈ। ਤੇ ਕੁਛ ਦੇਰ ਪਿੱਛੋਂ ਉਹ "ਪ੍ਰਭਾਤ" ਵਿਚ ਚਲੇ ਗਏ। ਹਮਦਰਦ ਦੀ ਕਲਮ ਦੇ ਜ਼ੋਰ, ਮਾਸਟਰ ਤਾਰਾ ਸਿੰਘ ਜੀ ਵਿਚ ਸਿੱਖ ਪਾਠਕਾਂ ਦੀ ਸ਼ਰਧਾ ਸਦਕਾ "ਪ੍ਰਭਾਤ" ਛੇਤੀ ਹੀ ਪੰਜਾਬ ਦੀ ਸਿਆਸਤ ਤੇ ਛਾ ਗਿਆ। ਪਰ ਜ਼ਮੀਰ ਤੇ ਬੋਝ ਪਾਕੇ ਹਮਦਰਦ ਹੋਰਾਂ ਦੀ ਕਲਮ ਅੱਗੇ ਨਹੀਂ ਤੁਰ ਸਕਦੀ, ਮਾਸਟਰ ਜੀ ਨੇ ਕਿਸੇ ਗੱਲੋਂ ਨਾਰਾਜ਼ਗੀ ਦਾ ਇਜ਼ਹਾਰ ਕੀਤਾ ਤਾਂ "ਹਮਦਰਦ" ਜੀ ਇਹ ਆਖਦੇ ਹੋਏ "ਪ੍ਰਭਾਤ" ਚੋਂ ਬਾਹਰ ਨਿਕਲ ਆਏ ਕਿ,

"ਆਹ ਲੈ ਚੁੱਕ ਘਲਿਆਰੇ ਤੇ ਸਾਂਭ ਭੂਰੀ,
ਮੁੱਲ ਮਿਲ ਗਇਆ ਮੱਝੀਆਂ ਚਾਰੀਆਂ ਦਾ"

ਇਹਨਾਂ ਦਿਨਾਂ ਵਿਚ ਹੀ ਜਿਥੋਂ ਤਕ ਮੈਨੂੰ ਯਾਦ ਹੈ "ਹਮਦਰਦ" ਜੀ ਦੇ ਮਨ ਵਿਚ "ਅਜੀਤ ਪੱਤ੍ਰਕਾ" ਨੇ ਜਨਮ ਲਿਆ ਸੀ। ਇੱਕ ਸਵੇਰ ਨੂੰ ਮੈਂ ਉਹਨਾਂ ਦੇ ਕੋਲ ਗਿਆ, ਇਕ ਸਿਫਾਰਸ਼ੀ ਚਿੱਠੀ ਲੈਣ ਤਾਂ ਉਨ੍ਹਾਂ ਨੇ ਮੇਰੇ ਨਾਲ ਇਹ ਭੇਦ ਸਾਂਝਾ ਕੀਤਾ ਕਿ ਛੇਤੀ ਹੀ, "ਅਜੀਤ ਪੱਤ੍ਰਕਾ" ਮੈਦਾਨ ਵਿਚ ਆ ਰਿਹਾ ਹੈ ਕਿਉਂਕਿ ਭਵਿਸ਼ ਉਰਦੂ ਦਾ ਨਹੀਂ ਪੰਜਾਬੀ ਪੱਤਰ ਦਾ ਹੈ। ਉਰਦੂ ਅਖਬਾਰਾਂ ਦੀ ਚੜ੍ਹਤ ਇਸ ਵੇਲੇ ਮਰਨ ਵਾਲੇ ਦੇ ਮੂੰਹ ਉਪਰ ਆਖਰੀ ਲਾਲੀ ਵਾਂਗ ਹੈ।'

ਦੋਸਤਾਂ ਮਿੱਤਰਾਂ, ਪਰਸੰਸਕਾਂ ਅਤੇ ਕੁਛ ਹੋਰ ਲੋਕਾਂ ਦੀ ਸਹਾਇਤਾ ਨਾਲ "ਅਜੀਤ ਪੱਤ੍ਰਕਾ" ਦੀ ਬੇੜੀ ਹਮਦਰਦ ਜੀ ਨੇ ਪੰਜਾਬ ਦੀ ਤੂਫਾਨੀ ਸਿਆਸਤ ਦੇ ਸਾਗਰ ਵਿਚ ਠੇਲ੍ਹ ਦਿੱਤੀ। ਉਸਦਾ ਆਕਾਰ 20×26ਦਾ ਰਖਿਆ ਤੇ ਫੇਰ 20×30×4 ਸਫੇ ਕਰ ਦਿੱਤਾ, ਪਰ ਪਰਚਾ ਕਢਣਾ ਸੌਖਾ ਨਹੀਂ ਹੁੰਦਾ ਖਾਸ ਕਰਕੇ ਮਿਆਰੀ ਪਰਚਾ। ਛੇਤੀ ਹੀ "ਅਜੀਤ ਪੱਤ੍ਰਕਾ" ਨੂੰ ਪਹਿਲਾਂ ਹੁੰਮਣਾ ਦੇਣ ਵਾਲੇ ਲਾਂਭੇ ਹੋ ਗਏ, ਪਰ ਇਹ ਭੁੱਲ ਹਮਦਰਦ ਜੀ ਦੇ ਮਿੱਤਰਾਂ, ਸਾਥੀ ਕਾਮੇ ਪੱਤਰਕਾਰਾਂ ਨੂੰ ਜਾਂਦੀ ਹੈ ਕਿ ਔਖੀ ਵੇਲੇ ਉਨ੍ਹਾਂ ਨੇ ਸਾਥ ਨਾ ਛੱਡਿਆ।

ਮੈਨੂੰ ਨਿੱਜੀ ਤੌਰ ਤੇ ਪਤਾ ਹੈ ਕਿ ਇਨ੍ਹਾਂ ਦਿਨਾਂ ਵਿਚ ਕਈ ਵਾਰ ਨਿਰਾਸਤਾ ਨੇ ਹਮਦਰਦ ਜੀ ਨੂੰ ਘੇਰਿਆ, ਇਥੋਂ ਤਕ ਕਿ ਆਤਮ-ਘਾਤ ਦੇ ਕਿਨਾਰੇ ਉਪਰ ਵੀ ਲੈ ਆਂਦਾ। ਪਰ ਕਿਉਂਕਿ ਉਨ੍ਹਾਂ ਨੂੰ ਆਪਣੀ ਹੋਣੀ ਵਿਚ ਵਿਸ਼ਵਾਸ਼ ਸੀ, ਮੰਜ਼ਲ ਤੇ ਨੀਝਾਂ ਲਾਈ ਰੱਖੀਆਂ ਸਨ, ਇਸ ਕਰਕੇ ਛੇਤੀ ਹੀ ਸਭੇ ਕਾਜ ਸੁਹੇਲੇ ਥੀਏ।

"ਅਜੀਤ ਪੱਤ੍ਰਕਾ" ਤੋਂ "ਅਜੀਤ" ਹੋ ਗਿਆ ਤਾਂ ਸਫਲਤਾ ਦੀ ਚਾਲ ਵੀ ਤ੍ਰਿਖੇਰੀ ਹੋ ਗਈ। ਅਤੇ ਹਮਦਰਦ ਜੀ ਦੀਆਂ ਪੰਜਾਬੀ ਲਿਖਤਾਂ ਨੂੰ ਵੀ ਸਿਆਸੀ ਤੇ ਬੁੱਧੀ ਜੀਵੀ ਹਲਕਿਆਂ ਵਿਚ ਉਰਦੂ ਵਾਂਗ ਸਨਮਾਨ ਮਿਲਣ ਲੱਗ ਪਿਆ। ਕੰਮ ਵਿਚ ਬਰਕਤ ਪੈਂਦੀ ਗਈ, ਛਾਪੇ ਖਾਨਾਂ ਫੈਲਦਾ ਗਿਆ ਅਤੇ "ਅਜੀਤ" ਦੇ ਪਠਕਾਂ ਦੀ ਗਿਣਤੀ ਮੱਲਦੀ ਗਈ।

ਸਫਲਤਾ ਨਾਲ ਵਿਹਲ ਮਿਲਿਆ ਤਾਂ ਹਮਦਰਦ ਹੋਰਾਂ ਦੀ ਸਾਹਿਤਕ ਪ੍ਰਤੀਭਾ ਵੀ ਲਿਸ਼ਕ ਪਈ। "ਜੀਨਤ ਬਘੇਲ ਸਿੰਘ" ਪਹਿਲਾ ਇਤਿਹਾਸਕ

ਨਾਵਲ ਜਦੋਂ ਸਾਹਿਤਕ ਹਲਕਿਆ ਨੇ ਸਨ—ਮਾਨਿਆਂ ਤਾਂ ਹਮਦਰਦ ਜੀ ਦੀ ਕਲਮ ਤਕਦੀਰੀ ਕਲਮ ਵਾਂਗ ਚੱਲਣ ਲੱਗੀ। ਕਈ ਇਕ ਨਾਵਲ ਇਕੋ ਵੇਲੇ ਲੜੀਵਾਰ ਅਜੀਤ ਦੇ ਕਾਲਮਾਂ ਦਾ ਸ਼ਿੰਗਾਰ ਬਣਦੇ ਗਏ, ਗਜ਼ਲ ਦਾ ਰੰਗ ਨਿਖਰਨ ਲੱਗਾ ਤੇ ਅੱਜ ਉਨ੍ਹਾਂ ਦੀ ਗਜ਼ਲ ਹੀ ਪੰਜਾਬੀ ਵਿਚ ਮੁਸੱਲਮਾ ਤੇ ਮੁਸਤਨਦ ਮੰਨੀ ਜਾਂਦੀ ਹੈ। ਹਮਦਰਦ ਜੀ ਦੀ ਨਿਰਮਾਣਤਾ ਵਿਚ ਉਨ੍ਹਾਂ ਦੀ ਹਰ ਮੈਦਾਨੇ ਸਫਲਤਾ ਨੇ ਜ਼ਰਾ ਜਿੰਨਾ ਵੀ ਫਰਕ ਨਹੀਂ ਪਾਇਆ। ਉਹ ਮਿੱਤਰਾਂ ਦੇ ਮਿੱਤਰ ਹਨ, ਕਿਸੇ ਮਿੱਤਰ ਨੂੰ ਉਨ੍ਹਾਂ ਗੌਚਰਾ ਕੰਮ ਪਏ ਤਾਂ ਉਹ ਲੱਖ ਰੁਝੇਵੇਂ ਛੱਡ ਕੇ ਉਹ ਦੇ ਨਾਲ ਤੁਰ ਪੈਣਗੇ। ਦੂਸਰੇ ਦੀ ਤਾਰੀਫ ਕਰਨ ਦਾ ਜਿਗਰਾ ਬਹੁਤ ਘੱਟ ਲੋਕਾਂ ਨੂੰ ਨਸੀਬ ਹੁੰਦਾ ਹੈ, ਪਰ ਹਮਦਰਦ ਜੀ ਦੂਸਰੇ ਦਾ ਚੰਗਾ ਸ਼ੇਅਰ ਸੁਣ ਕੇ ਖੁਸ਼ੀ ਨਾਲ ਝੂਮ ਜਾਂਦੇ ਹਨ।

ਉਨ੍ਹਾਂ ਦੇ ਮਕਾਨ ਤੇ ਸ਼ਾਇਰਾਂ ਤੇ ਅਦੀਬਾਂ ਦੀਆਂ ਮਹਿਫਲਾਂ ਜੰਮਦੀਆਂ ਰਹਿੰਦੀਆਂ ਹਨ। ਇੱਕ ਮਹਿਫਲ ਵਿਚ ਮੈਂ ਵੀ ਸ਼ਾਮਲ ਸਾਂ, ਇਕ ਉਰਦੂ ਦਾ ਸ਼ਾਇਰ ਸ਼ਰਾਬ ਨਾਲ ਲੋਹੜ ਕੇ ਉਥੇ ਆ ਧਮਕਿਆ। ਉਸ ਨੇ ਨਸ਼ੇ ਦੀ ਹਾਲਤ ਵਿਚ ਅਬੇ—ਤਬੇ ਬਕਣੀ ਸ਼ੁਰੂ ਕਰ ਦਿੱਤੀ ਅਤੇ ਹਰ ਸ਼ਾਇਰ ਵਲੋਂ ਪੇਸ਼ ਕੀਤੇ ਜਾਣ ਵਾਲੇ ਕਲਾਮ ਨੂੰ "ਕਿਹਾ ਖੂਬਸੂਰਤ ਬਕਵਾਸ ਕੀ ਹੈ ਸਾਹਿਬ ਆਪਨੇ" ਦੀ ਦਾਦ ਪਰਦਾਨ ਕਰੇ। ਸਾਰੀ ਮਹਿਫਲ ਉਸ ਦੀ ਇਸ ਹਰਕਤ ਉਪਰ ਔਖੀ ਹੋ ਗਈ ਪਰ ਹਮਦਰਦ ਜੀ ਦੇ ਮੱਥੇ ਉਪਰ ਵੱਟ ਨਾ ਪਿਆ।

ਉਨ੍ਹਾਂ ਸਹਿਜੇ ਨਾਲ ਸਮਝਾਇਆ, "ਜਾਣ ਦਿਓ, ਇਹ ਕਿਉਂਕਿ ਆਪ ਪਾਏ ਦਾ ਗਜ਼ਲਗੋ ਹੈ ਇਸ ਕਰਕੇ ਨਸ਼ੇ ਦੀ ਹਾਲਤ ਵਿਚ ਕੁਛ ਆਖਦਾ ਵੀ ਹੈ ਤਾਂ ਮੁਆਫੀ ਦੇ ਕਾਬਲ ਹੈ।"

"ਹਮਦਰਦ" ਜੀ ਉਸਤਾਦ ਹਜ਼ਰਤ ਜੋਸ਼ ਮਲਸੀਆਨੀ ਦੇ ਸ਼ਾਗਿਰਦ ਹਨ। ਉਨ੍ਹਾਂ ਦਾ ਏਨਾ ਇਹਤਰਾਮ ਕਰਨਗੇ, ਕਿ ਉਹ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਵੀ ਉਨ੍ਹਾਂ ਬਾਰੇ ਗੱਲ ਕਰਨ ਲੱਗਿਆਂ ਗੋਡੇ ਟੇਕ ਕੇ ਅਦਬ ਨਾਲ ਬੈਠ ਜਾਣਗੇ। 'ਜੋਸ਼' ਸਾਹਿਬ ਤਾਂ ਇਕ ਪਾਸੇ ਜਿਨ੍ਹਾਂ ਸ਼ਗਿਰਦਾਂ ਨੂੰ ਉਨ੍ਹਾਂ ਨੇ ਇਸਲਾਹ ਤੋਂ ਫਾਰਗ ਕੀਤਾ ਹੋਇਆ ਹੈ, ਹਮਦਰਦ ਹੋਰੀਂ ਉਨ੍ਹਾਂ ਦਾ ਜ਼ਿਕਰ ਆਉਣ ਤੇ ਵੀ ਤਾਜ਼ੀਮ ਲਈ, ਰਕੂਅ ਵਿਚ ਚਲੇ ਜਾਣ ਦੇ ਆਦੀ ਹਨ।

ਅੱਜ ਜਦੋਂ ਪੰਜਾਬੀ ਸ਼ਾਇਰੀ ਵਿਚ ਉਸਤਾਦ ਸ਼ਾਗਿਰਦ ਦੀ ਪਿਰਤ ਹੀ ਮਿਟ ਚੁਕੀ ਹੈ, ਹਮਦਰਦ ਹੋਰਾਂ ਦਾ ਇਮਤਰ੍ਹਾਂ ਦਾ ਵਰਤਾਰਾ ਉਨ੍ਹਾਂ ਨੂੰ ਹੋਰ ਵੀ ਸੋਭਾ ਬਖਸ਼ਦਾ ਹੈ।

ਆਮ ਤੌਰ ਤੇ ਵੱਡੇ ਕਹਿੰਦੇ ਕਹਾਉਂਦੇ ਕਵੀ ਵੀ ਜਦੋਂ ਉਨ੍ਹਾਂ ਦੇ ਸ਼ੇਅਰ ਉਪਰ ਕੋਈ ਕਿੰਤੂ ਕਰ ਦੇਵੇ ਤਾਂ ਬੜੇ ਭਿੜਕਦੇ ਹਨ, ਪਰ ਹਮਦਰਦ ਸਾਹਿਬ ਦਾ ਇਹ ਖਾਸਾ ਹੈ ਕਿ ਜੇ ਕੋਈ ਨੁਕਤਾ—ਚੀਨੀ ਕਰੇ ਤਾਂ ਉਸ ਨੂੰ ਪੂਰੇ ਸਤਿਕਾਰ ਨਾਲ ਸੁਣਨਗੇ, ਮੰਨਣਗੇ ਤੇ ਧੰਨਵਾਦ ਕਰਨਗੇ।

ਮੇਰੇ ਇਕ ਉਰਦੂ ਗਜ਼ਲ-ਗੋ ਮਿੱਤਰ ਹਨ, ਸੂਰਜ ਤਨਵੀਰ। ਮੈਨੂੰ ਯਾਦ ਹੈ ਕਿ ਉਨ੍ਹਾਂ ਨੇ "ਹਮਦਰਦ" ਸਾਹਿਬ ਦੀ ਰਚਨਾ "ਗਜ਼ਲ" ਵਿਚੋਂ ਕੁਛ ਸ਼ੇਅਰਾਂ ਤੇ ਜ਼ਬਰਦਸਤ ਨੁਕਤਾਚੀਨੀ ਕੀਤੀ, ਮੁਹਾਵਰਿਆਂ ਅਤੇ ਤਰਕੀਬਾਂ ਦੀਆਂ ਗਲਤੀਆਂ ਉਪਰ ਉਂਗਲੀ ਰਖਦਿਆਂ ਉਨ੍ਹਾਂ ਕਿਹਾ ਕਿ "ਤਾਕ ਚੋਂ ਬੋਤਲ ਉਠਾਈ ਪੀ

ਲਈ" ਤਾਂ ਠੀਕ ਹੈ ਪਰ "ਤਾਕ ਚੋਂ ਸੀਸ਼ੀ ਉਠਾਈ ਪੀ ਲਈ" ਗ਼ਲਤ ਹੈ ਕਿਉਂਕਿ ਸੀਸ਼ੀ ਤਾਂ ਕਿਸੇ ਦਵਾਈ ਨਾਲ ਵਾਸਤਾ ਰਖਦੀ ਹੈ ਪਰ ਬੋਤਲ ਸ਼ਰਾਬ ਨਾਲ ਇਸੇ ਤਰ੍ਹਾਂ ਉਨ੍ਹਾਂ ਲਿਖਿਆ ਕਿ :

"ਕੱਚਾ ਕੰਨ ਦਾ ਨਹੀਂ"

ਬੰਨ੍ਹਣਾ ਗਲਤੀ ਹੈ ਕਿਉਂਕਿ ਕੰਨਾ ਦਾ ਕੱਚਾ ਆਖਦੇ ਹਨ, ਕੰਨ ਦਾ ਕੱਚਾ ਕੋਈ ਨਹੀਂ ਬੋਲਦਾ ।

ਇਸੇ ਤਰ੍ਹਾਂ ਉਨ੍ਹਾਂ ਨੇ ਕੁਛ ਹਰ ਉਕਾਈਆਂ ਵੀ ਕਾਫੀ ਤਲਖ਼ ਲਹਿਜੇ ਵਿਚ ਦਰਸਾਈਆਂ । ਮੇਰਾ ਖਿਆਲ ਸੀ, "ਹਮਦਰਦ" ਸਾਹਿਬ ਉਨ੍ਹਾਂ ਦਾ ਬੁਰਾ ਮਨਾਉਣਗੇ ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਨ੍ਹਾਂ ਨੇ ਇਸ ਆਲੋਚਨਾ ਨੂੰ ਨਾ ਕੇਵਲ ਸਿਰ ਮੱਥੇ ਤੇ ਮੰਨਿਆ, ਸਗੋਂ ਇਹ ਇਕਰਾਰ ਵੀ ਕੀਤਾ ਕਿ ਅਗਲੀ ਐਡੀਸ਼ਨ ਵਿਚ ਠੀਕ ਕਰ ਲਵਾਂਗਾ ।

"ਹਮਦਰਦ" ਸਾਹਿਬ ਦੀਆਂ ਵਾਕਫੀਅਤਾਂ ਦਾ ਘੇਰਾ ਬੜਾ ਵਿਸ਼ਾਲ ਹੈ । ਮਾਸਟਰ ਤਾਰਾ ਸਿੰਘ, ਸਰਦਾਰ ਬਲਦੇਵ ਸਿੰਘ, ਸ. ਪਰਤਾਪ ਸਿੰਘ ਕੈਰੋਂ, ਸਰਦਾਰ ਦਰਬਾਰਾ ਸਿੰਘ, ਗੁਰਮੁਖ ਸਿੰਘ ਮੁਸਾਫਰ, ਗਿਆਨੀ ਜ਼ੈਲ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਅਨੇਕਾਂ ਹੋਰਨਾਂ ਲੀਡਰਾਂ ਨਾਲ ਉਨ੍ਹਾਂ ਦਾ ਡੂੰਘਾ ਨਿੱਜੀ ਸੰਪਰਕ ਰਿਹਾ, ਤੇ ਹੈ, ਪਰ ਉਨ੍ਹਾਂ ਨੇ ਇਸ ਗਲ ਦਾ ਮਾਣ ਕਦੇ ਨਹੀਂ ਕੀਤਾ ਅਤੇ ਜੇ ਉਨ੍ਹਾਂ ਨੇ ਕੋਈ ਗਲਤੀ ਕੀਤੀ ਤਾਂ ਲਿਖਤ ਵਿਚ ਉਸ ਨੇ ਖਤਰਾ ਸਹੇੜ ਕੇ ਵੀ ਸਚਾਈ ਦਾ ਪੱਲਾ ਨਹੀਂ ਛੱਡਿਆ । ਜਿਥੇ ਕਿਸੇ ਨੂੰ ਗ਼ਲਤ ਸਮਝਿਆ, ਦਲੇਰੀ ਨਾਲ ਟੋਕਿਆ, ਜਿਥੇ ਠੀਕ ਸਮਝਿਆ, ਡਟ ਕੇ ਸਲਾਹਿਆ । ਮਾਲੀ ਇਤਬਾਰ ਨਾਲ ਅਖਬਾਰ ਤਕੜਾ ਹੋ ਜਾਣ ਨਾਲ ਉਨ੍ਹਾਂ ਵਿਚ ਇਹ ਨਿਰਭਰਤਾ ਹੋਰ ਵੀ ਵਧੀ ਹੈ ।

ਇਸ ਨਿਝੱਕ ਨੀਤੀ ਦਾ ਐਲਾਨ ਕਈ ਵਾਰ ਲੋੜ ਤੋਂ ਵਧੇਰੇ ਵੀ ਕਰ ਜਾਂਦੇ ਹਨ ਤੇ ਉਨ੍ਹਾਂ ਦੇ ਕਈ ਪਰਸੰਸਕ ਉਨ੍ਹਾਂ ਨੂੰ ਆਖਦੇ ਵੀ ਹਨ ਕਿ ਇਹ ਵੀ ਕੀ ਹੋਇਆ ਕਿ ਹਰ ਤੀਸਰੇ ਦਿਨ ਮੁਖ ਲੇਖ ਵਿਚ ਇਹ ਨੀਤੀ ਸਪਸ਼ਟ ਕੀਤੀ ਜਾਏ ਕਿ ਅਜੀਤ ਕਿਸੇ ਤੋਂ ਡਰਦਾ ਨਹੀਂ, ਜੋ ਗੱਲ ਸਹੀ ਸਮਝਦਾ ਹੈ, ਕਹਿ ਦਿੰਦਾ ਹੈ । ਇਸ ਦੀ ਆਖਰ ਕੀ ਲੋੜ ਹੈ ?

ਪਰ "ਹਮਦਰਦ" ਸਾਹਬ ਪਤਰਕਾਰੀ ਦੇ ਦਾਅਵਾਂ ਪੇਚਾਂ ਨੂੰ ਆਪਣੇ ਪਰਸੰਸਕਾਂ ਨਾਲੋਂ ਵਧੇਰੇ ਸਮਝਦੇ ਹਨ । ਉਨ੍ਹਾਂ ਨੇ ਇਹ ਗੁਣ ਮਹਾਸ਼ਾ ਕ੍ਰਿਸ਼ਨ ਤੋਂ ਗ੍ਰਹਿਣ ਕੀਤੇ ਹਨ । ਕਿਸੇ ਮਸਲੇ ਬਾਰੇ ਵੀ ਲਿਖਣਾ ਹੋਵੇ ਤਾਂ ਉਸ ਵਿਚ ਇਕ ਤਾਂ ਆਪਣਾ ਪਰਛਾਵਾਂ ਜ਼ਰੂਰ ਪਊ, ਤੇ ਦੂਜੇ ਉਸ ਦਾ ਇਤਿਹਾਸ ਦੁਹਰਾ ਕੇ ਗਲ ਅਗ੍ਹਾਂ ਤੋਰੋ, ਜਾਂ ਦੂਸਰਿਆਂ ਦੀ ਰਾਵਾ ਲਿਖ ਕੇ ਫੈਸਲਾ ਪਾਠਕਾਂ ਤੇ ਛੱਡ ਦਿਓ ।

ਕਈ ਵਾਰ, "ਹਮਦਰਦ" ਸਾਹਿਬ ਜਾਣ ਬੁਝ ਕੇ ਕਿਸੇ ਸਮਕਾਲੀ ਨਾਲ ਚਰਚਾ ਛੇੜ ਦੇਣਗੇ, ਤੇ ਉਸ ਨੂੰ ਕਾਫੀ ਅਲੰਕਾਰਕ ਭਾਸ਼ਾ ਵਿਚ ਕਈ ਕਈ ਹਫਤੇ ਜਾਂ ਮਹੀਨੇ ਤੋਰੀ ਰਖਣਗੇ । ਇਹ ਵੀ ਉਨ੍ਹਾਂ ਦੀ ਆਪਣੇ ਅਖਬਾਰ ਦੀ ਸਫਲਤਾ ਲਈ ਇਕ ਉਸਤਾਦ ਦਾ ਦਸਿਆ ਗੁਰ ਹੀ ਹੈ ਤੇ ਉਹ ਇਸ ਗਲ ਦਾ ਕਿਸੇ ਕੋਲੋਂ ਉਹਲਾ ਵੀ ਨਹੀਂ ਰੱਖਦੇ । ਉਨ੍ਹਾਂ ਦੀ ਯੁਧ ਚਾਲ ਇਹ ਹੁੰਦੀ ਹੈ ਕਿ ਬਹਿਸ ਨੂੰ ਸਹਿਜੇ ਸਹਿਜੇ ਇਸ ਤਰ੍ਹਾਂ ਭੁਖਾਇਆ ਜਾਵੇ ਕਿ ਦੂਜੀ ਧਿਰ ਜ਼ਾਤੀ ਹਮਲੇ

ਕਰਨ ਲਈ ਮਜਬੂਰ ਹੋ ਜਾਏ ਤੇ ਫੇਰ ਚੱਲ ਸੋ ਚੱਲ, ਇਥੋਂ ਤਕ ਤਲਖੀ ਵਧ ਜਾਏ ਕਿ ਹਮਦਰਦ ਜੀ ਅਤੇ ਉਨ੍ਹਾਂ ਦੇ ਸਤਿਕਾਰ ਯੋਗ ਸਮਕਾਲੀ ਦੇ ਪਰਸੰਸਕ ਦੋਹਾ ਧਿਰਾਂ ਨੂੰ ਪੰਥ ਦਾ ਵਾਸਤਾ ਪਾਕੇ ਬਹਿਸ ਬੰਦ ਕਰਨ ਲਈ ਇੰਗਲੈਂਡ ਤਕ ਚਿੱਠੀਆਂ ਲਿਖ ਕੇ ਭੇਜਣ, ਲਿਲਕੜੀਆਂ ਕਢਣ ਤੇ ਜੋਦੜੀਆਂ ਕਰਨ।

ਕੁਦਰਤੀ ਗਲ ਹੈ ਕਿ ਬਹਿਸ ਦੇ ਬੰਦ ਹੋਣ ਤਕ ਦੋਹਾਂ ਧਿਰਾਂ ਦੇ ਪਾਠਕਾਂ ਦੀ ਗਿਣਤੀ ਵਿਚ ਹਜ਼ਾਰਾਂ ਦਾ ਨਹੀਂ ਤਾਂ ਸੈਂਕੜਿਆਂ ਦਾ ਵਾਧਾ ਜ਼ਰੂਰ ਹੋ ਚੁਕਿਆ ਹੁੰਦਾ ਹੈ। ਕਿਉਂਕਿ ਲੋਕ ਅਜਿਹੀਆਂ ਲਿਖਤਾਂ ਨੂੰ ਚਟਖਾਰੇ ਲੈ ਲ ਪੜ੍ਹਨ ਦੇ ਆਦੀ ਹਨ, ਤੇ ਇਹ ਵੇਖਣ ਲਈ ਕਿ ਫਲਾਣੇ ਨੇ ਅੱਜ ਕਿਵੇਂ ਖੜਕਵਾਂ ਜਵਾਬ ਦਿੱਤਾ ਹੈ, ਪਾਠਕ ਪਰਚਾ ਉਡੀਕਦੇ ਰਹਿੰਦੇ ਹਨ। ਤੇ ਮੈਂ ਇਹ ਵੀ ਵੇਖਿਆ ਹੈ ਕਿ ਜਦੋਂ ਇਸੇ ਕਿਸਮ ਦੀ ਸਹਿਜ ਸਿਖਰਾਂ ਤੇ ਸੀ ਤਾਂ ਹਮਦਰਦ ਹੋਰੀ, ਆਪਦੇ ਮੁਖਾਲਿਫ ਨਾਲ ਇਕ ਸਾਹਬ ਤੇ ਇੱਕਠੇ ਜਾ ਰਹੇ ਸਨ ਤੇ ਇਕ ਦੂਜੇ ਦੀ ਲਿਖਤ ਦੀਆਂ ਸਿਫਤਾਂ ਹੋ ਰਹੀਆਂ ਸਨ।

"ਹਮਦਰਦ" ਜੀ ਨੇ ਪੰਜਾਬੀ ਪੱਤਰਕਾਰੀ ਨੂੰ ਕਾਫੀ ਕੁਝ ਦਿੱਤਾ ਹੈ, ਇਸ ਦੇ ਨੈਣ ਨਕਸ਼ ਉਭਾਰੇ ਤੇ ਨੋਕਾਂ, ਪਲਕਾਂ ਸਵਾਰੀਆਂ ਹਨ। ਨਵਿਆਂ ਫੀਚਰਾਂ, ਹਾਸਰਸੀ ਕਾਲਮਾ ਦੀਆਂ ਰੀਸਾਂ ਪਾਈਆਂ ਹਨ। ਪਰ ਕਿਆ ਹੀ ਚੰਗਾ ਹੋਵੇ ਜੇ ਉਹ ਇਨ੍ਹਾਂ ਪਰਾਪਤੀਆਂ ਬਾਰੇ ਆਪ ਜ਼ਰਾ ਘੱਟ ਦਾਅਵਾ ਕਰਨ ਕਿਉਂਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਪਰ ਹਮਦਰਦ ਜੀ, ਇਸ ਸਲਾਹ ਨੂੰ ਵੀ ਹੱਸ ਕੇ ਟਾਲ ਛੱਡਦੇ ਹਨ ।

ਪ੍ਰਹੁਣਾਚਾਰੀ (ਮੇਜ਼ਬਾਨੀ) ਹਮਦਰਦ ਜੀ ਤੇ ਖਤਮ ਹੈ, ਖਿੜੇ ਮੱਥੇ ਮਿਲਣਗੇ, ਕਿਸੇ ਨਾਲ ਬਾਹਲੇ ਬੇ-ਤੱਕਲਫ ਹੋਣਗੇ ਤਾਂ ਕਹਿਣਗੇ, ਆਉ "ਗ੍ਰੀਨ" 'ਚ ਬੈਠਦੇ ਹਾਂ, ਓਥੇ ਤਾਂ ਕੰਮਾਂ-ਕਾਰਾਂ ਅਤੇ ਸਫਾਰਸ਼ਾਂ ਭਾਲਣ ਵਾਲੇ ਹੀ ਸਾਹ ਨਹੀਂ ਲੈਣ ਦਿੰਦੇ ਫੇਰ "ਗ੍ਰੀਨ" ਦੀ ਇਕ ਨੁਕਰੇ ਗਰਮਾ ਗਰਮ ਕਾਫੀ ਦੇ ਘੁਟਾਂ ਅਤੇ ਫਿਸ਼-ਫਿੰਗਰਾਂ ਉਪਰ ਘੰਟਿਆਂ ਬੱਧੀ ਗਜ਼ਲਾਂ ਅਮਲੀਆਂ ਦੇ ਨਸ਼ੇ ਵਾਂਗ ਖਿੜਦੀਆਂ ਜਾਣਗੀਆਂ। ਗਜ਼ਲਾਂ ਮੁੱਕਣਗੀਆਂ ਤਾਂ ਉਹ ਬੜੇ ਉਦਾਸ ਲਹਿਜੇ ਵਿਚ ਕਹਿਣਗੇ ਕਿ ਫਲਾਣਾ ਫਲਾਣਾ ਸ਼ਾਇਰ ਬੜੀ ਸੋਹਣੀ ਚੀਜ਼ ਲਿਖਦਾ ਹੈ, ਪਰ ਲੋਕੀ ਬੇ-ਕਦਰ ਹਨ, ਹੌਸਲਾ ਢਾਹ ਛਡਦੇ ਹਨ। ਖਾਸ ਕਰਕੇ ਉਹ ਉਸ ਵੇਲੇ ਉਨ੍ਹਾਂ ਆਲੋਚਕਾਂ ਤੇ ਬੜਾ ਖਿੱਝਦੇ ਹਨ, ਜਿਨ੍ਹਾਂ ਨੂੰ ਆਖੌਤੀ ਨਵੀਨ ਕਵੀਆਂ ਤੋਂ ਬਗੈਰ ਹੋਰ ਕੋਈ ਕਵੀ ਨਹੀਂ ਲੱਭਦਾ। ਉਹ ਇਸ ਗਲ ਦਾ ਉਕਾ ਹੀ ਖ਼ਿਆਲ ਨਹੀਂ ਕਰਦੇ ਕਿ ਗਜ਼ਲ ਦੀ ਪਰਖ ਕਰਨੀ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ, ਇਸ ਵਾਸਤੇ ਬੜੀ ਲੰਮੀ ਸਾਧਨਾ ਅਤੇ ਭਾਵਕ ਦਿਲ ਦੀ ਲੋੜ ਹੈ। ਵਾਕ ਛਲੀਆਂ ਨਾਲ ਗਜ਼ਲ ਦੀ ਪਰਖ ਨਹੀਂ ਹੋ ਸਕਦੀ।

"ਹਮਦਰਦ" ਜੀ ਆਪਣੀ ਸਿਹਤ ਦਾ ਬੜਾ ਖਿਆਲ ਰਖਦੇ ਹਨ। ਆਮ ਗਜ਼ਲ-ਗੋ ਸ਼ਾਇਰਾਂ ਵਾਂਗ ਉਹ ਰੋਗੀ ਰਹਿਣ, ਹਉਕੇ ਭਰਨ ਅਤੇ ਲੱਭ ਕੇ ਇਸ਼ਕ ਕਰਨ ਨੂੰ ਪ੍ਰੇਰਨਾ ਸਰੋਤ ਨਹੀਂ ਸਮਝਦੇ।

ਪਿਛਲੇ ਸਾਲ ਉਨ੍ਹਾਂ ਨੂੰ ਲਿਸੇ ਹੋਣ ਦਾ ਸ਼ੌਕ ਚੁਰਾਇਆ ਤਾਂ ਤੁਪੱਸਿਆ ਦੀ ਹੱਦ ਕਰ ਦਿਤੀ। ਇਕ ਜਰਮਨ ਡਾਕਟਰ ਦੇ ਇਲਾਜ

ਅਧੀਨ ਹੋ ਗਏ। ਰੋਟੀ, ਨਿਮਕ, ਦਾਲਾਂ, ਮਹਾਂ ਪ੍ਰਸ਼ਾਦ, ਗਲ ਕੀ ਸਭ ਕੁਝ ਛੱਡ ਦਿਤਾ। ਪੂਰੇ ਤਿੰਨ ਮਹੀਨੇ ਫਿੱਕੀਆਂ ਸਬਜ਼ੀਆਂ ਉਬਾਲ ਕੇ ਖਾਂਦੇ ਰਹੇ।

ਜਦੋਂ ਇਸ ਤਰ੍ਹਾਂ ਦੀ ਰਿਆਜ਼ਤ ਕਰ ਰਹੇ ਸਨ ਤਾਂ ਮੈਂ ਇਕ ਦਿਨ ਜਾਲਧਰ ਜਾ ਨਿਕਲਿਆ। ਬੇ—ਤਕੱਲਫ਼ੀ ਕਾਰਨ ਸਿੱਧਾ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਚਲਿਆ ਗਿਆ। ਕੀ ਵੇਖਦਾ ਹਾਂ ਕਿ ਹਮਦਰਦ ਸਾਹਿਬ ਕੱਛਾ ਬੁਨੈਨ ਪਾਈ, ਵਿੱਡ ਪਰਨੇ ਪਏ, ਬਾਹਵਾਂ ਪਿਛੇ ਕਰ, ਉਪਰ ਦੀ ਪੈਰਾਂ ਦੇ ਅੰਗੂਠਿਆਂ ਨੂੰ ਪਕੜੀ ਜੀਭ ਬਾਹਰ ਨੂੰ ਕੱਢੀ ਸਰਪ-ਆਸਣ ਜਮਾਈ ਬੈਠੇ ਸਨ। ਉਨ੍ਹਾਂ ਨੇ ਏਧਰ ਓਧਰ ਕਈ ਪਲਸੇਟੇ ਖਾਧੇ ਤੇ ਫੇਰ ਸੀਸ—ਆਸਣ ਕਰਨ ਲੱਗ ਪਏ।

ਪੂਰਾ ਇਕ ਘੰਟਾ ਉਨ੍ਹਾਂ ਦੀ ਇਹ ਕਸਰਤ ਜਾਰੀ ਰਹੀ ਤੇ ਹਰ ਆਸਣ ਨਾਲ ਮੈਨੂੰ ਇਹ ਸਮਝਾਉਂਦੇ ਗਏ ਕਿ ਇਸ ਆਸਣ ਨਾਲ ਭੁੱਖ ਲਗਦੀ ਹੈ, ਇਸ ਕਸਰਤ ਨਾਲ ਨਜ਼ਰ ਤਿੱਖੀ ਹੁੰਦੀ ਹੈ, ਇਸ ਬੈਠਕ ਨਾਲ ਸਿਰ ਚਕਰਾਉਣੋਂ ਹਟ ਜਾਂਦਾ ਹੈ ਤੇ ਉਸ ਨਾਲ ਨਾੜਾਂ ਦੀ ਮੈਲ ਧੋਤੀ ਜਾਂਦੀ ਹੈ।

ਮੈਂ ਹਾਸੇ ਨਾਲ ਕਿਹਾ ਕਿ ਕਿਤੇ ਨਾੜਾਂ ਦੇ ਨਾਲ ਗਜ਼ਲ ਹੀ ਨਾ ਧੋਤੀ ਜਾਏ। ਉਹ ਜ਼ੋਰ ਨਾਲ ਹੱਸੇ ਤੇ ਕਿਹਾ,

"ਕਸਰਤ ਜੋ ਕਰੇ ਤੋਂ ਗਜ਼ਲ ਹੋਤੀ ਹੈ"

ਕੋਈ ਤਿੰਨਾਂ ਮਹੀਨਿਆਂ ਪਿਛੋਂ ਮੈਂ ਉਨ੍ਹਾਂ ਨੂੰ ਫੇਰ ਮਿਲਿਆ ਤਾਂ ਉਨ੍ਹਾਂ ਦੇ ਸਰੀਰ ਵਿਚ ਕਾਫ਼ੀ ਇਨਕਲਾਬੀ ਤਬਦੀਲੀ ਨਜ਼ਰ ਆਈ। ਚਿਹਰਾ ਵਧੇਰੇ ਸਾਫ਼, ਅੱਖੀਆਂ ਦੀ ਲਿਸ਼ਕ ਪਹਿਲਾਂ ਨਾਲੋਂ ਦੁਗਣੀ, ਗੋਗੜ ਨਵੀਨ ਕਵਿਤਾ ਵਿਚ ਵਜ਼ਨ ਅਤੇ ਕਾਫ਼ੀਏ ਵਾਂਗੂ ਕਾਫ਼ੂਰ, ਚਾਲ ਵਿਚ ਚੁਸਤੀ, ਗੱਲ ਕੀ ਉਨ੍ਹਾਂ ਦਾ ਕਾਇਆ ਕਲਪ ਹੋ ਗਿਆ ਜਾਪਦਾ ਸੀ।

ਉਨ੍ਹਾਂ ਮੈਨੂੰ ਮਖੌਲੀਆ ਲਹਿਜੇ ਵਿਚ ਦਸਿਆ ਕਿ ਜਵਾਨੀ ਦਾ ਮੁੜ ਸਰਜੀਤੀ ਕਰਨ, ਥੋੜਾ ਮਹਿੰਗਾ ਪਿਆ ਹੈ। ਦੋ ਹਜ਼ਾਰ ਨਹੀਂ ਪੰਜ ਹਜ਼ਾਰ ਇਲਾਜ ਤੇ ਖ਼ਰਚ ਕਰਨਾ ਪਿਆ ਤੇ

"ਛੂਟੇ ਅਸੀਰ ਤੋ ਬਦਲਾ ਹੂਆ ਜ਼ਮਾਨਾ ਥਾ।"

ਜਦੋਂ ਇਲਾਜ ਨਾਲ ਸ਼ਿਫ਼ਾ ਪਾਈ ਤਾਂ ਜਿਨ੍ਹ ਦੀ ਕਪੜੇ ਪਿਛੇ ਸਵਾਏ ਹੋਏ ਸਨ, ਉਹ ਢਿਲੇ ਹੋ ਜਾਣ ਕਾਰਨ ਨਾਕਾਰੇ ਹੋ ਗਏ ਤੇ ਬਜਾਜਾਂ ਅਤੇ ਦਰਜ਼ੀਆਂ ਕੋਲੋਂ ਮੁੜ ਧੌਣ ਲੁਹਾਉਣੀ ਪਈ।

ਹਮਦਰਦ ਜੀ ਦਾ ਘਰੇਲੂ ਜੀਵਨ ਬੜਾ ਸੁਖੀ ਹੈ। ਲੜਕੇ ਉਡਾਰ ਹਨ, ਕੰਮ ਕਾਰ ਵਿਚ "ਹਥ ਪੜ੍ਹਥੀ" ਪਵਾਉਂਦੇ ਹਨ। ਇਕ ਲੜਕਾ ਐਮ. ਏ. ਫਾਈਨਲ ਦਾ ਇਮਤਿਹਾਨ ਦੇ ਚੁਕਿਆ ਹੈ, ਉਹ ਵੀ ਇਕ ਚੰਗਾ ਆਲੋਚਕ ਨਿਕਲਣ ਦੀ ਆਸ ਹੈ, ਉਨ੍ਹਾਂ ਦੀ ਧਰਮ-ਪਤਨੀ ਸ੍ਰੀਮਤੀ ਨਰਿੰਜਨ ਕੌਰ ਉਨ੍ਹਾਂ ਦੇ ਦੁਖ ਸੁਖ ਵਿਚ ਸਾਂਝੀਵਾਲ ਤੇ ਇਕ ਤਰ੍ਹਾਂ ਦਾ ਪਰੇਰਨਾਂ ਦੀ ਮੂਰਤੀ ਹੈ। ਉਸਦੇ ਮਿੱਠੇ ਤੇ ਹਸਮੁਖ ਸੁਭਾਅ ਕਾਰਨ ਹਮਦਰਦ ਜੀ ਦੀ ਜ਼ਿੰਦਗੀ ਸਦਾ ਖੇੜਾ-ਰੂਪ ਰਹਿੰਦੀ ਹੈ। ਘਰ ਵਿਚ ਹਾਸਾਮਖੌਲ ਅਤੇ ਬੇਤਕੱਲਫ਼ੀ ਦਾ ਮਾਹੌਲ ਰਹਿੰਦਾ ਹੈ, ਕਈ ਵਾਰ ਤਾਂ ਜਦੋਂ ਪ੍ਰੀਵਾਰ ਜੁੜਿਆ ਹੋਵੇ ਤਾਂ ਹਮਦਰਦ ਜੀ ਦੇ ਸ਼ੇਅਰਾਂ ਤੇ ਕਟਾਖਸ਼ ਹੁੰਦੇ ਹਨ, ਤਾਸ਼ ਖੇਡੀਦੀ ਅਤੇ ਇਕ ਦੂਜੇ ਨਾਲੋਂ ਵੱਧ ਕੇ ਗੱਪਾਂ ਚਲਦੀਆਂ ਹਨ।

"ਹਮਦਰਦ" ਜੀ ਰੂਸ ਦਾ ਗੇੜਾ ਕੱਢ ਆਏ ਹਨ, ਪਰ ਫੇਰ ਵੀ ਉਹ ਆਮ ਤੌਰ ਤੇ ਕੱਟੜ ਕਿਸਮ ਦੇ ਲਾਲ ਵਿਚਾਰਾਂ ਤੋਂ ਅਣਭਿੱਜ ਹੀ ਰਹੇ ਹਨ। ਇਹ ਇਕ ਅਚਰਜ ਗੱਲ ਹੀ ਹੈ। ਕਿਉਂਕਿ ਜਿੰਨੇ ਵੀ ਪੱਤਰਕਾਰ ਜਾਂ ਲਿਖਾਰੀ ਰੂਸ ਤੋਂ ਹੋ ਕੇ ਆਉਂਦੇ ਹਨ, ਉਹ ਉਨ੍ਹਾਂ ਲੋਕਾਂ ਦੀ ਵਿਉਂਤਬੱਧ ਮਹਿਮਾਨ ਨਿਵਾਜ਼ੀ, ਉਥੋਂ ਦੀ ਸਨਅਤੀ ਉਸਾਰੀ, ਭਾਰਤ ਦੇ ਲੋਕਾਂ ਨਾਲ ਅਮਿਟ ਦੋਸਤੀ ਦੇ ਜ਼ੋਰਦਾਰ ਨਾਅਰਿਆਂ, ਲਿਖਾਰੀਆਂ ਨੂੰ ਦਿਸਦੀਆਂ ਸਹੂਲਤਾਂ ਅਤੇ ਦੋ-ਭਾਸ਼ੀ ਸੱਜਣਾਂ ਸੱਜਣੀਆਂ ਦੇ ਸੁੰਦਰ ਸਲੂਕ ਨਾਲ ਏਨੇ ਪ੍ਰਭਾਵਤ ਹੋ ਕੇ ਆਉਂਦੇ ਹਨ ਕਿ ਪੁਛੋ ਕੁਝ ਨਾ। ਇਉਂ ਜਾਪੇਗਾ ਕਿ ਕਿਸੇ ਨੇ ਉਨ੍ਹਾਂ ਦੇ ਸਿਰ ਵਿਚ ਕੁਝ ਧੂੜ ਛਡਿਆ ਹੋਵੇ। ਉਹ ਰੂਸੀ "ਜਨਤਾ" ਦੀ ਜੁਦਾਈ ਵਿਚ ਇਉਂ ਤੜਫਣਗੇ ਜਿਵੇਂ, ਥੋੜੇ ਪਾਣੀ ਵਿਚ ਮੱਛੀ, ਉਨ੍ਹਾਂ ਨੂੰ ਆਪਣੇ ਦੇਸ ਦੀ ਹਰ ਚੀਜ਼ ਮਾੜੀ ਲੱਗਣ ਲੱਗ ਪਏਗੀ।

ਪਰ "ਹਮਦਰਦ" ਸਾਹਿਬ ਦਾ ਰੂਸੀ ਫੇਰੀ ਮਗਰੋਂ ਵੀ ਦਿਮਾਗ਼ੀ ਤਵਾਜ਼ਨ ਕਾਇਮ ਰਿਹਾ ਹੈ। ਅਤੇ ਉਨ੍ਹਾਂ ਨੇ ਆਪਣੀ ਰੂਸ ਯਾਤਰਾ ਬਾਰੇ ਜਿੰਨੇ ਵੀ ਲੇਖ ਲਿਖੇ ਹਨ, ਉਨ੍ਹਾਂ ਵਿਚ ਨਿਰਪੱਖ ਦ੍ਰਿਸ਼ਟੀ ਦਾ ਪਹਿਲੂ ਹੈ।

ਇਕ ਗੱਲ ਹੋਰ ਮੈਂ "ਹਮਦਰਦ" ਜੀ ਬਾਰੇ ਕਰਨਾ ਚਾਹੁੰਦਾ ਹਾਂ, ਭਾਵੇਂ ਆਪ ਦੇ ਮਾਇਕ ਸਾਧਨ ਅਜੇ ਬਾਹਲੇ ਵਿਸ਼ਾਲ ਨਹੀਂ, ਪਰ ਫੇਰ ਵੀ ਆਪ ਆਪਣੇ ਅਖਬਾਰ ਦੀਆਂ ਦਿਲਚਸਪੀਆਂ ਅਤੇ ਰੰਗੀਨੀਆਂ ਵਿਚ ਇਜ਼ਾਫ਼ਾ ਕਰਨ ਲਈ ਨਵੀਆਂ ਤੇ ਤਜਰਬੇਕਾਰ ਕਲਮਾਂ ਦੀ ਤਲਾਸ਼ ਵਿਚ ਰਹਿੰਦੇ ਹਨ ਤੇ ਲਗਦੀ ਵਾਹ ਕਿਸੇ ਚੰਗੇ ਕਾਲਮ ਲੇਖਕ ਦਾ ਉਨ੍ਹਾਂ ਦੀ ਪਰਖ ਚੋਣ ਤੋਂ ਲਾਂਭੇ ਰਹਿਣਾ ਔਖਾ ਹੈ।

ਮੈਨੂੰ ਆਪ ਪਤਰਕਾਰੀ ਵਿਚ ਕਿਸੇ ਵਿਸ਼ੇਸ਼ ਜਾਂ ਆਲੋਕਾਰ ਗੁਣ ਜਾਂ ਤਜਰਬੇ ਦਾ ਮਾਣ ਹਾਸਲ ਨਹੀਂ, ਹਾਂ ਮਾੜਾ ਮੋਟਾ ਠਹੀਆ ਠੱਪਾ ਇਸ ਖੇਤਰ ਵਿਚ ਕਰਦਾ ਰਿਹਾ ਹਾਂ, ਪਰ ਫੇਰ ਵੀ ਜਿਸ ਵੇਲੇ ਮੈਂ ਲੋਕ-ਸੰਪਰਕ ਵਿਭਾਗ ਵਿਚ ਸਰਦਾਰ ਕੈਰੋਂ ਦੀ ਕ੍ਰਿਪਾ ਨਾਲ ਭਰਤੀ ਕੀਤਾ ਜਾਣ ਲੱਗਾ ਤਾਂ ਹਮਦਰਦ ਜੀ ਇਤਫ਼ਾਕ ਨਾਲ ਚੰਡੀਗੜ੍ਹ ਹੀ ਸਨ। ਉਨ੍ਹਾਂ ਨੇ ਪੂਰਾ ਟਿਲ ਲਾਇਆ ਕਿ ਮੈਂ ਸਰਕਾਰੀ ਨੌਕਰੀ ਦੀ ਥਾਂ ਉਨ੍ਹਾਂ ਕੋਲ ਵਧੇਰੇ ਪੈਸਿਆਂ ਤੇ ਚਲਿਆ ਚਲਾਂ। ਮੈਂ ਨਾਂਹ ਕਰ ਬੈਠਾ, ਪਰ ਉਸ ਫੈਸਲੇ ਤੇ ਮੈਂ ਕਈ ਵਾਰ ਪਛਤਾਇਆ ਹਾਂ। ਕਿਉਂਕਿ ਸਰਕਾਰੀ ਨੌਕਰੀ ਨਾਲ ਸ਼ਰੀਰ ਤਾਂ ਬੇਸ਼ਕ ਰੱਜਿਆ ਹੈ ਪਰ ਆਤਮਾ ਜ਼ਰੂਰ ਭੁੱਖੀ ਮਰੀ ਹੈ ਅਤੇ ਕਲਮ ਦਮ ਤੋੜ ਚੁਕੀ ਹੈ।

ਅੱਜ ਕੱਲ ਹਮਦਰਦ ਜੀ ਦੀਆਂ ਗਜ਼ਲਾਂ ਨਿਆਗਰਾ ਦੀ ਝਾਲ ਵਾਂਗ ਜ਼ੋਰ ਸ਼ੋਰ ਨਾਲ ਗੂੰਜਦੀਆਂ ਵਹਿ ਰਹੀਆਂ ਹਨ।

ਪਿਛਲੇ ਦਿਨ ਆਪ ਇਥੇ ਯੂਨੀਵਰਸਿਟੀ ਵਿਚ ਕਿਸੇ "ਸ਼ਬਦ ਜੋੜ" ਮੀਟਿੰਗ ਵਿਚ ਆਏ ਤਾਂ ਮੇਰੇ ਕੋਲ ਅਟਕੇ। ਮੌਸਮ ਬੜਾ ਖਰਾਬ ਸੀ, ਠੱਕਾ ਵਗੇ ਤੇ ਸਰਦੀ ਸੁੰਨ ਕਰਦੀ ਜਾਏ, ਅਸੀਂ ਕਮਰੇ ਵਿਚ ਸਟੋਵ ਬਾਲਿਆ, ਚਾਹ ਪੱਤੀ ਉਬਲਣੀ ਧਰ ਦਿੱਤੀ।

"ਹਮਦਰਦ" ਜੀ ਨੇ ਝੋਲੇ ਵਿਚੋਂ ਆਪਣਾ ਬਿਆਜ ਕੱਢਿਆ, ਗਜ਼ਲਾਂ ਸੁਣਾਉਣੀਆਂ ਆਰੰਭ ਕੀਤੀਆਂ। ਇੱਕ ਤੋਂ ਇੱਕ ਫੜਕਦਾ

ਹੋਇਆ ਸ਼ੇਅਰ, ਅਤੇ ਉਨ੍ਹਾਂ ਉਪਰ ਉਸਤਾਦ ਜੋਸ਼ ਦੀਆਂ ਟਿੱਪਣੀਆਂ ਸੋਨੇ ਤੇ ਸੁਹਾਗਾ। ਉਹ ਕਹਿੰਦੇ ਗਏ, ਮੈਂ ਸੁਣਦਾ ਗਿਆ। ਬਾਹਰ ਠੇਕੇ ਦਾ ਸ਼ੋਰ, ਬਿਜਲੀ ਦੀ ਲਿਸ਼ਕ ਤੇ ਗਰਜ, ਮੀਂਹ ਦੇ ਛਰਾਟੇ, ਤੇ ਕਮਰੇ ਅੰਦਰ ਗਜ਼ਲਖਾਨੀ ਦਾ ਸਰੂਰ, ਕਈ ਸ਼ੇਅਰ ਤਾਂ ਹਜ਼ਰਤ "ਦਾਗ" ਅਤੇ "ਗਾਲਬ" ਦੀਆਂ ਸ਼ੋਖੀਆਂ ਦੀ ਹਮਸਰੀ ਕਰਦੇ ਜਾਪਦੇ ਸਨ।

ਮੈਨੂੰ ਇਉਂ ਜਾਪਿਆ ਕਿ ਉਨ੍ਹਾਂ ਦੇ ਕਲਾਮ ਵਿਚ ਤੂਫ਼ਾਨ ਦਾ ਜ਼ੋਰ ਅਤੇ ਬਿਜਲੀ ਦੀ ਲਿਸ਼ਕ ਤੇ ਤੜਪ ਹੈ ਪਰ ਮੈਂ ਇਹ ਗੱਲਾਂ ਕਹਿ ਨਾ ਸਕਿਆ ਕਿਉਂਕਿ ਸੁਣਨ ਰਸ ਦੇ ਚਟਖਾਰਿਆਂ ਤੋਂ ਹੀ ਜੀਭ ਨੂੰ ਵੇਹਲ ਨਾ ਮਿਲਿਆ। ਇਹ ਮਹਿਫ਼ਲ ਚਲਦੀ ਰਹੀ ਰਾਤ ਭਿੱਜਦੀ ਗਈ। ਓੜਕ ਚਾਰ ਵਜੇ ਤੜਕੇ ਜਦੋਂ ਲਾਗਲੇ "ਸਾਧੂ ਬੇਲੇ" ਚੋਂ ਸੰਖ ਦੀ ਧੁਨੀ ਗੂੰਜੀ ਤਾਂ ਸਾਨੂੰ ਇਹਸਾਸ ਹੋਇਆ ਸੌਣ ਲਈ ਕੇਵਲ ਇਕ ਘੜੀ ਬਾਕੀ ਰਹਿ ਗਈ ਸੀ।

ਸੂਚਨਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ 500 ਵੀਂ ਵਰ੍ਹੇ ਗੰਢ ਦੇ ਮਹਾਨ ਉਤਸਵ ਦੇ ਸਿਲਸਿਲੇ ਵਿਚ ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜਾਬੀ-ਦੁਨੀਆ ਅਤੇ ਜਨ-ਸਾਹਿਤ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਸਮੂਹ ਲੇਖਕਾਂ ਅਤੇ ਵਿਦਵਾਨਾਂ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬੀ ਦੁਨੀਆ, ਅਤੇ ਜਨ-ਸਾਹਿਤ ਲਈ ਆਪਣੀਆਂ ਵੱਡਮੁਲੀਆਂ ਰਚਨਾਵਾਂ ਗੁਰੂ ਨਾਨਕ ਦੇਵ ਜੀ ਦੇ ਵਿਸ਼ੇਸ਼ ਅੰਕਾਂ ਲਈ ਛੇਤੀ ਹੀ ਭੇਜਣ ਦੀ ਕਿਰਪਾਲਤਾ ਕਰਨ।

—ਸੰਪਾਦਕ

ਸਾਧੂ ਸਿੰਘ ਹਮਦਰਦ
ਇਕ ਸਾਹਿਤਕਾਰ ਇਕ ਪੱਤਰਕਾਰ

ਈਸ਼ਰ ਸਿੰਘ ਅਟਾਰੀ

ਸਾਧੂ ਸਿੰਘ ਹਮਦਰਦ ਨੇ ਆਪਣੇ ਬਾਰੇ ਇਕ ਥਾਂ ਲਿਖਿਆ ਹੈ:—

ਬਣਾਇਆ ਕਵੀ ਰੱਬ ਨੇ ਹਮਦਰਦ ਨੂੰ।
ਐਡੀਟਰ ਤੇ ਉਹ ਖਾਹਮਖਾਹ ਹੋ ਗਇਆ।

ਪਰੰਤੂ ਸਾਧੂ ਸਿੰਘ ਹਮਦਰਦ ਦੇ ਸੰਪਾਦਨ ਅਤੇ ਰਚਨਾ ਕਾਰਜ ਦਾ ਵਸਤੂਭਾਵੀ ਅਧਿਐਨ ਦਸਦਾ ਹੈ ਕਿ ਹਮਦਰਦ ਨਾ ਕਵੀ ਰੱਬ ਵਲੋਂ ਅਤੇ ਨਾ ਪੱਤਰਕਾਰ ਖਾਹਮਖਾਹ ਬਣਿਆ ਹੈ, ਸਗੋਂ ਇਹ ਦੋਵੇਂ ਚੀਜ਼ਾਂ ਉਸਨੇ ਆਪਣੇ ਅਨੁਭਵ ਅਤੇ ਅਭਿਆਸ ਰਾਹੀਂ ਪ੍ਰਾਪਤ ਕੀਤੀਆਂ ਹਨ। ਮੈਂ ਇਹ ਵੀ ਪ੍ਰਤੀਤ ਕਰਦਾ ਹਾਂ ਕਿ ਪਤਰਕਾਰੀ ਅਤੇ ਸਾਹਿੱਤ ਸਿਰਜਨਾ ਦਾ ਸਬੰਧ ਸਦਾ ਇਕ ਦੂਜੇ ਨਾਲ ਵਿਰੋਧਾਤਮਕ ਜਾਂ ਵਿਘਨਕਾਰੀ ਨਹੀਂ ਹੁੰਦਾ ਸਗੋਂ ਕਈ ਸਥਿਤੀਆਂ ਵਿੱਚ ਇਹ ਪਰਸਪਰ ਪੂਰਕ ਅਤੇ ਸਹਾਇਕ ਹੋ ਨਿਬੜਦੇ ਹਨ। ਸਾਧੂ ਸਿੰਘ ਹਮਦਰਦ ਦੇ ਸਬੰਧ ਵਿੱਚ ਪੱਤਰਕਾਰੀ ਅਤੇ ਸਾਹਿਤਕਾਰੀ ਨੇ ਇਹੋ ਕਰਤਵ ਨਿਭਾਏ ਹਨ।

ਹਮਦਰਦ ਦਸਦਾ ਹੈ ਕਿ ਹਾਲੀ ਉਹ ਦਸਵੀਂ ਵਿੱਚ ਪੜ੍ਹਦਾ ਸੀ ਕਿ ਉਸ ਵਿੱਚ ਸ਼ਾਇਰੀ ਲਈ ਰੁਚੀ ਜਾਗ ਪਈ ਸੀ। ਆਪਣੀਆਂ ਪਾਠ ਪੁਸਤਕਾਂ ਤੋਂ ਅਤ੍ਰਿਕਤ ਜਿਹੜੀਆਂ ਪੁਸਤਕਾਂ ਅਤੇ ਸਾਹਿਤ ਪੱਤਰ ਹਮਦਰਦ ਪੜ੍ਹਿਆ ਕਰਦਾ ਸੀ ਉਨ੍ਹਾਂ ਵਿੱਚੋਂ ਉਰਦੂ ਦਾ ਇਕ ਪੱਤਰ 'ਅਦਬੀ ਦੁਨੀਆਂ' ਉਸ ਦਾ ਵਿਸ਼ੇਸ਼ ਪ੍ਰਿਯ ਪੱਤਰ ਹੁੰਦਾ ਸੀ। ਇਸ ਪੱਤਰ ਵਿੱਚੋਂ ਵੀ ਉਸ ਨੂੰ ਸਭ ਤੋਂ ਵੱਧ ਪ੍ਰਭਾਵਤ ਪੰਡਤ ਲਭੂ ਰਾਮ ਜੋਸ਼ ਦੀਆਂ ਗਜ਼ਲਾਂ ਅਤੇ ਨਜ਼ਮਾਂ ਨੇ ਕੀਤਾ। ਉਦੋਂ ਉਸ ਦੇ ਅਵਚੇਤਨ ਵਿੱਚ ਇਹ ਗੱਲ ਸਮਾ ਗਈ ਕਿ ਕਾਸ਼! ਉਹ ਪੰਡਤ ਲਭੂ ਰਾਮ ਜੋਸ਼ ਵਰਗੇ ਉਸਤਾਦ ਸ਼ਾਇਰਾਂ ਦਾ ਸਾਥ ਮਾਣ ਸਕੇ ਅਤੇ ਕਦੇ ਉਨ੍ਹਾਂ ਦੀ ਜਮਾਤ ਵਿੱਚ ਬੈਠਣ ਜੋਗ ਹੋ ਸਕੇ। ਦੈਵਨੇਤ ਜਾਂ ਸੁਭਾਗਵਸ ਸਕੂਲ ਦੀ ਪੜ੍ਹਾਈ ਮੁਕਾਣ ਪਿੱਛੋਂ ਹਮਦਰਦ ਨੂੰ ਜੀਵਨ ਨਿਰਬਾਹ ਲਈ ਪੱਤਰ-ਕਾਰੀ ਦਾ ਕਿੱਤਾ ਅਪਨਾਉਣਾ ਪਿਆ। ਪੰਜਾਬੀ ਦੇ ਇਕ ਪੁਰਾਣੇ ਸਪਤਾਹਕ ਪੱਤਰ 'ਖਾਲਸਾ ਐਡਵੋਕੇਟ' ਅੰਮ੍ਰਿਤਸਰ ਤੋਂ ਹੁੰਦਾ ਹੋਇਆ ਜਦ ਉਹ ਉਰਦੂ ਦੇ ਪਹਿਲਾਂ ਸਪਤਾਹਕ ਅਤੇ ਫਿਰ ਦੈਨਿਕ 'ਅਜੀਤ' ਲਾਹੌਰ ਵਿੱਚ ਚਲਾ ਗਿਆ ਤਾਂ ਪੱਤਰਕਾਰੀ ਨੇ ਉਸ ਦੀ ਸਾਹਿਤਕਾਰੀ ਦੀ ਭੁੱਖ ਨੂੰ ਨਾ ਕੇਵਲ ਚਮਕਾ ਦਿੱਤਾ ਸਗੋਂ

ਨਾਲ ਨਾਲ ਉਸਦੀ ਤ੍ਰਿਪਤੀ ਦੇ ਵੀ ਮੌਕੇ ਪ੍ਰਦਾਨ ਕਰ ਦਿੱਤੇ ।

ਪੱਤਰਕਾਰੀ ਦੇ ਖੇਤਰ ਵਿੱਚ ਹਮਦਰਦ ਜਿਉਂ ਜਿਉਂ ਪਰਪੱਕ ਅਤੇ ਪ੍ਰਿਯ ਹੁੰਦਾ ਗਿਆ ਸਾਹਿੱਤਕਾਰੀ ਵਿੱਚ ਉਸ ਦੀ ਪ੍ਰਾਪਤੀ, ਪ੍ਰਿਯਤਾ ਅਤੇ ਪ੍ਰਸਿੱਧੀ ਵਧਦੀ ਗਈ । ਪੱਤਰਕਾਰੀ ਰਾਹੀਂ ਇਸ ਦਾ ਸਬੰਧ ਜਨਾਬ ਜੋਸ਼ ਮਲਸਿਆਨੀ ਸਾਹਿਬ, ਵਫ਼ਾ ਸਾਹਿਬ ਅਤੇ ਹੁਮਾ ਸਾਹਿਬ ਵਰਗੇ ਉਰਦੂ ਦੇ ਉਸਤਾਦ ਸ਼ਾਇਰਾਂ ਨਾਲ ਹੋਣ ਲੱਗਾ । ਹਮਦਰਦ ਜੇ ਨਿਰੋਲ ਪੱਤਰਕਾਰ ਹੁੰਦਾ ਜਾਂ ਇਸ ਦੀ ਪੱਤਰਕਾਰੀ ਇਸ ਦੀ ਸਾਹਿੱਤਕਾਰੀ ਲਈ ਸਹਾਇਕ ਨਾ ਹੋਈ ਹੁੰਦੀ ਤਾਂ ਹਮਦਰਦ ਇਨ੍ਹਾਂ ਉਸਤਾਦ ਕਵੀਆਂ ਨਾਲ ਓਨਾਂ ਹੀ ਸਬੰਧ ਰਖਦਾ ਜਿੰਨਾ ਇਕ ਸੰਪਾਦਕ ਨੂੰ ਆਪਣੇ ਪਦ ਜਾਂ ਗੱਦ ਲੇਖਕਾਂ ਤਥਾ ਪੱਤਰ ਪਰੇਰਕਾਂ ਨਾਲ ਰਖਣਾ ਜ਼ਰੂਰੀ ਹੁੰਦਾ ਹੈ । ਪਰ ਹਮਦਰਦ ਵਿੱਚ ਸੁੱਤਾ ਹੋਇਆ ਸਾਹਿੱਤ-ਕਾਰ ਜਾਗ ਪਿਆ ਹੋਇਆ ਸੀ ਇਸ ਲਈ ਉਸ ਨੇ ਅਨੁਭਵ ਕੀਤਾ ਜਿਵੇਂ ਉਸਦੇ ਅਵਚੇਤਨ ਦੇ ਸੁਪਨੇ ਸਾਕਾਰ ਹੋਣ ਦਾ ਸਮਾਂ ਆ ਗਿਆ ਹੈ। ਹਮਦਰਦ ਨੇ ਆਪ ਕਵਿਤਾਵਾਂ, ਵਿਸ਼ੇਸ਼ ਕਰਕੇ ਗ਼ਜ਼ਲਾਂ,ਲਿਖਣੀਆਂ ਸ਼ੁਰੂ ਕੀਤੀਆਂ। ਉਹ ਪੱਤਰ ਵਿੱਚ ਛਪਦੀਆਂ ਰਹੀਆਂ ਅਤੇ ਨਾਲ ਉਸਤਾਦ ਕਵੀਆਂ ਅਤੇ ਨਵੇਂ ਕਵੀਆਂ ਦੀਆਂ ਵੀ । ਇਸ ਤਰ੍ਹਾਂ ਇਕ ਕਲਮੀ ਸੂਝ ਸਿਆਣ ਵਧਦੀ ਵਧਦੀ ਨਿਜੀ ਅਤੇ ਸਾਹਿਤਕ ਸੂਝ ਸਿਆਣ ਅਤੇ ਸਾਝ ਵਿੱਚ ਬਦਲ ਗਈ । ਹਮਦਰਦ ਨੇ ਕਿਬਲਾ ਜੋਸ਼ ਮਲਸਿਆਨੀ ਸਾਹਿਬ ਨੂੰ ਆਪਣਾ ਗੁਰੂ ਧਾਰ ਲਿਆ ਕਿਉਂਕਿ ਹਮਦਰਦ ਉਸ ਵੇਲੇ ਅਤੇ ਇਸ ਵੇਲੇ ਵੀ ਇਹ ਦ੍ਰਿੜ ਵਿਸ਼ਵਾਸ਼ ਰਖਦਾ ਹੈ ਕਿ ਕਿਸੇ ਵੀ ਕਲਾ ਵਿੱਚ ਪਕਿਆਈ, ਡੂੰਘਾਈ ਅਤੇ ਕਮਾਲ ਕਰੜੇ ਅਭਿਆਸ ਅਤੇ ਕਾਮਲ ਮੁਰਸ਼ਦ ਦੀ ਅਗਵਾਈ ਤੋਂ ਬਗੈਰ ਪ੍ਰਾਪਤ ਨਹੀਂ ਹੋ ਸਕਦਾ। ਜੋਸ਼ ਘਰਾਣਾ ਦਾਗ ਘਰਾਣੇ ਨਾਲ ਸਬੰਧ ਰਖਦਾ ਹੈ । ਇਲਮੋਇ-ਅਰੂਜ਼ ਅਤੇ ਜ਼ਬਾਨ-ਦਾਨੀ ਜੋਸ਼ ਘਰਾਨੇ ਦੀ ਵਿਸ਼ੇਸ਼ਤਾ ਹੈ ਜਿਹੜੀ ਉਸਨੇ ਦਾਗ ਘਰਾਨੇ ਤੋਂ ਵਿਰਸੇ ਵਿਚ ਪ੍ਰਾਪਤ ਕੀਤੀ ਹੈ। ਇਹੋ ਵਿਰਸਾ ਹਮਦਰਦ ਦੀ ਝੋਲੀ ਪਿਆ ਹੈ । ਹਮਦਰਦ ਨੇ ਪੱਤਰਕਾਰ ਦੇ ਰੂਪ ਵਿੱਚ ਆਰੰਭ ਪੰਜਾਬੀ ਤੋਂ ਕੀਤਾ ਪਰ ਪ੍ਰਸਿੱਧੀ ਉਰਦੂ ਵਿੱਚ ਪ੍ਰਾਪਤ ਕੀਤੀ ਪਰ ਹੁਣ ਇਸ ਨੇ ਪੰਜਾਬੀ ਪੱਤਰਕਾਰੀ ਨੂੰ ਹੀ ਆਪਣੇ ਨਿਰਬਾਹ ਦੇ ਪੱਕੇ ਕਿੱਤੇ ਦੇ ਤੌਰ ਤੇ ਅਪਣਾਇਆ ਹੋਇਆ ਹੈ । ਇਸ ਦੇ ਉਲਟ ਕਵਿਤਾ ਦਾ ਸ਼ੌਕ ਉਸਨੇ ਉਰਦੂ ਰਾਹੀਂ ਪ੍ਰਾਪਤ ਕੀਤਾ ਹੈ। ਪਰ ਕਵੀ ਦੇ ਤੌਰ ਤੇ ਪ੍ਰਸਿੱਧੀ ਪੰਜਾਬੀ ਵਿੱਚ ਹਾਸਲ ਕੀਤੀ । ਇਸ ਦੀ ਰਚਨਾ ਦਾ ਮਾਧਿਅਮ ਭਾਵੇਂ ਪੰਜਾਬੀ ਹੈ ਪਰ ਰਚਨਾ ਨੂੰ ਮਾਂਜਣ ਸਵਾਰਨ ਦਾ ਕੰਮ ਇਸਨੇ ਉਰਦੂ ਦੇ ਉਸਤਾਦ ਸ਼ਾਇਰਾਂ ਅਤੇ ਉਰਦੂ ਸਾਹਿਤ ਦੇ ਅਮੀਰ ਵਿਰਸੇ ਤੋਂ ਲਿਆ ਹੈ । ਇਸਦਾ ਲਾਭ ਇਹ ਹੋਇਆ ਹੈ ਕਿ ਗ਼ਜ਼ਲ ਲਿਖਣ ਵਿੱਚ ਨਵੇਂ ਪੰਜਾਬੀ ਕਵੀਆਂ ਨੇ ਅਰੂਜ਼ ਅਤੇ ਜ਼ਬਾਨ-ਦਾਨੀ ਦੀਆਂ ਜੋ ਗਲਤੀਆਂ ਸਹਿਵਨ ਤੌਰ ਤੇ ਕੀਤੀਆਂ ਉਨ੍ਹਾਂ ਤੋਂ ਹਮਦਰਦ ਸਾਵਧਾਨ ਹੋ ਕੇ ਸ਼ਾਇਦ ਬਚਿਆ ਰਿਹਾ ਹੈ । ਹਮਦਰਦ ਦੀ ਗਜ਼ਲ ਉਸਤਾਦਾਂ ਦੇ ਹੱਥਾ ਦੀ ਛੋਹ ਪ੍ਰਾਪਤ ਕਰਦੀ ਹੋਈ ਰੂਪ ਅਤੇ ਤਕਨੀਕ ਦੇ ਪੱਖ ਤੋਂ ਇਕ ਪ੍ਰਮਾਣੀਕ ਰੂਪ ਧਾਰਣ ਕਰ

ਗਈ । ਜਦੋਂ ਉਸ ਨੇ ਅਪਣੀਆਂ ਗਜ਼ਲਾਂ ਦਾ ਪਹਿਲਾ ਸੰਗ੍ਰਹਿ 'ਗਜ਼ਲ' ਪ੍ਰਕਾਸ਼ਤ ਕਰਵਾਇਆ ਤਾਂ ਪੰਜਾਬੀ ਸਾਹਿਤਕ ਖੇਤਰ ਵਿੱਚ ਹਮਦਰਦ ਨੇ ਇਕ ਕਵੀ ਜਾਂ ਗਜ਼ਲਗੋ ਦੇ ਰੂਪ ਵਿੱਚ ਚੋਖਾ ਧਿਆਨ ਆਕਰਸ਼ਤ ਕਰ ਲਿਆ। ਪੰਜਾਬੀ ਵਿੱਚ ਗਜ਼ਲ ਦਾ ਇਤਿਹਾਸ ਕੋਈ ਅੱਧੀ ਸਦੀ ਤਕ ਹੀ ਸੀਮਤ ਹੈ। ਪਰ ਇਸ ਦੇ ਪਿੱਛੇ ਅਰਬੀ, ਫ਼ਾਰਸੀ ਤਥਾ ਪਸ਼ਤੋ ਅਤੇ ਉਰਦੂ ਦੀ ਗਜ਼ਲ ਦੀ ਇਕ ਚਿਰਕਾਲੀ ਅਤੇ ਨਿਸ਼ਚਿਤ ਪਰੰਪਰਾ ਜਿਸ ਤੋਂ ਪੰਜਾਬੀ ਗਜ਼ਲ ਨੂੰ ਬਹੁਤ ਕੁਝ ਵਿਰਸੇ ਵਿਚ ਹੀ ਪ੍ਰਾਪਤ ਹੋਇਆ ਹੈ। ਇਹ ਠੀਕ ਹੈ ਕਿ ਪੰਜਾਬੀ ਵਿੱਚ ਗਜ਼ਲ ਲਿਖਣ ਵਾਲਿਆਂ ਲਈ ਉਸਤਾਦਾਂ ਦੇ ਪੂਰਨਿਆਂ ਅਤੇ ਪਦ-ਚਿੰਨ੍ਹਾਂ ਉੱਤੇ ਕਦਮ ਰਖਦਿਆਂ ਪਹਿਲਾ ਪਹਿਲਾਂ ਥਿੜਕਣ ਅਤੇ ਥਰਕਣ ਸੁਭਾਵਕ ਹੁੰਦੀ ਹੈ। ਪੰਜਾਬੀ ਵਿੱਚ ਇਸ ਤਰ੍ਹਾਂ ਦੀ ਥਿੜਕਣ ਅਤੇ ਥਰਕਣ ਆਮ ਵੇਖਣ ਵਿੱਚ ਆਉਂਦੀ ਹੈ ਭਾਵੇਂ ਕਿ ਕਈ ਇਕ ਚੰਗੇ ਪੰਜਾਬੀ ਕਵੀਆਂ ਨੇ ਕਈ ਇਕ ਚੰਗੀਆਂ ਗਜ਼ਲਾਂ ਸਾਨੂੰ ਦਿੱਤੀਆਂ ਹਨ ਅਤੇ ਹੁਣ ਤਕ ਦੇ ਰਹੇ ਹਨ। ਕੁਸ਼ਤਾ ਤੋਂ ਸ਼ੁਰੂ ਹੋ ਕੇ ਅਸੀਂ ਪੰਜਾਬੀ ਵਿੱਚ ਗਜ਼ਲਾਂ ਦੀ 40-50 ਸਾਲਾ ਪਰੰਪਰਾ ਮੋਹਨ ਸਿੰਘ, ਹਰਭਜਨ ਸਿੰਘ, ਈਸ਼ਵਰ, ਆਵਾਰਾ, ਤਖ਼ਤ ਸਿੰਘ, ਪੀਰ, ਰਾਮਪੁਰੀ, ਉਪਾਸ਼ਕ, ਮੁਸ਼ਤਾਕ, ਸਾਬਰ ਅਤੇ ਦੁਮਨ ਤੋਂ ਹੁੰਦੀ ਹੋਈ ਅਸਲੋਂ ਹੀ ਆਧੁਨਿਕ ਕਵੀ ਜਗਤਾਰ, ਮੀਸ਼ਾ, ਸ਼ਿਵ ਅਤੇ ਹਸਰਤ ਤਕ ਪੁੱਜੀ ਵੇਖਦੇ ਹਾਂ।

ਪਰ ਸਾਧੂ ਸਿੰਘ ਹਮਦਰਦ ਨੂੰ ਜਿਸ ਗੱਲੋਂ ਗਿਲਾ ਅਤੇ ਸਿਹਰਾ ਦਿੱਤਾ ਜਾ ਸਕਦਾ ਹੈ ਉਹ ਇਹ ਕਿ ਹੈ ਸਾਧੂ ਸਿੰਘ ਇਕੋ ਇਕ ਪੰਜਾਬੀ ਕਵੀ ਹੈ ਜਿਸਨੇ ਨਿਰੋਲ ਗ਼ਜ਼ਲਾਂ ਦਾ ਸੰਗ੍ਰਹਿ ਦੇ ਕੇ ਪੰਜਾਬੀ ਵਿੱਚ ਨਾ ਕੇਵਲ ਪ੍ਰਥਮ ਗ਼ਜ਼ਲਗੋ ਹੋਣ ਦਾ ਮਾਣ ਖਟਿਆ ਹੈ ਸਗੋਂ ਪੰਜਾਬੀ ਗਜ਼ਲ ਵਿੱਚ ਇਕਲੇ ਹਮਦਰਦ ਨੇ ਉਹ ਤੱਤ ਲਿਆਉਣ ਅਤੇ ਉਹ ਪਰਯੋਗ ਕਰਨ ਦੇ ਸਫਲ ਯਤਨ ਕੀਤੇ ਹਨ ਜਿਹੜੇ ਭਿੰਨ-ਭਿੰਨ ਭਾਸ਼ਾਵਾਂ ਵਿਚ ਭਿੰਨ-ਭਿੰਨ ਗਜ਼ਲਗੋ ਭਿੰਨ-ਭਿੰਨ ਸਮਿਆਂ ਤੇ ਕਰਨ ਦਾ ਯਤਨ ਕਰਦੇ ਰਹੇ ਹਨ। ਵਧੇਰੇ ਸਪਸ਼ਟ ਕਰਨ ਲਈ ਮੈਂ ਇਹ ਕਹਾਂਗਾ ਕਿ ਗਜ਼ਲ ਦੀ ਲੰਮੀ ਪ੍ਰੰਪਰਾ ਵਿੱਚ ਜੋ ਜੋ ਤਜਰਬੇ ਅਤੇ ਵੰਨਗੀਆਂ ਵੱਖ ਵੱਖ ਸਮਿਆਂ ਉੱਤੇ ਸਾਅਦੀ, ਨਜ਼ੀਰੀ ਤੇ ਬੇਦਿਲ, ਪਸ਼ਤੋ ਤੇ ਭਿੰਨ-ਭਿੰਨ ਕਵੀਆਂ ਅਤੇ ਫਿਰ ਉਰਦੂ ਵਿੱਚ ਫੈਜ਼ ਤੇ ਮਜਰੂਹ ਆਦਿ ਨੇ ਲਿਆਂਦੀਆਂ ਉਨ੍ਹਾਂ ਸਾਰੀਆਂ ਦਾ ਪ੍ਰਯੋਗ ਪੰਜਾਬੀ ਵਿੱਚ ਇਕੱਲੇ ਹਮਦਰਦ ਨੇ ਇਕੋ ਸਮੇਂ ਵਿੱਚ ਕੀਤਾ ਹੈ। ਹਮਦਰਦ ਦੀ ਗਜ਼ਲ ਵਿੱਚ ਸਾਦਗੀ ਤੇ ਰਸ ਸਾਅਦੀ ਤੇ ਮੀਰ ਵਰਗਾ ਹੈ, ਦਾਰਸ਼ਨਿਕ ਤੇ ਕਾਲਪਨਿਕ ਤੱਤ ਨਜ਼ੀਰੀ ਤੇ ਬੇਦਿਲ ਵਾਲੇ, ਪੰਜਾਬੀ ਜੀਵਨ ਦਾ ਸਥਾਨਕ ਰੰਗ ਪਸ਼ਤੋ ਦੇ ਕਵੀਆਂ ਵਰਗਾ ਅਤੇ ਪ੍ਰਗਤੀਸ਼ੀਲ ਤਥਾ ਕਰਮਸ਼ੀਲ ਤੱਤ ਫੈਜ਼ ਅਤੇ ਮਜਰੂਹ ਵਾਲੇ ਹਨ।

ਹਮਦਰਦ ਦੀ ਗਜ਼ਲ ਨਿਰੋਲ ਜਵਾਨ ਔਰਤਾਂ ਨਾਲ ਇਸ਼ਕ ਦੀਆਂ ਗੱਲਾਂ ਨਹੀਂ ਸਗੋਂ ਉਹ ਆਪਣੀ ਗਜ਼ਲ ਵਿੱਚ ਜਵਾਨ ਪੰਜਾਬੀਆਂ ਅਤੇ ਸਮੂਚੀ ਮਾਨਵਜਾਤੀ ਨਾਲ ਗੱਲਾਂ ਕਰਦਾ ਹੈ। "ਖੂਬਸੂਰਤ ਕੋਈ ਨਹੀਂ ਹੁੰਦਾ, ਖੂਬਸੂਰਤ ਖ਼ਿਆਲ ਹੁੰਦਾ ਹੈ।" ਲਿਖਣ ਵਾਲਾ ਹਮਦਰਦ

ਕਿਸੇ ਇਕ ਸੁੰਦਰੀ ਦੀ ਖੂਬਸੂਰਤੀ ਦੀ ਕਲਪਨਾ ਕਰਨ ਵਾਲਾ ਕਵੀ ਨਹੀਂ ਕਿਹਾ ਜਾ ਸਕਦਾ ਸਗੋਂ ਉਸ ਦੀ ਕਲਪਨਾ ਇਥੇ ਪੂਰਨ ਮਾਨਵ-ਸੁੰਦਰਤਾ ਦੀ ਸ਼ੈਦਾਈ ਬਣੀ ਹੋਈ ਹੈ । ਜਿਵੇਂ—

ਬੰਦਾ ਭਾਵੇਂ ਸਭ ਕੁਝ ਬਣਿਆ
ਬਣਿਆ ਪਰ ਇਨਸਾਨ ਨਹੀਂ ਹੈ ।

** ** **

ਉਹਨੂੰ ਹੁੰਦਾ ਨਹੀਂ ਕਿਸੇ ਦਾ ਲਿਹਾਜ਼
ਬੇਲਿਹਾਜ਼ ਇਨਕਲਾਬ ਹੁੰਦਾ ਹੈ ।

** ** **

ਆਪਣੇ ਮਹਿਲਾਂ ਤੇ ਨਾ ਏਨਾ ਮਾਣ ਕਰ
ਹਥ ਉਨ੍ਹਾਂ ਦੀ ਸ਼ਾਨ ਵਿੱਚ ਮਜ਼ਦੂਰ ਦਾ ।

** ** **

ਫਰਿਸ਼ਤੇ ਦਾ ਰੁਤਬਾ ਵੀ ਉਚਾ ਸਹੀ ਪਰ
ਫਰਿਸ਼ਤੇ ਤੋਂ ਉਚਾ ਮੁਕਾਮ ਆਦਮੀ ਦਾ ।

** ** **

ਹਮਦਰਦ ਦੀ ਆਤਮਾ ਦੁਨੀਆਂ ਦੇ ਨਿੱਕੇ-ਨਿੱਕੇ ਸਾੜੇ ਸੁਆਰਥਾਂ ਤੋਂ ਉੱਚਾ ਉਠ ਜਾਂਦੀ ਹੈ ਤਾਂ ਉਹ ਕਹਿੰਦਾ ਹੈ :—

ਰੱਬਾ ਕਿੰਨਾ ਚੌੜਾ ਮੇਰਾ ਦਿਲ ਹੋ ਗਿਆ,
ਕਿੰਨੀ ਸੌੜੀ ਤੇਰੀ ਕਾਇਨਾਤ ਹੋ ਗਈ ।

ਸਪਸ਼ਟ ਹੈ ਕਿ ਹਮਦਰਦ ਨੇ ਆਪਣੀ ਗ਼ਜ਼ਲ ਰਾਹੀਂ ਕੇਵਲ ਇਕ ਪੱਕੇ, ਪ੍ਰੌੜ ਅਤੇ ਪ੍ਰੰਪਰਾਗਤ ਤਥਾ ਪਰਮਾਣੀਕ ਸ਼ਿਲਪ ਵਿਧਾਨ ਨੂੰ ਸਰਲਤਾ ਸਹਿਤ ਪੰਜਾਬੀ ਵਿੱਚ ਚਲਤ ਹੀ ਨਹੀਂ ਕੀਤਾ ਸਗੋਂ ਇਸ ਵਿਚ ਨਵੇਂ-ਨਵੇਂ ਬਹਿਰ, ਬਿੰਬ ਅਤੇ ਸ਼ਬਦ ਸ਼ਾਮਲ ਕਰਕੇ ਰੂਪ ਵਿਧਾਨ ਦੀ ਦ੍ਰਿਸ਼ਟੀ ਤੋਂ ਕੁਝ ਪਰਯੋਗ ਵੀ ਕੀਤੇ ਹਨ ਅਤੇ ਨਾਲ ਹੀ ਗ਼ਜ਼ਲ ਵਿੱਚ ਵਿਅਕਤ ਹੋਣ ਵਾਲੇ ਪਰੰਪਰਾਗਤ ਵਿਸ਼ਿਆਂ ਵਿੱਚ ਵੀ ਉਸ ਨੇ ਵੰਨਗੀ ਅਤੇ ਵਿਭਿੰਨਤਾ ਲਿਆ ਕੇ ਇਕ ਕਲਾਸਕੀ ਭਾਂਡੇ ਵਿੱਚ ਆਧੁਨਿਕ ਵਸਤੂ ਪਾਉਣ ਦੀ ਦਲੇਰੀ ਅਤੇ ਤਜਰਬਾ ਕੀਤਾ ਹੈ । ਵਧੇਰੇ ਖ਼ੁਸ਼ੀ ਦੀ ਗੱਲ ਇਹ ਹੈ ਕਿ ਇਹ ਪਰਯੋਗ ਕੇਵਲ ਪਰਯੋਗ ਕਰਨ ਦੀ ਰੁਚੀ ਨਾਲ ਹੀ ਨਹੀਂ ਕੀਤੇ ਗਏ ਸਗੋਂ ਜਿਸ ਤਰ੍ਹਾਂ ਕਿ ਪ੍ਰਯੋਗ ਬਾਰੇ ਮੇਰਾ ਮੁਢ ਤੋਂ ਹੀ ਇਹ ਪੱਖ ਰਿਹਾ ਹੈ ਕਿ ਪ੍ਰਯੋਗ ਕਰਨ ਦਾ ਹੱਕ ਕੇਵਲ ਉਸ ਨੂੰ ਹੀ ਹੈ ਜਿਸਨੇ ਪਹਿਲਾਂ ਕਿਸੇ ਪਰੰਪਰਾ-ਗਤ ਰੂਪ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਹੋਵੇ, ਸਾਧੂ ਸਿੰਘ ਨੇ ਪਹਿਲਾਂ ਪ੍ਰਯੋਗ ਕਰਨ ਦਾ ਅਧਿਕਾਰੀ ਬਣ ਕੇ ਫਿਰ ਪ੍ਰਯੋਗ ਕਰਨ ਦਾ ਹੀਆ ਕੀਤਾ ਹੈ ।

'ਗ਼ਜ਼ਲ' ਨਾ ਕੇਵਲ ਆਮ ਕਾਵਿ ਰਸੀਆ ਵਿੱਚ ਛੇਤੀ ਛੇਤੀ ਪ੍ਰਸਿੱਧ ਹੀ ਹੋ ਗਈ ਸਗੋਂ ਵਿਸ਼ਵ ਵਿਦਿਆਲਿਆਂ ਦੇ ਵਿਦਵਾਨਾਂ ਅਤੇ ਰਾਜ ਸਰਕਾਰ ਦੇ ਭਾਸ਼ਾ ਤੇ ਸਾਹਿਤ ਨਾਲ ਸਬੰਧਤ ਅਧਿਕਾਰੀਆਂ ਨੇ ਵੀ ਇਸ ਦਾ ਚੰਗਾ ਮੁਲ ਪਾਇਆ । ਭਾਸ਼ਾ ਵਿਭਾਗ, ਪੰਜਾਬ ਨੇ ਇਸ ਨੂੰ ਉਸ ਵਰਸ਼ ਦੀ ਉੱਤਮ ਕਾਵਿ ਰਚਨਾ ਮੰਨ ਕੇ ਨਕਦ ਪੁਰਸਕਾਰ ਦਿੱਤਾ ਅਤੇ ਪੰਜਾਬ ਵਿਸ਼ਵ ਵਿਦਿਆਲਾ ਨੇ ਇਸ ਨੂੰ ਗਿਆਨੀ ਦੀ ਪ੍ਰੀਖਿਆ ਲਈ ਕਵਿਤਾ ਦੀ ਇਕ ਪਾਠ ਪੁਸਤਕ ਨਿਸ਼ਚਿਤ ਕਰ ਦਿੱਤਾ ।

ਗ਼ਜ਼ਲ ਤੋਂ ਪਿੱਛੋਂ ਹਮਦਰਦ ਨੇ 'ਮਾਡਰਨ ਗ਼ਜ਼ਲ' ਨਾਂ ਦਾ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ

ਕਰਵਾਇਆ । ਇਸ ਵਿੱਚ ਉਸ ਨੇ ਨਿਰੋਲ ਵਿਅੰਗ ਅਤੇ ਹਾਸ ਭਰਪੂਰ ਰਚਨਾਵਾਂ ਦਿੱਤੀਆਂ। ਇਸ ਦ੍ਰਿਸ਼ਟੀ ਤੋਂ ਇਹ ਵੀ ਆਪਣੇ ਭਾਂਤ ਦੀ ਇਕ ਨਿਵੇਕਲੀ ਪੁਸਤਕ ਸੀ । ਇਨ੍ਹਾਂ ਗ਼ਜ਼ਲਾਂ ਬਾਰੇ ਪੰਜਾਬੀ ਦੇ ਉਘੇ ਆਲੋਚਕ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਵਿਚਾਰ ਹਨ ਕਿ ਹਮਦਰਦ ਦੁਫ਼ਰਾਂ ਵਾਂਗ ਲਿਖਦਾ ਹੈ ਪਰ ਉਸ ਦੇ ਸੇਅਰਾਂ ਵਿੱਚ ਵਿਅੰਗ ਦੁਫ਼ਰਾਂ ਕਿਸਮ ਦਾ ਨਹੀਂ ਸਗੋਂ ਬੋਧਿਕ ਭਾਂਤ ਦਾ ਹੁੰਦਾ ਹੈ।

ਹਮਦਰਦ ਦਾ ਤੀਜਾ ਕਾਵਿ ਸੰਗ੍ਰਹਿ "ਕਾਕ ਟੇਲ" ਹੈ । ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ਕਾਕ ਟੇਲ ਦਾ ਸ਼ਾਬਦਿਕ ਅਰਥ ਹੈ : ਕਈ ਕਿਸਮਾਂ ਦੀ ਰਲੀ ਮਿਲੀ ਸ਼ਰਾਬ । ਇਸ ਨੂੰ ਪ੍ਰਤੀਕ ਬਣਾ ਕੇ ਹਮਦਰਦ ਨੇ ਇਕੋ ਥਾਂ ਤਿੰਨ ਸੁਆਦ ਪਾਠਕਾਂ ਨੂੰ ਦੇਣ ਦਾ ਯਤਨ ਕੀਤਾ ਹੈ। ਪਾਠਕ ਪਹਿਲਾਂ ਹਮਦਰਦ ਦਾ ਇਕ ਸੰਜੀਦਾ ਸ਼ੇਅਰ ਪੜ੍ਹਦਾ ਹੈ, ਫਿਰ ਉਸੇ ਸ਼ੇਅਰ ਦੀ ਪੈਰੋਡੀ ਪੜ੍ਹਦਾ ਹੈ ਅਤੇ ਫੇਰ ਉਸੇ ਸੇਅਰ ਦਾ ਸੰਜੀਦਾ ਰੂਪ ਉਰਦੂ ਜ਼ਬਾਨ (ਗੁਰਮੁਖੀ ਲਿਪੀ) ਵਿਚ ਪੜ੍ਹਦਾ ਹੈ । ਪੰਜਾਬੀ ਅਤੇ ਉਰਦੂ ਦੋਹਾਂ ਭਾਸਾਵਾਂ ਵਿਚ ਸੇਅਰ ਹਮਦਰਦ ਦੇ ਆਪਣੇ ਲਿਖੇ ਹੋਏ ਹਨ । ਵੰਨਗੀ ਵੇਖੋ:—

ਸੰਜੀਦਾ ਸ਼ੇਅਰ ਪੰਜਾਬੀ

ਹਰ ਨਸ਼ੇ ਦਾ ਜੁਆਬ ਦਿਸਦੀ ਹੈ ।
ਯਾਦ ਤੇਰੀ ਸ਼ਰਾਬ ਦਿਸਦੀ ਹੈ ।

ਪੈਰੋਡੀ (ਪੰਜਾਬੀ)–

ਹਰ ਨਸ਼ੇ ਦਾ ਜੁਆਬ ਦਿਸਦੀ ਹੈ ।
ਚਾਹ ਤੇਰੀ ਸ਼ਰਾਬ ਦਿਸਦੀ ਹੈ ।

ਸੰਜੀਦਾ ਸੇਅਰ ਉਰਦੂ—

ਜਾਮਿ ਮੈਅ ਕਾ ਜਵਾਬ ਹੈ ਜੈਸੇ
ਯਾਦ ਤੇਰੀ ਸ਼ਰਾਬ ਹੈ ਜੈਸੇ ।

ਪੈਰੋਡੀ ਵਿੱਚ ਸੰਜੀਦਾ ਸੇਅਰ ਦੇ ਕਿਸੇ ਸ਼ਬਦ ਦੇ ਅਰਥ ਦੇ ਅਨਰਥ ਨਹੀਂ ਹੋਏ ਅਤੇ ਨਾ ਹੀ ਅਨਕਾਵਕ ਰੰਗ ਵਿਚ ਉਸ ਨੇ ਕਿਸੇ ਸ਼ਬਦ ਦਾ ਉਚਾਰਨ ਹੀ ਵਿਗਾੜਿਆ ਹੈ । ਯਾਦ ਦੀ ਥਾਂ ਚਾਹ ਲਗਾ ਕੇ ਸੰਜੀਦਗੀ ਨੂੰ ਹਾਸੇ ਵਿਚ ਬਦਲ ਦਿੱਤਾ ਹੈ ਅਤੇ ਅਜ ਦੀ "ਚਾਹ ਸਭਿਅਤਾ" ਉੱਤੇ ਚੋਟ ਵੀ ਕਰ ਦਿਤੀ ਹੈ। ਪਰ ਜੇ ਜ਼ਰਾ ਇਕਾਗਰਤਾ ਹੋਵੇ ਤਾਂ ਚਾਹ ਦੇ ਅਰਥ ਚਾਹਿਤ ਵੀ ਜਾਂਦੇ ਹਨ ਅਤੇ ਸ਼ੇਅਰ ਫਿਰ ਸੰਜੀਦਾ ਦਾ ਸੰਜੀਦਾ ਰਹਿ ਜਾਂਦਾ ਹੈ।

ਇਨ੍ਹਾਂ ਕਾਵਿ ਸੰਗ੍ਰਿਹਾਂ ਤੋਂ ਬਿਨਾਂ ਹਮਦਰਦ ਨੇ ਆਪਣੀਆਂ ਕਈ ਇਕ ਕਵਿਤਾਵਾਂ ਤੇ ਗ਼ਜ਼ਲਾਂ ਅਜੀਤ ਉਰਦੂ ਅਤੇ ਅਜੀਤ ਪਜਾਬੀ ਰਾਹੀਂ ਸਾਨੂੰ ਦਿਤੀਆਂ ਹਨ ਅਤੇ ਹਾਲੀ ਦਿਤੀ ਜਾ ਰਿਹਾ ਹੈ । ਅਜੀਤ ਉਰਦੂ ਵਿਚ ਹਮਦਰਦ ਨੇ ਪੰਜਾਬੀ ਫੁਲਵਾੜੀ ਦੇ ਸਿਰਲੇਖ ਹੇਠ ਇਕ ਸਪਤਾਹਿਕ ਕਾਵਿ ਲੜੀ ਜਾਰੀ ਕੀਤੀ ਸੀ ਜਿਸ ਵਿਚ ਹਮਦਰਦ ਨੇ ਆਪਣੀਆਂ ਕਵਿਤਾਵਾਂ ਤੋਂ ਬਿਨਾਂ ਬਹੁਤ ਸਾਰੇ ਹੋਰਨਾਂ ਕਵੀਆਂ ਦੀਆਂ ਨਜ਼ਮਾਂ ਵੀ ਛਾਪੀਆਂ। ਇਸ ਫੁਲਵਾੜੀ ਰਾਹੀਂ ਹਮਦਰਦ ਨੇ ਉਰਦੂ ਦੇ ਕਈ ਹੰਢੇ ਹੋਏ ਸ਼ਾਇਰਾਂ ਨੂੰ ਪੰਜਾਬੀ ਵਿਚ ਲਿਖਣ ਲਈ ਪ੍ਰੇਰਿਆ ਅਤੇ ਕਈ ਨਵੇਂ ਲਿਖਣ ਵਾਲਿਆਂ ਦੀਆਂ ਕਵਿਤਾਵਾਂ ਵਿੱਚ ਸੁਧਾਈ (ਇਸਲਾਹ) ਕਰਕੇ ਉਨ੍ਹਾਂ ਨੂੰ ਚੰਗੀ ਛੰਦ ਬਧ ਕਵਿਤਾ ਲਿਖਣ ਲਈ ਉਤ- ਸਾਹਤ ਕੀਤਾ ।

ਕਵਿਤਾ ਤੋਂ ਬਿਨਾਂ ਹਮਦਰਦ ਨੇ ਕੁਝ

ਕਹਾਣੀਆਂ ਵੀ ਲਿਖੀਆਂ ਅਤੇ "ਝਾਂਬੜ ਮਚਦਾ ਰਿਹਾ" ਅਤੇ "ਕਿਨਾ ਬਦਲ ਗਿਆ ਇਨਸਾਨ" ਦੋ ਕਹਾਣੀ ਸੰਗ੍ਰਿਹ ਵੀ ਤਿਆਰ ਕੀਤੇ । ਪਹਿਲੇ ਕਹਾਣੀ ਸੰਗ੍ਰਹਿ ਵਿਚ ਅਗੇਜ਼ੀ ਸਾਮਰਾਜ ਅਤੇ ਬਿਸਵੇਦਾਰੀ ਦਾ ਵਿਰੋਧ ਅਤੇ ਦੂਜੇ ਵਿੱਚ ਸਮਾਜ ਸੁਧਾਰ ਦੀ ਭਾਵਨਾ ਪ੍ਰਬਲ ਹੈ ।

ਕਹਾਣੀਆਂ ਤੋਂ ਅਤਿਰਿਕਤ ਹਮਦਰਦ ਨੇ 24 ਦੇ ਲਗ ਪਗ ਨਾਵਲ ਲਿਖੇ ਹਨ ਜਿਨ੍ਹਾਂ ਵਿੱਚੋਂ ਵਧੇਰੇ ਪ੍ਰਸਿਧ ਹਨ:—ਜੀਨਤ ਬਘੇਲ ਸਿੰਘ, ਸਟੇਲਾ ਬਹਾਦਰ ਸਿੰਘ, ਵਫ਼ਾਦਾਰੀ ਅਤੇ ਸੁਪਨਾ । ਹਮਦਰਦ ਦੇ ਬਹੁਤੇ ਨਾਵਲ ਇਤਿਹਾਸਕ ਹਨ ਅਤੇ ਕੁਝ ਸਮਾਜਿਕ ।

ਨਾਵਲ ਦੀ ਤਕਨੀਕ ਬਾਰੇ ਹਮਦਰਦ ਉਸ ਦੇ ਉਲਟ ਕਹਿਦਾ ਹੈ ਜੋ ਕੁਝ ਉਹ ਕਵਿਤਾ ਤੇ ਗਜ਼ਲ ਦੇ ਸਬੰਧ ਵਿਚ ਕਹਿੰਦਾ ਹੈ। ਕਵਿਤਾ ਵਿੱਚ ਉਹ ਤਕਨੀਕੀ ਨਿਪੁਨਤਾ ਨੂੰ ਜਿੰਨਾ ਵਧ ਜ਼ਰੂਰੀ ਸਮਝਦਾ ਹੈ, ਨਾਵਲ ਅਤੇ ਕਹਾਣੀ ਵਿੱਚ ਉਸ ਨੂੰ ਉਨ੍ਹਾਂ ਘੱਟ ਜ਼ਰੂਰੀ ਸਮਝਦਾ ਹੈ । ਉਹ ਕਹਿਦਾ ਹੈ ਕਿ ਜਿਹੜੀ ਕਹਾਣੀ ਦੀ ਸ਼ੈਲੀ ਜਾਂ ਜਿਹੜੀ ਨਾਵਲ ਤਕਨੀਕ ਆਪਣੇ ਕਥਾ ਵਸਤੂ ਨਾਲ ਆਪਣੇ ਪਾਠਕ ਨੂੰ ਧੂਹ ਪਾ ਲੈਂਦੀ ਹੈ ਸਫਲ ਹੈ ।


ਹਮਦਰਦ ਇਸ ਗੱਲ ਦਾ ਵੀ ਲਕੋ ਨਹੀਂ ਕਰਦਾ ਕਿ ਕਵੀ ਭਾਵੇਂ ਉਸ ਨੂੰ ਰੱਬ ਨੇ ਬਣਾਇਆ ਪਰ ਕਹਾਣੀਕਾਰ ਤੇ ਨਾਵਲਕਾਰ ਉਸ ਨੂੰ ਪੱਤਰਕਾਰੀ ਨੇ ਬਣਾਇਆ ਹੈ । ਉਹ ਕਹਿੰਦਾ ਹੈ ਕਿ ਕਹਾਣੀਆਂ ਅਤੇ ਨਾਵਲ ਉਸ ਨੇ ਲੜੀਵਾਰ ਅਖਬਾਰ ਵਿੱਚ ਇਸ ਲਈ ਲਿਖਣੇ ਸ਼ੁਰੂ ਕੀਤੇ ਕਿ ਉਸ ਦੇ ਅਖਬਾਰ ਦੇ ਪਾਠਕਾਂ ਦੀ ਗਿਣਤੀ ਵਧ ਜਾਵੇ । ਹਮਦਰਦ ਦਾ ਇਹ ਤਜਰਬਾ ਸਫਲ ਰਿਹਾ ਹੈ । ਸੱਚ ਹੈ ਕਿ ਹਮਦਰਦ ਦੀਆਂ ਕਹਾਣੀਆਂ ਅਤੇ ਨਾਵਲਾਂ ਨੇ ਅਖਬਾਰ ਦੇ ਪਾਠਕ ਵਧਾਏ ਪਰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਅਖਬਾਰ ਨੇ ਹੀ ਹਮਦਰਦ ਦੀਆਂ ਕਹਾਣੀਆਂ ਅਤੇ ਨਾਵਲਾਂ ਨੂੰ ਆਮ ਲੋਕਾਂ ਵਿੱਚ ਪ੍ਰਿਯ ਤੇ ਪ੍ਰਸਿੱਧ ਕੀਤਾ ।

ਹਮਦਰਦ ਇਹ ਗੱਲ ਵੀ ਠੀਕ ਕਹਿੰਦਾ ਹੈ ਕਿ ਮੰਨੇ ਪ੍ਰਮੰਨੇ ਆਲੋਚਕ ਅਤੇ ਸਾਹਿਤਕਾਰ ਨਵੇਂ ਲਿਖਣ ਵਾਲਿਆਂ ਦੀਆਂ ਰਚਨਾਵਾਂ ਬਹੁਤ ਘੱਟ ਪੜ੍ਹਦੇ ਹਨ । ਹਮਦਰਦ ਦੀਆਂ ਸਾਹਿਤਕ ਕਿਰਤਾਂ ਵਲ ਵੀ ਇਨਾਂ ਲੇਖਕਾਂ ਅਤੇ ਵਿਸ਼ੇਸ਼ ਕਰਕੇ ਆਲੋਚਕਾਂ ਨੇ ਬਹੁਤ ਦੇਰ ਤਕ ਧਿਆਨ ਨਾ ਦਿਤਾ ਪਰ ਜਦੋਂ ਉਸ ਦੀ "ਗਜਲ" ਪ੍ਰਕਾਸਤ ਹੋਈ ਅਤੇ ਉਸ ਨੂੰ ਪੁਰਸਕਾਰ ਮਿਲ ਗਿਆ ਤਾਂ ਹਮਦਰਦ ਨੂੰ ਪਜਾਬੀ ਦੇ ਕਵੀਆਂ ਵਿਚ ਗਿਣਿਆ ਜਾਣ ਲੱਗ ਪਿਆ। ਪਰ ਜਦੋਂ ਇਹ ਕਿਤਾਬ ਗਿਆਨੀ ਦੀ ਪ੍ਰੀਖਿਆ ਲਈ ਵੀ ਨਿਸ਼ਚਿਤ ਹੋ ਗਈ ਅਤੇ ਸਾਹਿੱਤ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਦਾ ਪਠਨ ਪਾਠਨ ਕਰਨਾ ਪਿਆ ਤਾਂ ਕਈ ਵਿਦਵਾਨਾਂ ਅਤੇ ਆਲੋਚਕਾਂ ਨੇ ਹਮਦਰਦ ਨੂੰ ਵਧਾਈ ਅਤੇ ਪ੍ਰਸੰਸਾ ਦੇ ਪੱਤਰ ਲਿਖਣੇ ਸ਼ੁਰੂ ਕਰ ਦਿੱਤੇ ।

ਕੋਈ 30 ਸਾਲ ਤੋਂ ਪੱਤਰਕਾਰੀ ਹਿਤ ਘਾਲਣਾ ਘਾਲਦੇ ਰਹਿਣ ਸਦਕਾ ਪੱਤਰਕਾਰ ਹਮਦਰਦ ਨੂੰ ਰਾਜ ਸਰਕਾਰ ਵਲੋਂ ਸਨਮਾਨਿਆ ਜਾ ਰਿਹਾ ਹੈ, ਪਰ ਸਮਝਣਾ ਚਾਹੀਦਾ ਹੈ ਕਿ ਇਸ ਸਨਮਾਨ ਵਿੱਚ ਸਾਹਿਤਕਾਰ ਹਮਦਰਦ ਦੀ ਘਾਲਣਾ ਦਾ ਹਿੱਸਾ ਕਿਸੇ ਤਰ੍ਹਾਂ ਵੀ ਘਟ ਨਹੀਂ । ੦ ੦



ਸਾਧੂ ਸਿੰਘ 'ਹਮਦਰਦ' ਦੱਖਣ ਦੇ ਦੌਰੇ ਸਮੇਂ ਉੜੀਸਾ ਗਏ ਤਾ ਉਥੋਂ ਦੀ ਨਵੀਂ ਰਾਜਧਾਨੀ ਭੁਵਨੇਸ਼ਵਰ ਦੇ ਇਕ ਪ੍ਰਸਿੱਧ ਮੰਦਰ ਵਿਚ ਗਏ । ਆਪ ਮੂਰਤੀ ਦੇ ਸਾਹਮਣੇ ਪੰਡਤ ਜੀ ਤੋਂ ਮੰਦਰ ਦੇ ਹਾਲਾਤ ਪੁੱਛ ਰਹੇ ਹਨ । ਪਾਸ ਸ੍ਰੀ ਯਸ਼ (ਮਿਲਾਪ, ਜਲੰਧਰ) ਅਤੇ ਸ੍ਰੀ ਜੀ. ਬੀ. ਐਸ. ਬਾਵਾ ਬੈਠੇ ਹਨ ।



ਸਾਧੂ ਸਿੰਘ 'ਹਮਦਰਦ' ਪ੍ਰਸਿਧ ਉਰਦੂ ਸ਼ਾਇਰ ਲਸਾਨ-ਉਲ-ਇਅਜਾਜ਼ ਪੰਡਤ ਮੇਲਾ ਰਾਮ
'ਵਫ਼ਾ' ਅਤੇ ਜਨਾਬ ਹਮਾ 'ਹਰਨਾਲਵੀ' ਸੰਗ

ਸਾਧੂ ਸਿੰਘ ਹਮਦਰਦ ਦੀ ਸ਼ਾਇਰੀ

ਮੇਲਾ ਰਾਮ ਵਫ਼ਾ

ਉਰਦੂ ਸ਼ਾਇਰੀ ਵਿੱਚ ਗਜ਼ਲ ਦਾ ਸਥਾਨ ਬਹੁਤ ਉੱਚਾ ਹੈ। ਇਹ ਆਖਣਾ ਸ਼ਾਇਦ ਵਧੇਰੇ ਠੀਕ ਹੋਵੇਗਾ ਕਿ ਜੋ ਸਥਾਨ ਉਸਨੂੰ ਪਰਾਪਤ ਹੈ, ਕਵਿਤਾ ਦੇ ਕਿਸੇ ਹੋਰ ਰੂਪ ਨੂੰ ਨਹੀਂ । ਉਰਦੂ ਦੇ ਸ਼ਾਇਰਾਂ ਦੀ ਚੋਖੀ ਗਿਣਤੀ ਨੇ ਕਵਿਤਾ ਦੇ ਹੋਰ ਰੂਪਾਂ ਵਿੱਚ ਵੀ ਆਪਣੇ ਮਨੋਂ ਤਰੰਗਾਂ ਦੇ ਜੌਹਰ ਵਿਖਾਏ । ਮੀਰ ਅਨੀਸ ਤੇ ਮਿਰਜ਼ਾ ਦਬੀਰ ਦੇ ਮਰਸੀਏ ਅਤੇ ਮੀਰ ਹਸਨ ਤੇ ਪੰਡਤ ਦਇਆ ਸ਼ੰਕਰ ਨਸੀਮ ਦੀਆਂ ਮਸਨਵੀਆਂ ਬਿਨਾ ਕਿਸੇ ਸ਼ੱਕ ਦੇ ਉਨ੍ਹੀਵੀਂ ਸਦੀ ਤਕ ਦੀ ਉਰਦੂ ਸ਼ਾਇਰੀ ਦਾ ਅਣਮੋਲ ਖਜ਼ਾਨਾ ਹਨ । ਪਰ ਇਨ੍ਹਾਂ ਕੁਝ ਗਿਣਵੀਆਂ ਉਘੀਆਂ ਪ੍ਰਾਪਤੀਆਂ ਨੂੰ ਲਾਂਭੇ ਰਖਦੇ ਹੋਏ ਸਰਬ-ਪੱਖੀ ਪਰਵਾਨਗੀ ਦਾ ਸਿਹਰਾ ਗਜ਼ਲ ਦੇ ਸਿਰ ਹੀ ਰਿਹਾ ਹੈ। ਸ਼ਾਇਰੀ ਵਿੱਚ ਕਿਸ ਦੀ ਕੀ ਥਾਂ ਹੈ, ਇਸ ਦੀ ਘਸਵੱਟੀ ਵੀ ਗਜ਼ਲ ਹੀ ਮਿਥੀ ਜਾਂਦੀ ਰਹੀ ਹੈ ।

ਵੀਹਵੀਂ ਸਦੀ ਦੇ ਆਰੰਭ ਤੋਂ ਕਈ ਸਾਲ ਪਹਿਲਾਂ ਕਵਿਤਾ ਨੂੰ ਗਜ਼ਲ ਦੇ ਘੇਰੇ ਤੋਂ ਬਾਹਰ ਲਿਆਉਣ ਤੇ ਕਾਵਿ-ਮਈ ਗੁਣਾਂ ਨੂੰ ਦੇਸ਼ ਤੇ ਕੌਮ ਦੇ ਸੁਧਾਰ ਤੇ ਉੱਨਤੀ ਵਲ ਵਧੇਰੇ ਧਿਆਨ ਦੇਣ ਦੀ ਲਹਿਰ ਸ਼ੁਰੂ ਹੋਈ । ਖਵਾਜ਼ਾ ਅਲਤਾਫ ਹੁਸੈਨ "ਹਾਲੀ" ਤੇ ਸ਼ਮਸ-ਉਲ-ਉਲਮਾ ਮੌਲਵੀ ਮੁਹੱਮਦ ਹੁਸੈਨ 'ਅਜ਼ਾਦ' ਇਸ ਲਹਿਰ ਦੇ ਝੰਡੇ ਬਰਦਾਰਾਂ ਵਿਚ ਅਗੇ ਅਗੇ ਸਨ । 'ਹਾਲੀ' ਦੀ ਉਘੀ ਰਚਨਾ 'ਮਦੋ-ਜਜ਼ਰੇ ਇਸ-ਲਾਮ' ਜਿਹੜੀ ਕਿ 'ਮੁਸਦੱਸੇ ਹਾਲੀ' ਦੇ ਨਾਉਂ ਨਾਲ ਨਾਲ ਪ੍ਰਸਿੱਧ ਹੋਈ ਅਤੇ 'ਮੁਨਾਜ਼ਰਾਏ ਰਹਿਮੋ ਇਨਸਾਫ', 'ਬਰਖਾ ਰੁੱਤ', 'ਹੁਬੇ-ਵਤਨ' ਆਦਿ ਕਈ ਕਵਿਤਾਵਾਂ ਅਤੇ ਅਜ਼ਾਦ ਦੀਆਂ ਕਵਿਤਾਵਾਂ ਦਾ ਸੰਗ੍ਰਿਹ 'ਨਜ਼ਮੇ' ਅਜ਼ਾਦ ਇਸੇ ਲਹਿਰ ਦੀਆਂ ਕਵਿਤਾਈਆਂ ਹੋਈਆਂ ਯਾਦਗਾਰਾਂ ਹਨ ।

ਮੌਲਾਨਾ ਇਸਮਾਈਲ ਮੇਰਠੀ ਨੇ ਵੀ 'ਹਾਲੀ' ਤੇ 'ਆਜ਼ਾਦ' ਦਾ ਹੱਥ ਵਟਾਇਆ ਤੇ ਬਚਿਆਂ ਲਈ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ । ਇਸ ਲਹਿਰ ਨੂੰ ਸਰਕਾਰ ਦੀ ਸਰਪਰਸਤੀ ਵੀ ਪ੍ਰਾਪਤ ਸੀ ਅਤੇ ਨੈਚਰਲ ਸ਼ਾਇਰੀ ਅਥਵਾ ਕੁਦਰਤ ਦੇ ਨਜ਼ਾਰਿਆਂ ਦੀ ਤਸਵੀਰ-ਕਸ਼ੀ ਵੀ ਇਸੇ ਲਹਿਰ ਦਾ ਹਿੱਸਾ ਸੀ । ਅਕਬਰ ਇਲਾਹਬਾਦੀ ਵੀ ਇਸੇ ਦੌਰ ਦੇ ਪ੍ਰਸਿੱਧ ਕਵੀਆਂ ਵਿੱਚੋਂ ਸਨ ।

ਉਹਨਾਂ ਨੇ ਇਸ ਲਹਿਰ ਨਾਲ ਸਰਗਰਮ ਸੰਬੰਧ ਤਾਂ ਪੈਦਾ ਨਾ ਕੀਤੇ ਪਰ ਵਿਅੰਗ ਤੇ ਹਾਸਰਸ ਨੂੰ ਆਪਣੀ ਸੋਚ ਉਡਾਰੀ ਦਾ ਉਚੇਚਾ ਵਿਸ਼ਾ ਬਣਾ ਕੇ ਵਿੰਗੇ ਢੰਗ ਨਾਲ ਇਸ ਨੂੰ ਤਕੜਿਆਂ ਕੀਤਾ । ਪਰ ਉਹਨਾ ਨੇ ਗਜ਼ਲ ਦਾ ਪੱਲਾ ਵੀ ਹੱਥੋਂ ਨਾ ਛੱਡਿਆ। ਇਸ ਵਿੱਚ ਸ਼ੱਕ ਨਹੀਂ ਕਿ ਇਹਨਾਂ ਦੇ ਵਿਅੰਗ ਮਈ ਤੇ ਹਾਸਰਸ ਵਾਲੇ ਕਲਾਮ ਨੂੰ ਸਭਨਾਂ ਲੋਕਾਂ ਵਿੱਚ ਅਸਾਧਾਰਣ ਪ੍ਰਵਾਨਗੀ ਪ੍ਰਾਪਤ ਹੋਈ, ਪਰ ਉਹਨਾਂ ਦੀ ਗ਼ਜ਼ਲ ਦਾ ਮਿਆਰ ਵੀ ਕੋਈ ਘੱਟ ਉੱਚਾ ਨਹੀਂ ।

'ਹਾਲੀ' ਨੇ ਗਜ਼ਲ ਆਖਣੀ ਲਗਭਗ ਛੱਡ ਦਿੱਤੀ, ਪਰ ਇਸ ਤੋਂ ਪਹਿਲਾਂ ਜਿਹੜੀਆਂ ਗ਼ਜ਼ਲਾਂ ਉਹ ਰਚ ਚੁਕੇ ਸਨ ਉਹਨਾਂ ਦਾ ਮਿਆਰ ਉਹਨਾਂ ਦੀ ਸੁਧਾਰਕ ਤੇ ਕੌਮੀ ਸ਼ਾਇਰੀ ਅਤੇ ਨੇਚਰਲ ਕਵਿਤਾਵਾਂ ਨਾਲੋਂ ਕਿਤੇ ਉੱਚਾ ਹੈ । 'ਮੁਸੱਦਸੇ ਹਾਲੀ' ਉਹਨਾਂ ਦੀ ਪ੍ਰਸਿਧੀ ਵਿੱਚ ਵੱਡਾ ਵਾਧਾ ਕਰਨ ਵਾਲੀ ਸਾਬਤ ਹੋਈ ਪਰ ਇਹ ਅਸਰਦਾਰ ਬਿਆਨ ਤੇ ਜ਼ੋਰਦਾਰ ਕਲਾਮ ਦੇ ਉਹਨਾਂ ਦੁਰਲਭ ਨਮੂਨਿਆਂ ਤੋਂ ਵੱਡੀ ਹਦ ਤਕ ਵਿਰਵੀ ਹੈ ਜਿਹੜੇ ਉਹਨਾਂ ਦੀ ਗ਼ਜ਼ਲ ਵਿੱਚ ਵੱਡੀ ਗਿਣਤੀ ਵਿੱਚ ਮਿਲਦੇ ਹਨ । ਵਿਸ਼ਾਲਤਾ ਤੇ ਵਿਰਾਟਤਾ ਦਾ ਜੋ ਮਿਆਰ ਉਹਨਾਂ ਨੇ ਵਿਦਵਤਾ ਭਰੀ ਰਚਨਾ 'ਮੁਕਦਮਾ ਸ਼ੇਅਰੋ ਸ਼ਾਇਰੀ' ਵਿੱਚ ਪੇਸ਼ ਕੀਤਾ ਹੈ ਉਸਦਾ ਸਹੀ ਦਰਪਨ ਉਹਨਾਂ ਦੀਆਂ ਗ਼ਜ਼ਲਾਂ ਹੀ ਹਨ । ਮੁਸਦੱਸ ਤੇ ਨੇਚਰਲ ਗ਼ਜ਼ਲਾਂ ਨਹੀਂ ।

'ਹਾਲੀ', 'ਆਜ਼ਾਦ' ਤੇ 'ਅਕਬਰ' ਦੀ ਜ਼ਿੰਦਗੀ ਵਿੱਚ ਹੀ ਸਰ ਮੁਹੰਮਦ 'ਇਕਬਾਲ' ਪੰਡਿਤ ਬ੍ਰਿਜ ਨਰਾਇਨ 'ਚਕਬਸਤ', ਮੁਨਸ਼ੀ ਦੁਰਗਾ ਸਹਾਏ, ਸਰੂਰ ਜਹਾਨਾਬਾਦੀ, ਮੁਨਸ਼ੀ ਤ੍ਰਲੋਕ ਚੰਦ ਮਹਿਰੂਮ ਅਤੇ ਹੋਰ ਬਹੁਤ ਸਾਰੇ ਕਵਿਤਾ ਕਹਿਣ ਵਾਲਿਆਂ ਨੇ ਰਾਜਸੀ ਤੇ ਕੌਮੀ ਸ਼ਾਇਰੀ ਦੇ ਖੇਤਰ ਵਿੱਚ ਵਿਸ਼ਾਲਤਾ ਤੇ ਵਿਰਾਟਤਾ ਵਿੱਚ ਪ੍ਰਸਿਧੀ ਪ੍ਰਾਪਤ ਕੀਤੀ, ਪਰ ਸਰੂਰ ਜਹਾਨਾਬਾਦੀ ਅਤੇ ਇਕ ਅੱਧੇ ਹੋਰ ਸ਼ਾਇਰ ਤੋਂ ਬਿਨਾ ਕਿਸੇ ਨੇ ਵੀ ਗ਼ਜ਼ਲ ਵਲੋਂ ਮੂੰਹ ਨਾ ਮੋੜਿਆ । ਭਾਵੇਂ 'ਇਕਬਾਲ' ਦੀਆਂ ਗ਼ਜ਼ਲਾਂ ਵਿੱਚ ਹੁਸਨ ਇਸ਼ਕ ਤੋਂ ਛੁੱਟ ਸੂਫੀ-ਪੁਣੇ, ਫਲਸਫਾਈ ਸਿਆਸਤ ਤੇ ਕੌਮੀਅਤ ਦੇ ਵਿਸ਼ੇ ਵੀ ਬਹੁਤ ਹਨ, ਪਰ ਬਿਆਨ ਦਾ ਲਹਿਜ਼ਾ ਕਿਤੇ ਵੀ ਗ਼ਜ਼ਲ ਦੇ ਰੰਗ ਤੋਂ ਕੋਰਾ ਨਹੀਂ । ਸੂਫੀਪੁਣੇ ਤੇ ਫਲਸਫੇ ਵਿਸ਼ਿਆਂ ਦੇ ਨਾਲ ਨਾਲ ਹੋਰ ਕਾਵਿਮਈ ਰੰਗ ਦੀਆਂ ਗ਼ਜ਼ਲਾਂ ਵੀ ਭਰੀਆਂ ਪਈਆਂ ਹਨ । ਪਰ ਗ਼ਾਲਿਬ ਨੇ ਇਹਨਾਂ ਵਿਸ਼ਿਆਂ ਲਈ ਬਿਆਨ ਦਾ ਨਵਾਂ ਢੰਗ ਅਪਨਾਇਆ ਹੈ। 'ਇਕਬਾਲ' ਨੂੰ ਇਸ ਖੇਤਰ ਵਿੱਚ ਗ਼ਾਲਿਬ ਦਾ ਸਫ਼ਲ ਚੇਲਾ ਆਖਿਆ ਜਾ ਸਕਦਾ ਹੈ। ਗ਼ਜ਼ਲ ਵਿੱਚ ਸਿਆਸਤ ਤੇ ਕੌਮੀਅਤ ਦੇਸ਼ ਦੀ ਆਜ਼ਾਦੀ ਦੀ ਲਹਿਰ ਦੇ ਅਸਰ ਹੇਠ ਦਾਖਲ ਹੋਈ । 'ਇਕਬਾਲ' ਵਾਂਗ 'ਮਹਿਰੂਮ', 'ਚਕਬਸਤ' ਤੇ ਦੂਜੇ ਨਜ਼ਮ ਲਿਖਣ ਵਾਲੇ ਸ਼ਾਇਰ ਵੀ ਏਸੇ ਰੰਗ ਵਿੱਚ ਢਲ ਗਏ ।

ਸੰਖੇਪ ਵਿੱਚ ਇਹ ਕਿ ਜਿਸ ਮੰਤਵ ਨੂੰ ਲੈ ਕੇ ਸ਼ਾਇਰਾਂ ਵਿੱਚ ਗ਼ਜ਼ਲ ਗੋਈ ਦਾ ਭੁਕਾ ਖਤਮ ਕਰਨ ਦੀ ਲਹਿਰ ਅਰੰਭ ਹੋਈ ਸੀ, ਉਸ

ਉੱਤੇ ਵੀ ਵੱਡੀ ਹੱਦ ਤਕ ਗ਼ਜ਼ਲ ਭਾਰੂ ਹੋ ਗਈ ਸੀ ਤੇ ਉਹ ਸਗੋਂ ਕਵਿਤਾ ਕਹਿਣ ਦੀਆਂ ਦੂਜੀਆਂ ਸਿਨਫ਼ਾਂ (ਵੰਨਗੀਆਂ) ਨਾਲੋਂ ਇਹ ਕੰਮ ਵਧੇਰੇ ਚੰਗੀ ਤਰਾਂ ਪੂਰਾ ਕਰ ਰਹੀ ਹੈ। ਦੂਸਰੀਆਂ ਸਿਨਫ਼ਾਂ ਉੱਤੇ ਗ਼ਜ਼ਲ ਦੀ ਵਡਿੱਤਣ ਦਾ ਇਕ ਕਾਰਨ ਇਹ ਹੈ ਕਿ ਗ਼ਜ਼ਲ ਦਾ ਹਰ ਸੇਅਰ ਆਪਣੇ ਆਪ ਵਿੱਚ ਇਕ ਪੂਰਾ ਵਿਸ਼ਾ ਹੁੰਦਾ ਹੈ। ਇਸ ਤਰਾਂ ਇਕ ਇਕ ਗ਼ਜ਼ਲ ਵਿੱਚ ਕਈ ਕਈ ਵਿਸ਼ੇ ਬੜੇ ਅਸਰ-ਦਾਇਕ ਢੰਗ ਨਾਲ ਬਿਆਨ ਹੋ ਜਾਂਦੇ ਹਨ। ਕਈ ਸ਼ਾਇਰਾਂ ਨੇ ਸਿਲਸਿਲੇ ਬੰਦ ਗ਼ਜ਼ਲਾਂ ਵੀ ਰਚੀਆਂ ਹਨ। ਸਿਲਸਿਲੇ ਬੰਦ ਗ਼ਜ਼ਲ ਇਕ ਹੀ ਵਿਸ਼ੇ ਉੱਤੇ ਅਧਾਰਤ ਹੁੰਦੀ ਹੈ ਤੇ ਇਸਦਾ ਹਰ ਸ਼ੇਅਰ ਉਸ ਤੋਂ ਪਹਿਲੇ ਸ਼ੇਅਰ ਨਾਲ ਬਝਾ ਹੁੰਦਾ ਹੈ। ਪਰ ਅਜਿਹੀਆਂ ਗ਼ਜ਼ਲਾਂ ਉਸ ਪ੍ਰਸਿਧੀ ਤੋਂ ਵਿਰਵੀਆਂ ਜਿਹੜੀ ਰਵਾਜੀ ਗ਼ਜ਼ਲ ਦੇ ਹਿੱਸੇ ਆਈ ਹੈ, ਇਸ ਲਈ ਸ਼ਾਇਰੀ ਦੇ ਬਾਜ਼ਾਰ ਵਿੱਚ ਇਹ ਪ੍ਰਚਲਿਤ ਨਹੀਂ ਹੋ ਸਕੀਆਂ।

ਉਨੀਵੀਂ ਸਦੀ ਦੇ ਆਖ਼ਰੀ ਦੌਰ ਜਾਂ ਦੂਜੇ ਸ਼ਬਦਾਂ ਵਿੱਚ ਉਰਦੂ ਸ਼ਾਇਰੀ ਦੀ ਇਸਲਾਹੀ ਦੌਰ ਵਿੱਚ ਵਿਦਿਅਕ ਮਹਿਕਮਾ ਵੱਲੋਂ ਉਰਦੂ ਦੀਆਂ ਜਿਹੜੀਆਂ ਪਾਠ-ਪੁਸਤਕਾਂ ਪ੍ਰਕਾਸ਼ਿਤ ਹੋਈਆਂ ਉਹਨਾਂ ਵਿੱਚ ਕਵਿਤਾ ਦਾ ਹਿੱਸਾ ਵਧੇਰੇ ਕਰਕੇ 'ਹਾਲੀ' 'ਆਜ਼ਾਦ', 'ਇਸਮਾਈਲ' 'ਮੇਰਠੀ' ਤੇ ਹੋਰ ਨਜ਼ਮ ਕਹਿਣ ਵਾਲੇ ਸ਼ਾਇਰਾ ਦੀਆਂ ਰਚਨਾਵਾਂ ਜਾਂ ਮੀਰ ਤਕੀ, ਸੌਦਾਅ, ਇਨਸ਼ਾਅ, ਆਤਿਸ਼, ਮੋਮਨ, ਗ਼ਾਲਿਬ ਤੇ ਜ਼ੌਕ ਆਦਿ ਬੀਤੇ ਤੇ ਸ਼ਾਇਰਾਂ ਦੇ ਇਖਲਾਕੀ ਸ਼ੇਅਰਾਂ ਉੱਤੇ ਆਧਾਰਤ ਸੀ। ਹਾਲੀ ਤੇ ਅਜ਼ਾਦ ਦੇ ਗ਼ਜ਼ਲਗੋ ਸਮਕਾਲੀ ਦਾਗ਼, ਅਮੀਰ ਮੀਨਾਈ, ਜਲਾਲ, ਸਾਲਿਕ, ਮਜਰੂਹ, ਅਨਵਰ ਤੇ ਜ਼ਹੀਰ ਵਗੈਰਾ ਇਸ ਵਿੱਚ ਕਿਤੇ ਨਜ਼ਰ ਨਹੀਂ ਸੀ ਆਉਂਦੇ। ਪਰ ਇਸ ਬਲੈਕ ਆਊਟ ਦੇ ਬਾਵਜੂਦ ਉਰਦੂ ਸ਼ਾਇਰੀ ਦੀ ਦੁਨੀਆਂ ਵਿੱਚ ਜੋ ਨਾਮ ਇਹਨਾਂ ਸਮਕਾਲੀਆ, ਖਾਸ ਕਰ ਦਾਗ਼ ਤੇ ਅਮੀਰ ਮੀਨਾਈ ਨੇ ਖੱਟਿਆ ਉਹ ਹਾਲੀ, ਆਜ਼ਾਦ ਤੇ ਉਹਨਾਂ ਦੇ ਨਜ਼ਮਗੋ ਸਾਥੀਆਂ ਨੂੰ ਨਸੀਬ ਨਾ ਹੋਇਆ। ਮਿਰਜ਼ਾ ਗ਼ਾਲਿਬ ਨੂੰ ਹਾਲੀ ਉੱਤੇ ਬੜਾ ਮਾਣ ਸੀ। ਉਹ ਉਹਨਾਂ ਨੂੰ ਸਭ ਤੋਂ ਲਾਇਕ ਸ਼ਗਿਰਦਾਂ ਵਿੱਚੋਂ ਗਿਣਦੇ ਸਨ। ਹਾਲੀ ਦਾ ਗਾਲਿਬ ਉੱਤੇ ਲਿਖਿਆ ਹੋਇਆ ਮਰਸੀਆ ਉਰਦੂ ਸ਼ਾਇਰੀ ਵਿਚ ਮਹਾਨ ਕਿਰਤ ਦੀ ਹੈਸੀਅਤ ਰਖਦਾ ਹੈ। ਪਰ ਮੁਸ਼ਕਲ ਇਹ ਹੋਈ ਕਿ ਉਹ ਸਰ ਸਯਦ ਦੇ ਅਸਰ ਵਿੱਚ ਆ ਕੇ ਉਪਦੇਸ਼ਕ ਬਣ ਗਏ। ਇਕ ਵੇਲਾ ਉਹ ਸੀ ਜਦੋਂ ਉਹਨਾਂ ਨੇ ਦਿੱਲੀ ਦੇ ਇਕ ਯਾਦਗਾਰੀ ਮੁਸ਼ਾਇਰੇ ਵਿੱਚ ਦਾਗ਼ ਤੇ ਮਜਰੂਹ ਦੀ ਸਰਾਹਨਾ ਕਰਦੇ ਹੋਏ ਕਿਹਾ ਸੀ :

ਦਾਗ਼ੋ ਮਜਰੂਹ ਕੋ ਸੁਨ ਲੋ ਕਿ ਫਿਰ ਇਸ ਗੁਲਸ਼ਨਮੇ
ਨਾ ਸੁਨੇਗਾ ਕੋਈ ਬੁਲਬੁਲ ਕਾ ਤਰਾਨਾ ਹਰਗਿਜ਼।

ਫਿਰ ਇਕ ਵੇਲਾ ਉਹ ਆਇਆ ਜਦੋਂ ਦਾਗ਼ ਤੇ ਮਜਰੂਹ ਦੇ ਅੰਦਾਜ਼ ਦੇ ਵਿੱਚ ਗ਼ਜ਼ਲ ਰਚਨ ਵਾਲੇ ਸਾਇਰਾਂ ਨੂੰ ਹਿਕਾਰਤ ਤੇ ਨਫ਼ਰਤ ਦਾ ਨਿਸ਼ਾਨਾ ਬਣਾਉਂਦੇ ਹੋਏ ਕਿਹਾ :

ਜਹਨਮ ਕੋ ਭਰ ਦੇਂਗੇ ਸ਼ਾਇਰ ਹਮਾਰੇ।

ਪਰ ਗ਼ਜ਼ਲ ਦੀ ਸੰਰਬ-ਪਰਵਾਨਤ ਹਰਮਨ-ਪਿਆਰਤਾ ਉੱਤੇ ਨਾ ਹਾਲੀ ਦੀਆਂ ਚੋਟਾਂ ਅਸਰ ਪਾ ਸਕੀਆਂ ਤੇ ਨਾ ਸਰ ਸਯਦ ਦੀ ਸੁਧਾਰਕ ਲਹਿਰ ਤੋਂ ਇਸ ਹਰਮਨ ਪਿਆਰਤਾ ਵਿੱਚ ਕੋਈ ਫਰਕ ਆਇਆ ਸਗੋਂ ਇਸ ਦਾ ਘੇਰਾ ਸੁੰਗੜਨ ਦੀ ਥਾਂ ਫੈਲਦਾ ਤੇ ਵਿਸ਼ਾਲ ਤੋਂ ਵਿਸ਼ਾਲ ਹੁੰਦਾ ਗਿਆ। ਮੁਸ਼ਾਇਰਿਆਂ ਵਿੱਚ ਆਮ ਤੌਰ ਤੇ ਗ਼ਜ਼ਲਾਂ ਹੀ ਪੜ੍ਹੀਆਂ ਜਾਂਦੀਆਂ ਹਨ ਅਤੇ ਧਿਆਨ ਤੇ ਦਿਲਚਸਪੀ ਨਾਲ ਸੁਣੀਆਂ ਜਾਂਦੀਆਂ ਹਨ। ਇਥੋਂ ਤਕ ਕਿ ਸਮਾਜੀ, ਕੌਮੀ ਤੇ ਰਾਜਸੀ ਸਮਾਗਮਾਂ ਵਿੱਚ ਜਾਂ ਉੱਨਤੀ ਦੀਆਂ ਪਲਾਨਾਂ ਦੇ ਪੰਜਾਬ ਵਿੱਚ ਜਿਹੜੇ ਮੁਸ਼ਾਇਰੇ ਕੀਤੇ ਜਾਂਦੇ ਹਨ ਉਹਨਾਂ ਦੀ ਕਾਰਵਾਈ ਦੇ ਆਰੰਭ ਵਿੱਚ ਹੀ ਪ੍ਰਬੰਧਕਾਂ ਨੂੰ ਇਹ ਐਲਾਨ ਕਰਨਾ ਪੈਂਦਾ ਹੈ ਕਿ ਦੂਜੇ ਦੌਰ ਵਿੱਚ ਗ਼ਜ਼ਲਾਂ ਹੋਣਗੀਆਂ। ਆਖਣ ਦੀ ਲੋੜ ਨਹੀਂ ਕਿ ਇਸ ਕਿਸਮ ਦੇ ਐਲਾਨ ਇਕ ਤਰ੍ਹਾਂ ਦੀ ਵੱਢੀ ਹੁੰਦੇ ਹਨ ਜਿਹੜੀ ਸੁਣਨ ਵਾਲਿਆਂ ਨੂੰ ਮੁਸ਼ਾਇਰੇ ਵਿੱਚ ਬੈਠੇ ਰਹਿਣ ਲਈ ਪੇਸ਼ ਕੀਤੀ ਜਾਂਦੀ ਹੈ।

ਗ਼ਜ਼ਲ ਦੀ ਦਿਨੋਂ ਦਿਨ ਵਧ ਰਹੀ ਲੋਕ ਪ੍ਰਿਯਤਾ ਦੀ ਵਿਸ਼ਾਲਤਾ ਦਾ ਅਨੁਮਾਨ ਇਸ ਗੱਲ ਤੋਂ ਲਗ ਸਕਦਾ ਹੈ ਕਿ ਉਰਦੂ ਦੀਆਂ ਗਜ਼ਲਾਂ ਹਿੰਦੀ ਦੇ ਅਖਬਾਰਾਂ ਅਤੇ ਰਸਾਲਿਆਂ ਵਿੱਚ ਵੀ ਚੋਖੀ ਮਾਤਰਾ ਵਿਚ ਛਪ ਰਹੀਆਂ ਹਨ ਅਤੇ ਬੜੀ ਰੀਝ ਨਾਲ ਪੜ੍ਹੀਆਂ ਜਾਂਦੀਆਂ ਹਨ। ਕੇਵਲ ਏਨਾ ਹੀ ਨਹੀਂ ਸਗੋਂ ਉਰਦੂ ਸ਼ਾਇਰਾਂ ਦੀਆਂ ਗਜ਼ਲਾਂ ਦੇਵ ਨਾਗਰੀ ਵਿੱਚ ਛਪਕੇ ਕਿਤਾਬੀ ਰੂਪ ਵਿੱਚ ਬੁਕਸਟਾਲਾਂ ਦਾ ਸ਼ਿੰਗਾਰ ਬਣਦੀਆਂ ਹਨ ਅਤੇ ਹੱਥੋ ਹੱਥ ਵਿਕ ਜਾਂਦੀਆਂ ਹਨ। ਇਸ ਸਥਿਤੀ ਦਾ ਅਸਰ ਹਿੰਦੀ ਕਵੀਆਂ ਉੱਤੇ ਵੀ ਹੁੰਦਾ ਹੈ। ਹਿੰਦੀ ਵਿੱਚ ਅਜਿਹੇ ਕਵੀਆਂ ਦੀ ਘਾਟ ਨਹੀਂ ਜਿਹੜੇ ਉਰਦੂ ਬਹਿਰਾਂ ਵਿੱਚ ਗਜ਼ਲਾਂ ਲਿਖਣਾ ਮਾਣ ਸਮਝਦੇ ਹਨ।

ਪੰਜਾਬੀ ਦੇ ਕਵੀਆਂ ਵਿੱਚ ਗਜ਼ਲ ਲਿਖਣ ਦੀ ਰੁਚੀ ਹਿੰਦੀ ਤੋਂ ਵੀ ਪਹਿਲਾਂ ਉਤਪੰਨ ਹੋ ਗਈ ਸੀ। ਦੇਸ਼ ਦੀ ਵੰਡ ਤੋਂ ਪਿੱਛੋਂ ਇਸ ਰੁਚੀ ਨੇ ਅਸਾਧਾਰਨ ਤੌਰ ਤੇ ਪ੍ਰਗਤੀ ਕੀਤੀ ਹੈ। ਅੱਜ ਦੇ ਸਮੇਂ ਦੇ ਪੰਜਾਬੀ ਦੇ ਵਰਨਣ ਯੋਗ ਕਵੀਆਂ ਵਿੱਚ ਸ਼ਾਇਦ ਹੀ ਕੋਈ ਕਵੀ ਹੋਵੇ ਜਿਹੜਾ ਉਰਦੂ ਦੀਆਂ ਆਮ ਪ੍ਰਚਲਤ ਬਹਿਰ ਵਿੱਚ ਗਜ਼ਲ ਨਾ ਕਹਿੰਦਾ ਹੋਵੇ। ਹੋਰ ਤਾਂ ਹੋਰ ਪੰਜਾਬੀ ਦੇ ਸਾਧਾਰਨ ਤੋਂ ਸਾਧਾਰਨ ਕਵੀ ਵੀ ਇਸ ਸਿਨਫ਼ (ਕਾਵਿ ਰੂਪ) ਵਿੱਚ ਸ਼ੌਕ ਨਾਲ ਰਚਨਾ ਕਰਦੇ ਹਨ।

ਪੰਜਾਬੀ ਦੇ ਗਜ਼ਲ ਲਿਖਣ ਵਾਲੇ ਕਵੀ ਹਿੰਦੀ ਦੇ ਗਜ਼ਲ ਲਿਖਣ ਵਾਲੇ ਕਵੀਆਂ ਨਾਲੋਂ ਨਾ ਕੇਵਲ ਗਿਣਤੀ ਵਿੱਚ ਹੀ ਵਧ ਹਨ ਸਗੋਂ ਸਫਲਤਾ ਦੀਆਂ ਮੰਜ਼ਲਾਂ ਮਾਰਨ ਵਿੱਚ ਵੀ ਉਨ੍ਹਾਂ ਤੋਂ ਬਹੁਤੇ ਅੱਗੇ ਹਨ। ਇਸ ਦਾ ਵੱਡਾ ਕਾਰਨ ਸ਼ਾਇਦ ਇਹ ਹੈ ਕਿ ਜਿੱਥੋਂ ਤਕ ਸਾਂਝੀ ਸ਼ਬਦਾਵਲੀ ਦਾ ਸਬੰਧ ਹੈ ਉਰਦੂ ਨਾਲ ਹਿੰਦੀ ਦੀ ਸਮਰੂਪਤਾ ਇਨੀ ਡੂੰਘੀ ਨਹੀਂ ਜਿੰਨੀ ਪੰਜਾਬੀ ਦੀ ਹੈ। ਕਿਉਂਕਿ ਪੰਜਾਬੀ ਉੱਤੇ ਫਾਰਸੀ ਦਾ ਭਾਰੀ ਪ੍ਰਭਾਵ ਹੈ। ਇਸ ਸਬੰਧ ਵਿੱਚ ਇਹ ਦਸਣਾ ਵੀ ਬੇਲੋੜਾ ਪ੍ਰਤੀਤ ਨਹੀਂ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਵੀ ਸਰਕਾਰੀ ਤੇ ਦਰਬਾਰੀ ਭਾਸ਼ਾ ਫ਼ਾਰਸੀ ਹੀ ਸੀ।

ਉਰਦੂ ਕਾਵਿ ਦੇ ਪੁਰਾਤਨ ਕਵੀਆਂ ਦੀਆਂ ਰਚਨਾਵਾਂ ਅਜਿਹੇ ਉਦਾਹਰਣਾਂ ਤੋਂ ਖਾਲੀ ਨਹੀਂ ਜਿੰਨਾਂ ਤੋਂ ਪੰਜਾਬੀ ਤੇ ਉਰਦੂ ਦੀ ਨਿਕਟ ਸਮਰੂਪਤਾ ਸਿੱਧ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਉਰਦੂ ਦੀ ਇਕ ਪ੍ਰਸਿੱਧ ਗਜ਼ਲ ਦਾ ਮਤਲਾ (ਪਹਿਲਾ ਸ਼ੇਅਰ) ਹੈ:

"ਵੁਹ ਸੂਰਤੇ ਇਲਾਹੀ ਕਿਸ ਦੇਸ਼ ਬਸਤੀਆਂ ਹੈਂ
ਅਬ ਜਿਨਕੇ ਦੇਖਨੇ ਕੋ ਆਖੇਂ ਤਰਸਤੀਆਂ ਹੈਂ।"

ਇਸ ਸ਼ੇਅਰ ਵਿਚ "ਬਸਤੀ ਹੈਂ" ਦੀ ਥਾਂ "ਬਸਤੀਆਂ ਹੈਂ" ਅਤੇ "ਤਰਸਤੀ ਹੈਂ" ਦੀ ਥਾਂ "ਤਰਸਤੀਆ ਹੈਂ" ਆਇਆ ਹੈ। ਥੋੜੀ ਜਿਹੀ ਅਦਲਾ ਬਦਲੀ ਨਾਲ ਇਸ ਸ਼ੇਅਰ ਨੂੰ ਸੁਧ ਪੰਜਾਬੀ ਸ਼ੇਅਰ ਬਣਾਇਆ ਜਾ ਸਕਦਾ ਹੈ, ਜਿਵੇਂ—

"ਉਹ ਸੂਰਤਾਂ ਇਲਾਹੀ ਕਿਸੇ ਦੇਸ਼ ਵਸਦੀਆਂ ਨੇ
ਦੇਖਣ ਲਈ ਜਿਨ੍ਹਾਂ ਨੂੰ ਅੱਖਾਂ ਤਰਸਦੀਆਂ ਨੇ

ਸਾਰੀ ਗਜ਼ਲ ਵਿੱਚ ਸਾਰੇ ਦੇ ਸਾਰੇ ਧਾਤੂ ਕਾਫ਼ੀਏ (ਤੁਕਾਂਤ) ਇਸੇ ਢੰਗ ਨਾਲ ਆਏ ਹਨ ਜਿਵੇਂ: "ਅਵਾਜ਼ੇ ਕਸਤੀਆਂ ਹੈਂ", "ਵਸਤੀਆ ਹੈਂ" ਆਦਿ। ਇਕ ਹੋਰ ਗਜ਼ਲ ਦਾ ਪਹਿਲਾ ਸ਼ੇਅਰ (ਮਤਲਾ) ਇੰਜ ਹੈ:

'ਬਾਤੇਂ ਕਿਧਰ ਗਈਂ ਵੁਹ ਤੇਰੀ ਭੋਲੀ ਭੋਲੀਆਂ
ਦਿਲ ਲੈ ਕੇ ਰਅਬ ਜੋ ਬੋਲਤਾ ਹੈ ਤੂੰ ਬੇਹ ਬੋਲੀਆਂ

ਪਹਿਲੀ ਤੁਕ ਵਿੱਚ ਭੋਲੀਆ ਵਿਸ਼ੇਸ਼ਣ ਹੈ ਅਤੇ ਬਾਤੇਂ ਨਾਂਵ। ਨਾਂਵ ਤੇ ਵਿਸ਼ੇਸ਼ਣ ਦੋਹਾਂ ਨੂੰ ਬਹੁਵਚਨ ਵਿੱਚ ਕਹਿਣਾ ਪੰਜਾਬੀ ਦਾ ਹੀ ਲਛਣ ਹੈ। ਜਦ ਕਿ ਉਰਦੂ ਵਿੱਚ ਕੇਵਲ ਨਾਂਵ ਨੂੰ ਹੀ ਬਹੁਵਚਨ ਬਣਾਇਆ ਜਾਂਦਾ ਹੈ ਤੇ ਵਿਸ਼ੇਸ਼ਣ ਨੂੰ ਇਕ ਵਚਨ ਰਹਿਣ ਦਿੱਤਾ ਜਾਂਦਾ ਹੈ। ਜਿਵੇਂ: "ਭੋਲੀ ਬਾਤੇਂ"। ਖੈਰ, ਸਾਡਾ ਦਸਣ ਦਾ ਮਨੋਰਥ ਇਹ ਸੀ ਕਿ ਉਰਦੂ ਤੇ ਪੰਜਾਬੀ ਇਕ ਦੂਸਰੀ ਦੇ ਬਹੁਤ ਨੇੜੇ ਅਤੇ ਬਹੁਤ ਹਦ ਤਕ ਸਮਰੂਪ ਹਨ। ਪੰਜਾਬੀ ਜਾਣਨ ਵਾਲਾ ਉਰਦੂ ਵਿੱਚ ਅਤੇ ਉਰਦੂ ਜਾਣਨ ਵਾਲਾ ਪੰਜਾਬੀ ਵਿਚ ਸੌਖੀ ਤਰ੍ਹਾਂ ਨਿਪੁੰਨਤਾ ਪ੍ਰਾਪਤ ਕਰ ਸਕਦਾ ਹੈ। ਪਰੰਤੂ ਜਿੱਥੇ ਇਹ ਗੱਲ ਖੁਸ਼ੀ ਵਾਲੀ ਹੈ ਕਿ ਪੰਜਾਬੀ ਦੇ ਕਵੀਆਂ ਵਿੱਚ ਉਰਦੂ ਦੀਆਂ ਬਹਿਰਾਂ ਵਿਚ ਗਜ਼ਲ ਲਿਖਣ ਦਾ ਘੇਰਾ ਦਿਨੋਂ ਦਿਨ ਚੋੜਾ ਹੁੰਦਾ ਜਾ ਰਿਹਾ ਹੈ ਉਥੇ ਉਚਾਰਨ ਦੇ ਸਬੰਧ ਵਿੱਚ ਪੰਜਾਬੀ ਕਵੀਆਂ ਦੀ ਬੇਪ੍ਰਵਾਹੀ ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ। ਸ਼ੇਅਰ ਆਖਣ ਵਿਚ ਜਿਵੇਂ ਮੌਕਾ ਮਿਲੇ ਸ਼ਬਦਾਂ ਦਾ ਉਚਾਰਨ ਮਿਥ ਲੈਣਾ ਪੰਜਾਬੀ ਕਵੀਆਂ ਵਿੱਚ ਆਮ ਪਰ-ਚਲਤ ਹੈ ਜਿਵੇਂ ਕਿ ਜ਼ੁਲ + ਮ ਨੂੰ ਜ਼ਾ+-ਲਮ, ਇਸ਼+ਕ ਨੂੰ ਇ+ਸ਼ਕ, ਵ+ਤਨ ਨੂੰ ਵਤ+ਨ

ਆਦਿ ਵਿਵੇਂ ਹੀ ਕਈ ਹੋਰ ਸ਼ਬਦਾਂ ਦਾ ਉਚਾਰਨ ਵਿਗਾੜ ਦੇਣਾ ਇਨ੍ਹਾਂ ਲਈ ਮਾਮੂਲੀ ਗੱਲ ਹੈ। ਬਹੁਤੀ ਵੇਰ ਉਹ ਵਜ਼ਨ ਦਾ ਖਿਆਲ ਵੀ ਨਹੀਂ ਰਖਦੇ ।

ਇਸ ਦ੍ਰਿਸ਼ਟੀ ਤੋਂ ਸਾਧੂ ਸਿੰਘ ਹਮਦਰਦ ਪੰਜਾਬੀ ਦਾ ਸ਼ਾਇਦ ਪਹਿਲਾ ਅਤੇ ਸੰਭਵ ਰੂਪ ਵਿੱਚ ਇਕੋ ਇਕ ਕਵੀ ਹੈ ਜਿਹੜਾ ਉਰਦੂ ਦੀਆਂ ਬਹਿਰਾਂ ਵਿੱਚ ਪੂਰੀ ਸਫਲਤਾ ਨਾਲ ਸ਼ੇਅਰ ਕਹਿਣ ਵਿੱਚ ਕੁਦਰਤ ਰਖਦਾ ਹੈ ਅਤੇ ਉਚਾਰਨ ਦੇ ਸਬੰਧ ਵਿੱਚ ਵੀ ਗਲਤੀ ਦਾ ਦੋਸ਼ੀ ਨਹੀਂ ਹੁੰਦਾ। ਪੰਜਾਬੀ ਦੇ ਉਨ੍ਹਾਂ ਕਵੀਆਂ ਦੀ ਗਿਣਤੀ ਕਾਫੀ ਹੈ ਜਿਨ੍ਹਾਂ ਨੂੰ ਉਰਦੂ ਵਿੱਚ ਚੋਖਾ ਅਭਿਆਸ ਪ੍ਰਾਪਤ ਹੈ ਅਤੇ ਕਈ ਇਕ ਨੇ "ਅਦੀਬ ਫਾਜ਼ਿਲ" ਅਤੇ "ਮੁਨਸ਼ੀ ਫਾਜ਼ਿਲ" ਆਦਿ ਡਿਗਰੀਆਂ ਵੀ ਪ੍ਰਾਪਤ ਕੀਤੀਆਂ ਹੋਈਆਂ ਹਨ। ਪਰ ਜਿਥੋਂ ਤਕ ਮੈਂ ਜਾਣਦਾ ਹਾਂ ਉਚਾਰਨ ਦੀ ਸ਼ੁਧਤਾ ਅਤੇ ਵਜ਼ਨ ਦੀ ਸਫਲ ਪਾਬੰਦੀ ਦੇ ਪੱਖ ਤੋਂ ਸ਼ੇਅਰ ਦੇ ਮਿਆਰ ਉੱਤੇ ਪੂਰਾ ਉਤਰਨ ਦਾ ਮਾਣ ਕੇਵਲ ਹਮਦਰਦ ਨੂੰ ਹੀ ਨਸੀਬ ਹੋਇਆ ਹੈ। ਉਸ ਦਾ ਕੋਈ ਅਜਿਹਾ ਸ਼ੇਅਰ ਮੇਰੇ ਸੁਣਨ ਜਾਂ ਪੜ੍ਹਨ ਵਿੱਚ ਨਹੀਂ ਆਇਆ ਜਿਹੜਾ ਵਜ਼ਨ ਤੋਂ ਬਾਹਰ ਅਤੇ ਉਚਾਰਨ ਦੀ ਅਯੋਗਤਾ ਦੀ ਦ੍ਰਿਸ਼ਟੀ ਤੋਂ ਪਕੜਿਆ ਜਾ ਸਕੇ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਅਨੁਭਵ ਦੀ ਅਨੁਕੂਲਤਾ ਇਸ ਨੂੰ ਕੁਦਰਤ ਵਲੋਂ ਪ੍ਰਾਪਤ ਹੋਈ ਹੈ ।

ਅਨੁਭਵ ਦੀ ਅਨੁਕੂਲਤਾ ਦੇ ਨਾਲ ਨਾਲ ਹਮਦਰਦ ਉਤਮ ਸੁਹਜ ਸੁਆਦ ਦੀ ਲੋੜ ਤੋਂ ਵੀ ਚੇਤੰਨ ਹੈ। ਇਹ ਗੱਲ ਕਹਿਣ ਦੀ ਆਵਸ਼ਕਤਾ ਨਹੀਂ ਕਿ ਕਾਵਿ ਖੇਤਰ ਵਿੱਚ ਕਦਮ ਰਖਣ ਲਈ ਜੇਕਰ ਅਨੁਭਵ ਦੀ ਅਨੁਕੂਲਤਾ ਜ਼ਰੂਰੀ ਹੈ ਤਾਂ ਚੰਗਾ ਸ਼ੇਅਰ ਕਹਿਣ ਲਈ ਉਤਮ ਸੁਹਜ ਸੁਆਦ ਵੀ ਆਵਸ਼ਕ ਹੈ। ਹਮਦਰਦ ਦੀਆਂ ਗ਼ਜ਼ਲਾਂ ਇਸਦੇ ਉਤਮ ਸੁਹਜ ਸੁਆਦ ਦੇ ਧਾਰਨੀ ਹੋਣ ਦਾ ਅਕਟ ਪ੍ਰਮਾਣ ਹਨ । ਹਮਦਰਦ ਦੀਆਂ ਗਜ਼ਲਾਂ ਦੇ ਅਧਿਐਨ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਗਜ਼ਲ ਦੇ ਸੁਭਾ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਖੂਬ ਜਾਣਦਾ ਹੈ ਕਿ ਸ਼ਾਇਰ ਨੂੰ ਕੀ ਕਹਿਣਾ ਚਾਹੀਦਾ ਹੈ ਅਤੇ ਜੋ ਕੁਝ ਕਹਿਣਾ ਚਾਹੀਦਾ ਹੈ ਉਹ ਕਿਹੜੇ ਸ਼ਬਦਾਂ ਅਤੇ ਕਿਸ ਅੰਦਾਜ਼ ਵਿੱਚ ਕਹਿਣਾ ਚਾਹੀਦਾ ਹੈ। ਇਹ ਉਹ ਗੁਣ ਹੈ ਜਿਸਦੇ ਕਾਰਨ ਹਮਦਰਦ ਪੰਜਾਬੀ ਦੇ ਸਮਕਾਲੀ ਕਵੀਆਂ ਵਿੱਚ ਵਿਸ਼ੇਸ਼ ਰੂਪ ਵਿੱਚ ਸਿਰਕਢ ਨਜ਼ਰ ਆਉਂਦਾ ਹੈ ।

ਕਲਾ ਆਲੋਚਕਾਂ ਨੇ ਸ਼ੇਅਰ ਦੀ ਇਕ ਵੱਡੀ ਹੀ ਨਹੀਂ ਸਗੋਂ ਸਭ ਤੋਂ ਵੱਡੀ ਖੂਬੀ ਇਹ ਦੱਸੀ ਹੈ ਕਿ ਉਹ ਸਾਧਾਰਨ ਅਤੇ ਅਸਾਧਾਰਨ ਦੋਹਾਂ ਲੋਕਾਂ ਦੀ ਸਮਝ ਅਤੇ ਪਸੰਦ ਉੱਤੇ ਪੂਰਾ ਉਤਰਦਾ ਹੋਵੇ। ਹਮਦਰਦ ਦੀਆਂ ਗਜ਼ਲਾਂ ਦਾ ਸੰਗ੍ਰਿਹ, ਜਿਹੜਾ ਅੱਜ ਤੋਂ ਤਿੰਨ-ਚਾਰ ਸਾਲ ਪਹਿਲਾਂ ਪ੍ਰਕਾਸ਼ਤ ਹੋਇਆ ਸੀ, ਨਾ ਕੇਵਲ ਸਾਧਾਰਨ ਅਤੇ ਅਸਾਧਾਰਨ ਲੋਕਾਂ ਤੋਂ ਪ੍ਰਸੰਸਾ ਪ੍ਰਾਪਤ ਕਰ ਚੁਕਾ ਹੈ ਸਗੋਂ ਪੰਜਾਬ ਯੂਨੀਵਰਸਿਟੀ ਵਲੋਂ ਗਿਆਨੀ ਦੇ ਵਿਦਿਆਰਥੀਆਂ ਲਈ ਪਾਠ ਪੁਸਤਕ ਨਿਸ਼ਚਤ ਹੋ ਚੁੱਕੀ ਹੈ। ਪੰਜਾਬ ਦੇ ਭਾਸ਼ਾ ਵਿਭਾਗ ਵਿੱਚ ਵੀ ਇਸ ਸੰਗ੍ਰਿਹ ਨੂੰ ਸਾਲ ਦੀ ਸਰਵੋਤਮ ਕਾਵਿ-ਪੁਸਤਕ ਵਜੋਂ ਇਕ ਹਜ਼ਾਰ ਰੁਪਏ ਦਾ ਪੁਰਸਕਾਰ ਦੇ ਕੇ ਹਮਦਰਦ ਦੀ ਕਾਵਿ ਪ੍ਰਤਿਭਾ ਨੂੰ ਮਾਨਤਾ ਦੇ ਚੁੱਕਾ ਹੈ। ਮੈਨੂੰ ਇਸ

ਸੰਗ੍ਰਹਿ ਦੀਆਂ ਬਹੁਤ ਸਾਰੀਆਂ ਗਜ਼ਲਾਂ ਹਮਦਰਦ ਦੀ ਆਪਣੀ ਜ਼ਬਾਨੀ ਸੁਣਨ ਦਾ ਮੌਕਾ ਮਿਲਦਾ ਰਿਹਾ ਹੈ । ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਬੋਲੀ ਦੀ ਸ਼ੁਧਤਾ, ਬਿਆਨ ਦੀ ਰਵਾਨੀ, ਸ਼ਬਦਾਂ ਦੀ ਢੁਕਵੀਂ ਜੜਤ, ਖ਼ਿਆਲ ਦੀ ਨਵੀਨਤਾ ਅਤੇ ਰਚਨਾ ਦੀ ਪੁਖਤਗੀ ਦੇ ਦੁਰਲੱਭ ਨਮੂਨੇ ਇਨ੍ਹਾਂ ਗਜ਼ਲਾਂ ਵਿੱਚ ਥਾਂ ਥਾਂ ਭਾਰੀ ਸੰਖਿਆ ਵਿੱਚ ਮਿਲਦੇ ਹਨ । ਉਦਾਹਰਣ ਦੇ ਤੌਰ ਤੇ ਹੇਠ ਲਿਖੇ ਕੁਝ ਸ਼ੇਅਰ ਵੇਖੋ :-

ਸਤਾਂਦਾ ਵੀ ਹੁਣ ਤੇ ਨਹੀਂ ਤੂੰ ਕਦੇ
ਸਤਾ ਮਾਰਿਆ ਤੂੰ ਸਤਾ ਮਾਰਿਆ

ਇਕ ਸੱਚੇ ਪ੍ਰੇਮੀ ਨੂੰ ਇਕ ਪ੍ਰੇਮਿਕਾ ਦਾ ਜ਼ੁਲਮ ਸਹਿਣ ਵਿੱਚ ਜੋ ਸੁਆਦ ਆਉਂਦਾ ਹੈ। ਉਹ ਦਿਲ ਵਾਲੇ ਹੀ ਜਾਣਦੇ ਹਨ । ਬਰਤਾਨੀਆਂ ਦੇ ਰਹਿ ਚੁਕੇ ਇਕ ਰਖਿਆ ਮੰਤਰੀ ਪ੍ਰਫੋਮੀਓ ਅਤੇ ਨਵਯੁਵਕ ਸੁੰਦਰੀ ਕੁਮਾਰੀ ਕੀਲਰ ਦਾ ਪ੍ਰੇਮ ਜਿਹੜਾ ਕਈ ਮਹੀਨੇ ਅਖਬਾਰੀ ਦਿਲਚਸਪੀ ਦਾ ਕਾਰਨ ਬਣਿਆ ਰਿਹਾ ਪਾਠਕਾਂ ਨੂੰ ਹਾਲੀ ਭੁਲਿਆ ਨਹੀਂ ਹੋਵੇਗਾ । ਇਹ ਇਸੇ ਪ੍ਰੇਮ ਦਾ ਨਤੀਜਾ ਸੀ ਕਿ ਲਾਰਡ ਪ੍ਰਫੋਮੀਓ ਨੂੰ ਆਪਣੀ ਉੱਚ ਪਦਵੀ ਤੋਂ ਤਿਆਗ ਪੱਤਰ ਦੇਣਾ ਪਿਆ । ਇਸ ਸਬੰਧ ਵਿੱਚ ਜੋ ਨਵੇਂ ਅਤੇ ਰੋਚਕ ਭੇਤ ਸਾਹਮਣੇ ਆਏ ਹਨ ਉਨ੍ਹਾਂ ਵਿੱਚੋਂ ਇਕ ਇਹ ਵੀ ਸੀ ਕਿ ਕੁਮਾਰੀ ਕੀਲਰ ਦੇ ਪ੍ਰੇਮੀਆਂ ਵਿੱਚ ਵੱਡੇ ਵੱਡੇ ਲੋਕ ਅਤੇ ਕਈ ਦੇਸ਼ਾਂ ਦੇ ਮੁਖੀ ਤਕ ਵੀ ਸ਼ਾਮਲ ਸਨ । ਇਨ੍ਹਾਂ ਵਿੱਚੋਂ ਕਈ ਮਨਚਲੇ ਪੀੜ ਦੀ ਕਸਕ ਮਾਣਨ ਲਈ ਕੀਲਰ ਦੇ ਕੋਮਲ ਹੱਥਾਂ ਤੋਂ ਕੋੜੇ ਖਾਇਆ ਕਰਦੇ ਅਤੇ ਪ੍ਰਤੀ ਕੋੜਾ ਇਕ ਪੌਂਡ ਉਸਦੀ ਭਟਾ ਕਰਦੇ ਅਤੇ ਪ੍ਰੇਮਿਕਾ ਨੂੰ ਜ਼ੁਲਮ ਬੰਦ ਨ ਕਰਨ ਦੀ ਬੇਨਤੀ ਕਰਦੇ । ਇਕ ਉਰਦੂ ਸ਼ਾਇਰ ਨੇ ਕਿਹਾ ਹੈ :—

"ਹਾਥ ਬੇਦਾਦੋ-ਸਿਤਮ ਸੇ ਨ ਉਠਾਨਾ ਹਰਗਿਜ਼
ਹਰਫ਼ ਤੁਮ ਆਪਨੀ ਨਜ਼ਾਕਿਤ ਪੈ ਨ ਲਾਨਾ ਹਰਗਿਜ਼"

ਆਪਣੀ ਜੋਦੜੀ ਨੂੰ ਜ਼ੋਰਦਾਰ ਬਣਾਉਣ ਦੀ ਧੁਨ ਵਿੱਚ ਪ੍ਰੇਮਿਕਾ ਨੂੰ ਇਹ ਡਰਾਵਾ ਦੇਂਦੇ ਕਿ ਇੰਜ ਕਰਨ ਨਾਲ ਤੇਰੇ ਨਜ਼ਾਕਤ ਨੂੰ ਵੱਟਾ ਲਗੇਗਾ । ਸ਼ਾਇਰ ਤੋਂ ਇਥੇ ਇਕ ਵੱਡੀ ਗਲਤੀ ਹੋ ਗਈ ਹੈ । ਉਸਨੂੰ ਇਹ ਖ਼ਿਆਲ ਨਹੀਂ ਰਿਹਾ ਕਿ ਨਖਰਾ ਅਤੇ ਨਜ਼ਾਕਤ ਇਕ ਸਰੀਰਕ ਗੁਣ ਹੈ ਅਤੇ ਜ਼ੁਲਮ ਤੋਂ ਹੱਥ ਉਠਾਉਣਾ ਇਕ ਭਾਵਕ ਕਰਮ ਹੈ । ਕਿਸੇ ਸਥੂਲ ਚੀਜ਼ ਨੂੰ ਚੁਕਣਾ ਭਾਵੇਂ ਉਹ ਕਿੰਨੀ ਵੀ ਹੋਲੀ ਹੋਵੇ ਚੁਕਣ ਵਾਲੇ ਦੀ ਨਜ਼ਾਕਤ ਵਿੱਚ ਸ਼ੱਕ ਦਾ ਕਾਰਨ ਬਣ ਸਕਦਾ ਹੈ । ਜ਼ੁਲਮ ਤੋਂ ਸੰਕੋਚ ਕਰਨਾ ਭਾਵ ਜ਼ੁਲਮ ਕਰਨ ਦੀ ਆਦਤ ਛਡਣਾ ਨਜ਼ਾਕਤ ਦੇ ਵਿਪਰੀਤ ਨਹੀਂ । ਜ਼ੁਲਮ ਦੀ ਪੀੜ ਦਾ ਮੁਕੰਮਲ ਅਨੁਭਵ ਹੋਣਾ ਮਿਰਜ਼ਾ ਗਾਲਿਬ ਦਾ ਇਹ ਸ਼ੇਅਰ ਹੈ :

ਅਬ ਸਿਤਮ ਸੇ ਭੀ ਹੈਂ ਮਹਿਰੂਮ ਹਮ ਅਲਾ ਅੱਲਾ
ਇਸ ਕਦਰ ਦੁਸ਼ਮਨਿ ਅਰਬਾਬੇ ਵਫ਼ਾ ਹੋ ਜਾਨਾ

ਹਮਦਰਦ ਦੇ ਸ਼ੇਅਰ ਦਾ ਦੂਜਾ ਮਿਸਰਾ ਬਿਆਨ ਦਾ ਜਾਨਦਾਰ ਨਮੂਨਾ ਹੈ ਅਤੇ ਪਹਿਲੇ ਮਿਸਰੇ ਨੂੰ ਹੋਰ ਵੀ ਜਾਨਦਾਰ ਬਣਾ ਰਿਹਾ ਹੈ । ਮਹਿਬੂਬ ਜ਼ੁਲਮ ਕਰਨਾ ਛਡ ਦਵੇ ਇਸਦਾ ਇਹ ਭਾਵ ਹੈ ਕਿ ਉਸਨੇ ਆਪਣੇ ਪ੍ਰੇਮੀ ਤੋਂ ਸਾਰੇ

ਸਬੰਧ ਤੋੜ ਲਏ ਹਨ। ਇਹ ਗੱਲ ਜ਼ੁਲਮ ਤੋਂ ਵੀ ਵੱਡਾ ਜ਼ੁਲਮ ਹੈ।

"ਮਧ ਭਰੇ ਨੈਣਾਂ ਤੇ ਤਕਿਆ ਜ਼ਖਮ ਨੂੰ
ਜ਼ਖਮ ਨੇ ਮੂੰਹ ਵੇਖਿਆ ਅੰਗੂਰ ਦਾ"

ਪ੍ਰੇਮਕਾ ਦੀਆਂ ਅੱਖਾਂ ਵਿੱਚ ਕੁਦਰਤੀ ਮਸਤੀ ਹੁੰਦੀ ਹੈ ਜਾਂ ਇਉਂ ਕਹਿ ਲਵੋ ਕਿ ਪ੍ਰੇਮੀ ਨੂੰ ਉਸ ਦੀਆਂ ਅੱਖਾਂ ਕੁਦਰਤੀ ਤੌਰ ਤੇ ਮਸਤ ਨਜ਼ਰ ਆਉਂਦੀਆਂ ਹਨ। ਇਸੇ ਕਰਕੇ ਉਨ੍ਹਾਂ ਨੂੰ ਮੱਧ ਭਰੀਆਂ ਭਾਵ ਸ਼ਰਾਬੀ ਅੱਖਾਂ ਕਿਹਾ ਜਾਂਦਾ ਹੈ। ਸ਼ੇਅਰ ਦਾ ਅਰਥ ਇਹ ਹੈ ਕਿ ਪ੍ਰੇਮਕਾ ਦੀਆਂ ਅਖਾਂ ਤੋਂ ਵੇਖਣ ਨਾਲ ਜ਼ਖ਼ਮ ਭਰ ਗਿਆ ਜ਼ਖਮ ਦੇ ਭਰਨ ਨੂੰ ਬਿਆਨ ਕਰਨ ਲਈ ਇਹ ਕਹਿਣਾ ਕਿ "ਜ਼ਖ਼ਮ ਨੇ ਅੰਗੂਰ ਦਾ ਮੂੰਹ ਵੇਖਿਆ" ਹਮਦਰਦ ਵਰਗੇ ਦੂਰ ਦਰਸੀ ਸ਼ਾਇਰ ਦਾ ਹੀ ਕੰਮ ਹੈ। ਮਧ ਵਰਗੀ ਸ਼ਾਇਰ ਦੀ ਸੋਚ ਇਥੋਂ ਤਕ ਨਹੀਂ ਪੁਜਦੀ। ਇਸ ਗੱਲ ਨੂੰ ਮਥ ਰਖ ਕੇ ਕਿ ਜ਼ਖਮ ਉੱਤੇ ਸ਼ਰਾਬ ਪਾਉਣ ਨਾਲ ਜ਼ਖਮ ਦੀ ਪੀੜ ਘਟ ਜਾਂਦੀ ਹੈ ਅਤੇ ਜ਼ਖਮੀ ਨੂੰ ਸਾਂਤੀ ਮਿਲਦੀ ਹੈ ਪ੍ਰੇਮਕਾ ਦੀਆਂ ਅੱਖਾਂ ਨੂੰ ਸ਼ਰਾਬੀ ਅੱਖਾਂ ਨਾਲ ਮੇਲਣਾ ਦੂਰਦਰਸਤਾ ਦਾ ਇਕ ਕਮਾਲ ਹੈ। ਸ਼ੇਅਰ ਨੇ ਦੋਹਾਂ ਮਿਸਰਿਆਂ ਵਿੱਚ ਇਕੋ ਲਫਜ਼ ਜ਼ਖਮ ਦੀ ਵਰਤੋਂ ਸੇਅਰ ਵਿੱਚ ਚੁੰਬਕੀ ਸਕਤੀ ਪੈਦਾ ਕਰ ਦਿੰਦੀ ਹੈ।

ਹੁਸਨ ਦੀ ਹਲਕੀ ਜਿਹੀ ਮੁਸਕਾਨ ਨੇ।
ਇਸ਼ਕ ਦੀ ਸਾਰੀ ਕਮਾਈ ਪੀ ਲਈ

ਗਾਲਿਬ ਦਾ ਸ਼ੇਅਰ :

ਕਰਨੇ ਗਏ ਥੇ ਉਨ ਸੇ ਤਗਾ ਫੁਲ ਕਾ ਹਮ ਗਿਲਾ
ਕੀ ਏਕ ਹੀ ਨਿਗਾਹ ਕਿ ਬਸ ਖਾਕ ਹੋ ਗਏ

ਅਤੇ ਅਮੀਰ ਮੀਨਾਈ ਦਾ ਸੇਅਰ :

ਆਸ਼ਿਕ ਨੇ ਲਾਖ ਜਮਾ ਕੀਆ ਦਫ਼ਤਹਿ ਹਵਾਕ
ਸ਼ੀਰਾਜ਼ਾ ਖੁਲ੍ਹ ਗਿਆ ਤੇਰੇ ਬਾਲੋਂ ਕੇ ਸਾਹਮਣੇ

ਜੋ ਅਵਸਥਾ ਇਨ੍ਹਾਂ ਸ਼ੇਅਰਾਂ ਨਾਲ ਦਿਲ ਦਿਮਾਗ਼ ਉੱਤੇ ਛਾ ਜਾਂਦੀ ਹੈ ਉਹੋ ਅਵਸਥਾ ਹਮਦਰਦ ਦਾ ਉਕਤ ਸ਼ੇਅਰ ਪੈਦਾ ਕਰ ਦੇਂਦਾ ਹੈ। ਥੋੜੀ ਜਿਹੀ ਤਬਦੀਲੀ ਨਾਲ ਇਸ ਸ਼ੇਅਰ ਨੂੰ ਉਰਦੂ ਵਿੱਚ ਇੰਜ ਕਿਹਾ ਜਾ ਸਕਦਾ ਹੈ:

ਹੁਸਨ ਕੀ ਹਲਕੀ ਸੀ ਇਕ ਮੁਸਕਾਨ ਨੇ
ਇਸ਼ਕ ਕੀ ਸਾਰੀ ਕਮਾਈ ਲੂਟ ਲੀ"

ਮੰਨਣਾ ਪਵੇਗਾ ਕਿ ਰੂਪ ਦੇ ਸਾਹਮਣੇ ਇਸ਼ਕ ਦੀ ਆਤੁਰਤਾ ਅਤੇ ਬੇਬਸੀ ਦਾ ਪ੍ਰਗਟਾ ਜਿਸ ਸੁੰਦਰ ਅਤੇ ਭਾਵਪੂਰਤ ਢੰਗ ਨਾਲ ਹਮਦਰਦ ਨੇ ਉਕਤ ਸ਼ੇਅਰ ਵਿੱਚ ਕੀਤਾ ਹੈ ਉਹ ਹਮਦਰਦ ਦਾ ਹੀ ਹਿੱਸਾ ਹੈ।

"ਜ਼ਿੰਦਗੀ ਦੇ ਕੇ ਵੀ ਮਿਲ ਸਕਿਆ ਨਾ ਪਿਆਰ
ਪਿਆਰ ਵੀ ਪਿਆਰੇ ਦਾ ਪਿਆਰਾ ਹੋ ਗਿਆ

ਫਾਰਸੀ ਦੇ ਇਕ ਪ੍ਰਸਿੱਧ ਸਾਇਰ ਨੇ ਪ੍ਰੇਮਕਾ ਨੂੰ ਸੰਬੋਧਨ ਕਰਦਿਆਂ ਕਿਹਾ ਹੈ :

ਹਰ ਦੋ ਆਲਮ ਕੀਮਤਿ ਖੁਦ ਗੁਫ਼ਤਾ ਸੀ
ਨਿਰਖ ਬਾਲਾ ਕੁਲ ਕਿ ਅਰਜ਼ਾਨੀ ਹਨੂਜ਼

ਭਾਵ ਐ ਪ੍ਰੇਮਕਾ ਤੂੰ ਆਪਣਾ ਮੁਲ ਕੇਵਲ ਦੋ ਜਹਾਨ ਦਸਿਆ ਹੈ ਪਰ ਇਸ ਕੀਮਤ ਵਿੱਚ ਤੇਰਾ ਪਿਆਰ ਬਹੁਤ ਸਸਤਾ ਹੈ। ਇਸ ਲਈ ਆਪਣਾ ਮੁਲ ਵਧਾ। ਹਮਦਰਦ ਆਪਣੀ ਪ੍ਰੇਮਕਾ ਨੂੰ ਆਪਣਾ ਮੁਲ ਵਧਾਉਣ ਦਾ ਮਸ਼ਵਰਾ ਦੇਣ ਦੀ ਥਾਂ ਆਪਣੀ ਜ਼ਿੰਦਗੀ ਦੇ ਕੇ ਉਸਦਾ ਪਿਆਰ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ ਅਤੇ ਇਹ ਕਹਿਕੇ ਵੀ ਆਪਣੇ ਜਤਨ ਵਿਚ ਅਸਫਲਤਾ ਦਾ ਇਕਬਾਲ ਕਰਦਾ ਹੈ। ਕਿ ਪਿਆਰੇ ਦਾ ਪਿਆਰ ਬਹੁਤ ਪਿਆਰਾ ਭਾਵ

ਮਹਿੰਗਾ ਹੈ ਅਤੇ ਇਹ ਜਿੰਦਗੀ ਵਰਗੀ ਅਮੋਲ ਵਸਤ ਦੇ ਕੇ ਵੀ ਖਰੀਦਿਆ ਨਹੀਂ ਜਾ ਸਕਦਾ। ਪਿਆਰਾ ਸ਼ਬਦ ਨੂੰ ਮਹਿੰਗਾ ਦੇ ਅਰਥਾਂ ਵਿੱਚ ਵਰਤਣਾ ਅਤੇ ਅਜਿਹੇ ਸੂਖਮ ਅਤੇ ਮਨ–ਮੋਹਣੇ ਅੰਦਾਜ਼ ਵਿਚ ਵਰਤਣਾ ਹਮਦਰਦ ਦੀ ਸਿਰਜਨ ਕਲਾ ਉੱਤੇ ਕੁਦਰਤ ਅਤੇ ਪੱਕੇ ਅਭਿਆਸ ਦਾ ਨਿਗਰ ਪ੍ਰਮਾਣ ਹੈ।

ਇਸ ਸਬੰਧ ਵਿਚ ਇਹ ਨੁਕਤਾ ਵੀ ਧਿਆਨਯੋਗ ਹੈ ਕਿ ਭਾਰਤ ਦੀ ਸੰਸਕ੍ਰਿਤੀ ਈਰਾਨ ਦੀ ਸੰਸਕ੍ਰਿਤੀ ਨਾਲੋਂ ਭਿੰਨ ਹੈ। ਪ੍ਰੇਮ ਦੇ ਸੌਦਿਆਂ ਵਿੱਚ ਮੋਲ ਦੇ ਘਟਣ ਵਧਣ ਨਾਲ ਪ੍ਰੇਮਕਾ ਦੇ "ਸਰੀਰਕ ਮੁਲ਼" ਦਾ ਜੋ ਪੱਖ ਨਿਕਲਦਾ ਹੈ ਭਾਰਤ ਦੀ ਕਿਸੇ ਵੀ ਭਾਸ਼ਾ ਦਾ ਸਾਹਿਤ ਇਸਨੂੰ ਸਹਿਨ ਨਹੀਂ ਕਰਦਾ ਕਿਉਂਕਿ ਇਥੇ ਇਸ ਤਰ੍ਹਾਂ ਦੀਆਂ ਗੱਲਾਂ ਵੇਸ਼ਵਾਵਾਂ ਦੀ ਦੁਨੀਆਂ ਤਕ ਹੀ ਸੀਮਤ ਹੁੰਦੀਆਂ ਹਨ।

ਵਾਅਜ਼ ਵਾਅਜ਼ ਨੇ ਜਦੋਂ ਫਰਮਾ ਲਿਆ
ਜਾਮ ਅਸਾਂ ਮੂੰਹ ਨਾਲ ਇਕ ਦਮ ਲਾ ਲਿਆ।

ਰਿੰਦਾਂ (ਪਿਆਕਾਂ) ਦੀ ਰਵਾਦਾਰੀ (ਖੁਲ-ਦਿਲੀ) ਜਾਂ ਵਿਸ਼ਾਲ-ਦਿਲੀ ਰਿੰਦਾਂ ਦੇ ਸਬੰਧ ਇਸ ਤੋਂ ਚੰਗਾ ਅਤੇ ਸਹੀ ਉਦਾਹਰਣ ਨਹੀਂ ਮਿਲ ਸਕਦਾ। ਗਜ਼ਲ ਦੀ ਬੋਲੀ ਵਿੱਚ ਵਾਇਜ਼ (ਉਪਦੇਸ਼ਕ) ਦਾ ਨਸੀਹਅਤਾ ਭਰਿਆ ਉਪਦੇਸ਼ ਜਿਸ ਵਿੱਚ ਸ਼ਰਾਬ ਦੀ ਨਿੰਦਾ ਤੇ ਨਿਖੇਧੀ ਕਰੀ ਹੁੰਦੀ ਹੈ ਬਹੁਤ ਲੰਮਾ ਹੁੰਦਾ ਹੈ। ਰਿੰਦ (ਪਿਆਕ) ਦਾ ਇਸ ਲੰਮੇ ਉਪਦੇਸ਼ ਨੂੰ ਪੂਰੇ ਸਤਿਕਾਰ ਭਰੇ ਸਬਰ ਨਾਲ ਸੁਣਨਾ ਅਤੇ ਉਸਦਾ ਅਖੀਰ ਉਡੀਕਣਾ ਨਿਰਸੰਦੇਹ ਅਤਿ ਵਿਸ਼ਾਲ ਦਿਲੀ ਭਾਵ ਰਵਾਦਾਰੀ ਦਾ ਸਬੂਤ ਦੇਣਾ ਹੈ ਅਤੇ ਇਸ ਲੰਮੇ ਉਪਦੇਸ਼ ਦੇ ਮੁਕਦਮਿਆਂ ਹੀ ਜਾਮ ਨੂੰ ਮੂੰਹ ਲਾ ਲਿਆ ਗਿਆ ਹੈ, ਪ੍ਰਗਟ ਕਰਦਾ ਹੈ ਕਿ ਉਪਦੇਸ਼ ਸੁਣਨ ਵਾਲਾ ਪਿਆਕ (ਰਿੰਦ) ਕਿੰਨੀ ਸਖਤ ਪੀੜਾ ਵਿੱਚ ਗੁਜ਼ਿਆ ਰਿਹਾ ਅਤੇ ਉਸਦੇ ਲਈ ਉਸਦੀ ਰਵਾਦਾਰੀ ਨੂੰ ਸਬਰ ਦੇ ਕਿੰਨੇ ਇਮਤਿਹਾਨ ਵਿੱਚੋਂ ਨਿਕਲਣਾ ਪਿਆ।

ਜ਼ਮਾਨੇ 'ਚ ਕੈਸੀ ਹਵਾ ਵਗ ਗਈ ਏ
ਹਵਾ ਹੋ ਗਈ ਯਾਰੀ ਯਾਰਾਂ ਦੇ ਵਿੱਚੋਂ

ਇਹ ਬਹੁਤ ਸਰਲ ਅਤੇ ਛੇਤੀ ਸਮਝ ਆ ਜਾਣ ਵਾਲਾ ਸ਼ੇਅਰ ਹੈ। ਵਰਨਣ ਢੰਗ ਵਿੱਚ ਸੁਭਾਵਕਤਾ ਹੈ ਅਤੇ ਵੈਸ਼ਾਲਤਾ ਵੀ। "ਹਵਾ ਵਗਣਾ" ਅਤੇ ਫਿਰ "ਹਵਾ ਹੋ ਜਾਣਾ" ਦੇ ਅਰਥਾਂ ਵਿੱਚ ਜੋ ਫਰਕ ਹੈ ਉਸ ਨਾਲ ਕਿੰਨੀ ਨਿਗਰ ਸਚਾਈ ਪ੍ਰਗਟ ਕੀਤੀ ਗਈ ਹੈ।

"ਇਹ ਦਿਲ ਜੀਅ ਪਿਆ ਜਿਥੇ ਕੁਝ ਮਾਲ ਮਿਲਿਆ
ਇਹ ਦਿਲ ਮਰ ਗਇਆ ਜਿਥੇ ਵੇਖੀ ਪਿਆਲੀ"

ਜੀਣ ਅਤੇ ਮਰਨ ਦੇ ਅਰਥ ਇਕ ਦੂਜੇ ਤੋਂ ਉਲਟ ਹਨ। ਪਰ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਇਕੋ ਅਰਥ ਅਜਿਹੀ ਸਫਲਤਾ ਅਤੇ ਸੁਚੱਜਤਾ ਨਾਲ ਬੰਨ੍ਹਣਾ ਹਮਦਰਦ ਦੀ ਕਲਾ ਦੇ ਕਮਾਲ ਦਾ ਕ੍ਰਿਸ਼ਮਾ ਹੈ। ਪਹਿਲੇ ਮਿਸਰੇ ਵਿੱਚ ਮਾਲ ਭਾਵ ਸ਼ਰਾਬ ਤੇ ਦੂਜੇ ਵਿੱਚ ਸ਼ਬਦ ਪਿਆਲੀ ਦੀ ਇਕ ਦੂਜੇ ਨਾਲ ਏਨੀ ਨੇੜਤਾ ਹੈ ਕਿ ਇਸਨੇ ਸ਼ੇਅਰ ਨੂੰ ਬੜਾ ਵਿਸਤ੍ਰਿਤ ਬਣਾ ਦਿੱਤਾ ਹੈ। ਇਹ ਸ਼ਬਦ ਪਿਆਕਾਂ ਦੀ ਠੇਠ ਬੋਲੀ ਦੀ ਪ੍ਰਤਿਨਿਧਤਾ ਵੀ ਕਰਦੇ ਹਨ।

ਸ਼ੇਖ ਮੈਥੋਂ ਡਰੇ ਤੇ ਮੈਂ ਡਰਾਂ ਸ਼ੇਖ ਤੋਂ
ਕਿਥੇ ਜਾਕੇ ਸਾਡੀ ਮੁਲਾਕਾਤ ਹੋ ਗਈ

ਅਜਿਹੇ ਦੋ ਵਿਅਕਤੀਆਂ ਦੀ ਜਿਹੜੇ ਇਕ ਦੂਜੇ ਨੂੰ ਬੜੇ ਪਾਰਸਾ ਅਤੇ ਪਰਹੇਜ਼ਗਾਰ ਸਮਝਦੇ ਹਨ, ਸ਼ਰਾਬ ਦੇ ਠੇਕੇ ਤੇ ਭੇਟ ਹੋ ਜਾਣ ਵਿੱਚ ਜੋ ਹਾਲਾਤ ਪੈਦਾ ਹੋ ਜਾਂਦੀ ਹੈ ਉਸਦਾ ਵਰਨਣ ਹਮਦਰਦ ਨੇ ਕਿੰਨੇ ਸੂਖਮ ਅਤੇ ਭਾਵ ਪੂਰਤ ਢੰਗ ਨਾਲ ਕੀਤਾ ਹੈ। ਖੂਬੀ ਦੀ ਗੱਲ ਇਹ ਹੈ ਕਿ ਸ਼ੇਅਰ ਵਿੱਚ ਸਰਾਬਖਾਨੇ ਦਾ ਨਾਂ ਵੀ ਨਹੀਂ ਲਿਆ ਗਿਆ। ਇਸੇ ਖੂਬੀ ਦਾ ਨਾਂ ਪੂਰਨ ਪ੍ਰਗਟਾ (ਬਲਾਗਤ) ਕਿਹਾ ਜਾਂਦਾ ਹੈ। ਇਹ ਸ਼ੇਅਰ ਮਿਰਜ਼ਾ ਗਾਲਿਬ ਦੇ ਇਸ ਸ਼ੇਅਰ ਤੋਂ ਕੋਈ ਘੱਟ ਰੌਚਕ ਨਹੀਂ :

"ਕਹਾਂ ਮੈਖਾਨੇ ਕਾ ਦਰਵਾਜ਼ਾ ਗਾਲਬ ਅਰ ਕਹਾਂ ਵਾਅਜ਼
ਪਰ ਇਤਨਾ ਜਾਨਤੇ ਹੈਂ ਕਲ ਵੁਹ ਜਾਤਾ ਥਾਂ ਕਿ ਹਮ ਨਿਕਲੇ

ਹਮਦਰਦ ਦੀਆਂ ਗਜ਼ਲਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਸ ਦੀਆਂ ਗਜ਼ਲਾਂ ਵਿੱਚ ਭਰਤੀ ਦਾ ਸ਼ੇਅਰ ਕਦੇ ਕਦਾਈਂ ਹੀ ਮਿਲਦੇ ਹਨ ਅਤੇ ਸਾਧਾਰਨ ਤੌਰ ਤੇ ਸਾਰੀ ਦੀ ਸਾਰੀ ਗਜ਼ਲ ਆਦਿ ਤੋਂ ਅੰਤ ਤੀਕ ਉਚ ਕੋਟੀ ਤੇ ਉੱਚ ਪੱਧਰੀ ਹੁੰਦੀ ਹੈ। ਉੱਚ ਖਿਆਲੀ ਦੇ ਨਾਲ ਖੁਸ਼ਬਿਆਨੀ, ਪਕਿਆਈ ਅਤੇ ਪ੍ਰੌੜ ਅਨੁਭਵ ਹਰ ਗਜ਼ਲ ਦਾ ਗੁਣ ਵਿਸੇਸ਼ ਹੈ।

ਹਮਦਰਦ ਨੇ ਕਟਾਖ ਅਤੇ ਹਾਸ ਦੇ ਖੇਤਰ ਵਿੱਚ ਚੋਖੀ ਤੇ ਚੰਗੀ ਕਵਿਤਾ ਰਚੀ ਹੈ ਅਤੇ ਕਲਾਤਮਿਕ ਨਿਪੁੰਨਤਾ ਦੇ ਜੌਹਰ ਵਿਖਾਏ ਹਨ। ਕਟਾਖ ਅਤੇ ਹਾਸ ਵਿੱਚ ਗਜ਼ਲ ਦੇ ਰੰਗ ਨੂੰ ਕਾਇਮ ਰਖਣਾ ਬੜਾ ਕਠਨ ਹੁੰਦਾ ਹੈ। ਪਰੰਤੂ ਹਮਦਰਦ ਨੇ ਇਸ ਕਠਿਨਾਈ ਉੱਤੇ ਅਸਚਰਜ ਸਫ਼ਲਤਾ ਨਾਲ ਕਾਬੂ ਪਾਇਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸਨੇ ਨੰਗੇਜ਼ ਨੂੰ ਲਾਗੇ ਨਾ ਫਟਕਣ ਦਿੱਤਾ। ਇਹੋ ਕਾਰਨ ਹੈ ਕਿ ਉਸ ਦੀਆਂ ਹਾਸ ਰਸੀ ਗਜ਼ਲਾਂ ਕਾਵਿ ਸੰਮੇਲਨਾਂ ਵਿੱਚ ਬੜੀ ਦਿਲਚਸਪੀ ਨਾਲ ਸੁਣੀਆਂ ਜਾਂਦੀਆਂ ਹਨ ਅਤੇ ਨ ਕੇਵਲ ਪੰਜਾਬੀ ਦੇ ਕਵੀ ਦਰਬਾਰਾਂ ਵਿੱਚ ਹੀ ਸਗੋਂ ਉਰਦੂ ਦੇ ਮੁਸ਼ਾਇਰਿਆਂ ਵਿੱਚ ਵੀ ਉਸਤੋਂ ਹਾਸਰਸੀ ਗਜ਼ਲ ਸੁਨਾਣ ਦੀ ਮੰਗ ਕੀਤੀ ਜਾਂਦੀ ਹੈ, ਇਸ ਸਬੰਧ ਵਿੱਚ ਮੁਸ਼ਾਇਰੇ ਦੇ ਪ੍ਰਧਾਨ ਅਤੇ ਮੰਚ ਦੇ ਸਕੱਤਰ ਦੇ ਨਾਂ ਚਿਠੀਆਂ ਦੀ ਲੜੀ ਮੁਸਾਇਰਾ ਦੇ ਅਖੀਰ ਤਕ ਜਾਰੀ ਰਹਿੰਦੀ ਹੈ।

ਹਾਸ ਰਸ ਵਿੱਚ ਸਫਲਤਾ ਦੀ ਸਭ ਤੋਂ ਵੱਡੀ ਗਵਾਹੀ ਨੁਕਤੇ ਪੈਦਾ ਕਰਨ ਦੀ ਮੁਹਾਰਤ ਹੈ। ਹਮਦਰਦ ਨੂੰ ਇਹ ਮੁਹਾਰਤ ਕੁਦਰਤ ਤੋਂ ਪ੍ਰਾਪਤ ਹੋਈ ਹੈ। ਵੇਖੋ :

ਬੋ ਕਾਟਾ ਕਿਉਂ ਹੋਵੇ ਨਾ ਮੇਰਾ
ਤੇਰੇ ਹੱਥ ਵਿੱਚ ਡੋਰ ਹੈ ਪਿਆਰੇ

ਪਤੰਗਬਾਜ਼ੀ ਦੇ ਪ੍ਰਸੰਗ ਵਿੱਚ ਕਿੰਨੀ ਪਤੇ ਦੀ ਗੱਲ ਕਹਿ ਦਿੱਤੀ ਹੈ ਅਤੇ ਪ੍ਰੇਮਕਾ ਦੀ ਪ੍ਰੇਮੀ ਨੂੰ ਸਤਾਣ ਦੀ ਆਦਤ ਕਿੰਨੇ ਭਾਵਪੂਰਤ ਢੰਗ ਨਾਲ ਵਰਨਣ ਕੀਤੀ ਹੈ। ਰੂਪ ਦੀ ਸਵੈਧੀਨਤਾ, ਅਤੇ ਸੀਨਾਜ਼ੋਰੀ ਅਤੇ ਇਸ਼ਕ ਦੀ ਪ੍ਰਾਧੀਨਤਾ ਅਤੇ ਮਜਬੂਰੀ ਦਾ ਇਸ ਵਿੱਚ ਕਿੰਨਾ ਸਹੀ ਚਿਤਰ ਖਿਚਿਆ ਗਿਆ ਹੈ, ਇਸੇ ਬੰਦਸ਼ ਦਾ ਇਕ ਹੋਰ ਸੇਅਰ ਹੈ :

ਦਿਲ ਵਿੱਚ ਮੈਨੂੰ ਥਾਂ ਨਹੀਂ ਦੇਂਦਾ
ਤੇਰੇ ਦਿਲ ਵਿੱਚ ਚੋਰ ਹੈ ਪਿਆਰੇ

ਇਹ ਗਿਲਾ ਤੇ ਆਮ ਹੁੰਦਾ ਹੈ ਕਿ ਪ੍ਰੇਮਕਾ ਦੇ ਦਿਲ ਵਿੱਚ ਪ੍ਰੇਮੀ ਲਈ ਥਾਂ ਨਹੀਂ ਹੁੰਦੀ

ਪਰ ਹਮਦਰਦ ਨੇ ਇਸੇ ਨੂੰ ਇਸ ਗਲ ਉੱਤੇ ਅਧਾਰਤ ਕਰਕੇ ਕਿ ਪ੍ਰੇਮਕਾ ਦੇ ਦਿਲ ਵਿੱਚ ਚੋਰ ਹੈ ਅਤੇ ਉਹ ਆਪਣੀ ਤੰਗਨਜ਼ਰੀ ਤੋਂ ਪਰਦਾ ਚੁਕੇ ਜਾਣ ਤੋਂ ਡਰਦੀ ਹੈ, ਪ੍ਰੇਮਕਾ ਉੱਤੇ ਕਰਾਰੀ ਚੋਟ ਕੀਤੀ ਹੈ ਇਸ ਤੋਂ ਵੀ ਹੋਰ ਤਿਖਾ ਵਿਅੰਗ ਵੇਖੋ :

ਪਿਆਰ ਤੇਰੇ ਦਿਲ ਵਿਚ ਕੀ ਉਗੇ
ਇਹ ਭੋਇੰ ਕੱਲਰ ਸ਼ੋਰ ਹੈ ਪਿਆਰੇ

ਪਹਿਲੇ ਦੋ ਸ਼ੇਅਰਾਂ ਵਾਂਗ ਇਸ ਸ਼ੇਅਰ ਵਿੱਚ ਵੀ ਰਦੀਫ਼—ਤੁਕਾਂਤ ਦੇ ਸ਼ਬਦ "ਪਿਆਰੇ" ਵਿਅੰਗ ਦੀ ਚੋਭ ਨੂੰ ਹੋਰ ਵੀ ਤਿਖੇਰੀ ਕਰ ਰਿਹਾ ਹੈ ।

ਹਮਦਰਦ ਦੀ ਰਚਨਾ ਦਾ ਇਹ ਗੁਣ ਕਿ ਉਹ ਸਾਧਾਰਨ ਲੋਕਾਂ ਦੀ ਸਮਝ ਆਉਣ ਵਾਲੀ ਅਤੇ ਆਸਾਧਾਰਨ ਲੋਕਾਂ ਨੂੰ ਪਸੰਦ ਆਉਣ ਵਾਲੀ ਹੁੰਦੀ ਹੈ. ਉਸ ਦੀਆਂ ਹਾਸਰਸੀ ਗਜ਼ਲਾਂ ਵਿੱਚ ਆਖਰੀ ਸੀਮਾ ਤਕ ਪੁਜਿਆ ਹੋਇਆ ਹੈ । ਇਸ ਲਈ ਇਨ੍ਹਾਂ ਗਜ਼ਲਾ ਦੇ ਚੋਣਵੇਂ ਸ਼ੇਅਰਾਂ ਨੂੰ ਨਮੂਨੇ ਦੇ ਤੌਰ ਤੇ ਵਿਸਥਾਰ ਅਤੇ ਵਿਆਖਿਆ ਸਹਿਤ ਪੇਸ਼ ਕਰਨਾ ਆਵਸ਼ਕ ਨਹੀਂ ਭਾਸਦਾ। ਇਨ੍ਹਾਂ ਗਜ਼ਲਾਂ ਵਿੱਚੋਂ ਇਕੋ ਗਜ਼ਲ ਦੇ ਤਿੰਨ ਸ਼ੇਅਰਾਂ ਦੀ ਪੜਚੋਲ ਜੋ ਕੀਤੀ ਗਈ ਹੈ ਤਾਂ ਨਜ਼ੀਰੀਦੇ ਕਥਨ ਅਨੁਸਾਰ:

ਜ਼ਫਰਕ ਤਾਂ ਬਕਦਮ ਹਰ ਕੁਜਾ ਕਿ ਮੀ
ਨਿਗਰਮ ਬੀਨਮ
ਕ੍ਰਿਸ਼ਮਾ ਦਾਮਨਿ ਦਿਲ ਮੀ ਕਸ਼ਟ ਕਿ ਜਾਈਂ
ਜਾਸਤ

ਭਾਵ ਪ੍ਰੇਮਕਾ ਦੇ ਸੁਹਪਣ ਨੂੰ ਧਿਆਨ ਕਰਦਿਆਂ ਸ਼ਾਇਰ ਨੇ ਕਿਹਾ ਹੈ ਕਿ ਸਿਰ ਤੋਂ ਪੈਰਾਂ ਤਕ ਜਿਥੇ ਵੀ ਮੇਰੀ ਨਜ਼ਰ ਪੈਂਦੀ ਹੈ ਰੂਪ ਦਾ ਜਾਦੂ ਨਜ਼ਰ ਨੂੰ ਖਿਚ ਲੈਂਦਾ ਹੈ ਅਤੇ ਪਰੇਰਨਾ ਦੇਂਦਾ ਹੈ ਕਿ ਇਸੇ ਥਾਂ ਨੂੰ ਵੇਖਦਾ ਰਹੋ ।

ਇਵੇਂ ਹਮਦਰਦ ਦੀ ਜੋ ਗਜ਼ਲ ਵੀ ਸਾਹਮਣੇ ਆਉਂਦੀ ਹੈ ਚੁਣਨਯੋਗ ਹੁੰਦੀ ਹੈ ਅਤੇ ਉਸਦਾ ਹਰ ਸ਼ੇਅਰ ਪਿਆਰਾ ਲਗਦਾ ਹੈ।

ਵਿਅੰਗ ਅਤੇ ਹਾਸ ਤੋਂ ਕਿਸੇ ਵੀ ਭਾਸ਼ਾ ਦੀ ਕਵਿਤਾ ਅਸਲੋਂ ਹੀ ਸਖਣੀ ਕਦੇ ਨਹੀਂ ਰਹੀ । ਉਰਦੂ ਦੀਆਂ ਗਜ਼ਲਾਂ ਵਿੱਚ ਥਾਂ ਥਾਂ ਸ਼ੇਖ ਅਤੇ ਜ਼ਾਹਦ ਦਾ ਮਖੌਲ ਉਡਾਇਆ ਗਿਆ ਅਤੇ ਵਾਅਜ਼ ਉੱਤੇ ਕਦਾਖ ਅਥਵਾ ਵਿਅੰਗ ਕੀਤਾ ਗਿਆ ਹੈ। ਦਾਗ਼ ਦਾ ਸ਼ੇਅਰ ਹੈ :

'ਜ਼ਾਤੇ ਥੇ ਮੂਹ ਛੁਪਾਏ ਹੂਏ ਮੈਅਕਦੇ ਕੋ ਹਮ
ਆਤੇ ਹੂਏ ਉਧਰ ਸੇ ਕਈ ਪਾਰਸਾ ਮਿਲੇ ।'

ਅਮੀਰ ਮੀਨਾਈ ਨੇ ਕਿਹਾ ਹੈ :

ਹਿਜਵੇ ਮੈਅ ਕਰ ਰਹਾ ਥਾ ਮਿਬਰ ਪਰ
ਹਮ ਜੋ ਪਹੁੰਚੇ ਤੋ ਪੀ ਗਿਆ ਵਾਅਜ਼ ।"

ਸੂਖਮ ਢੰਗ ਨਾਲ ਪ੍ਰੇਮਕਾ ਉੱਤੇ ਕਦਾਖ ਕਰਨ ਦੇ ਉਦਾਹਰਣ ਵੀ ਉਰਦੂ ਦੀਆਂ ਗਜ਼ਲਾਂ ਵਿੱਚ ਬਹੁਤ ਮਿਲਦੇ ਹਨ । ਦਾਗ਼ ਅਤੇ ਅਮੀਰ ਦੇ ਇਕ ਸਮਕਾਲੀ ਉਸਤਾਦ ਦਾ ਸ਼ੇਅਰ ਹੈ :

"ਨ ਮੈਂ ਸਮਝਾ ਨ ਆਪ ਆਏ ਕਹੀਂ ਸੇ
ਪਸੀਨਾ ਪੂਛੀਏ ਆਪਨੀ ਜਬੀਂ ਸੇ"

ਪਰੰਤੂ ਵਿਅੰਗ ਅਤੇ ਹਾਸ ਨੂੰ ਕਵਿਤਾ ਦਾ ਇਕ ਵਖਰਾ ਅਤੇ ਪੱਕਾ ਅੰਗ ਬਣਾ ਦੇਣ ਦਾ ਸਿਹਰਾ ਅਕਬਰ ਅਲਾਬਾਦੀ ਦੇ ਸਿਰ ਹੈ। ਅਕਬਰ ਕੇਵਲ ਸ਼ੇਖ ਅਤੇ ਵਾਅਜ਼ ਨੂੰ ਹੀ ਕਦਾਖ ਦਾ ਨਿਸ਼ਾਨਾ ਬਨਾਉਣ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਨੇ ਸਮਾਜ

ਦੇ ਹੋਰ ਵਰਗਾਂ ਨੂੰ ਵੀ ਇਸ ਦੀ ਲਪੇਟ ਵਿੱਚ ਲੈ ਆਂਦਾ ਹੈ ਅਤੇ ਬਹੁਤ ਸਾਰੀਆਂ ਉਨ੍ਹਾਂ ਗੱਲਾਂ ਦਾ ਮੌਜੂ ਵੀ ਉਡਾਇਆ ਜਿਹੜੀਆਂ ਉਸ ਨੂੰ ਚੰਗੀਆਂ ਨਹੀਂ ਸੀ ਲਗਦੀਆਂ । ਉਮਦਾਹਰਣ ਵਜੋਂ ਪਰਦੇ ਦੇ ਵਿਰੋਧੀਆਂ ਉੱਤੇ ਕੀਤੀ ਉਸ ਦੀ ਚੋਟ ਵੇਖੋ :

ਕਲ ਬੇਹਿਜਾਬ ਆਈਂ ਨਜ਼ਰ ਚੰਦ ਬੀਬੀਆਂ
ਅਕਬਰ ਜ਼ਮੀਂ ਮੇਂ ਗੈਰਤਿ ਕੌਮੀ ਸੇ ਗੜ ਗਇਆ
ਪੂਛਾ ਜੋ ਉਸਨੇ ਬੀਬੀਓ ਪਰਦੇ ਕੋ ਕਿਆ ਹੂਆ
ਕਹਿਨੇ ਲਗੀਂ ਕਿ ਅਕਲ ਪੈ ਮਰਦੋਂ ਕੀ ਪੜ ਗਇਆ ।

ਗ੍ਰਹਿਸਤ ਜੀਵਨ ਤੋਂ ਭੱਜਣ ਵਾਲਿਆਂ ਦੀ ਇਸ ਤਰ੍ਹਾਂ ਨਿਖੇਧੀ ਕੀਤੀ ਹੈ :

'ਹੁਏ ਇਸ ਕਦਰ ਮੁਹੱਜ਼ਬ ਕਭੀ ਘਰ ਕਾ ਮੂੰਹ ਨ ਦੇਖਾ ।
ਕਟੀ ਉਮਰ ਹੋਟਲੋਂ ਮੇਂ ਮਰੇ ਹਸਪਤਾਲ ਜਾ ਕਰ'

ਅੰਗਰੇਜ਼ੀ ਸਰਕਾਰ ਦੇ ਰਾਜ ਵਿੱਚ ਹਿੰਦੁਸਤਾਨ ਦੇ ਬਦਨਾਮ ਅਤੇ ਹੈਂਕੜੀ ਵਾਇਸਰਾਇ ਲਾਰਡ ਕਰਜ਼ਨ ਨੇ ਹਿੰਦੋਸਤਾਨੀਆਂ ਨੂੰ ਸੁਭਾਵਕ ਝੂਠੇ ਆਖਿਆ ਤਾਂ ਅਕਬਰ ਨੇ ਮੂੰਹ ਤੋੜ ਜਵਾਬ ਦੇਂਦਿਆਂ ਇਕ ਚੁਵਰਗਾ ਲਿਖਿਆ, ਜਿਸਦਾ ਆਖਰੀ ਮਿਸਰਾ ਸੀ :

'ਝੂਠੇ ਹੈਂ ਹਮ ਤੋ ਆਪ ਹੈਂ ਝੂਠੋਂ ਕੇ ਬਾਦਸ਼ਾਹ'

ਅਕਬਰ ਦੀ ਹਾਸ ਰਸ ਰਚਨਾ ਨੂੰ ਜਿਹੜੀ ਆਸਾਧਾਰਨ ਪ੍ਰਸਿੱਧੀ ਪ੍ਰਾਪਤ ਹੋਈ ਉਸਦਾ ਅਨੁਮਾਨ ਇਸ ਗੱਲ ਤੋਂ ਲਗ ਸਕਦਾ ਹੈ ਕਿ ਉਸ ਨੇ ਜਿੰਨਾ ਲੋਕਾਂ ਨੂੰ ਕਟਾਖ ਤੇ ਵਿਅੰਗ ਦਾ ਨਿਸ਼ਾਨਾ ਬਣਾਇਆ ਉਹ ਵੀ ਉਸਦਾ ਸੁਆਦ ਮਾਣਦੇ ਸਨ । ਇਸ ਲੋਕ ਪ੍ਰਿਯਤਾ ਤੋਂ ਪ੍ਰਭਾਵਿਤ ਹੋ ਕੇ ਇਕਬਾਲ ਵਰਗੇ ਜਗਤਾਨ ਸਿਧ ਸ਼ਾਇਰ ਨੂੰ ਵੀ ਹਾਸ ਰਸੀ ਰਚਨਾ ਕਰਨ ਦਾ ਸ਼ੌਕ ਉਠ ਖਲੋਤਾ ਪਰ ਉਸ ਨੂੰ ਉਹ ਪ੍ਰਸਿੱਧੀ ਪ੍ਰਾਪਤ ਨਾ ਹੋ ਸਕੀ ਜਿਹੜੀ ਅਕਬਰ ਨੂੰ ਪ੍ਰਾਪਤ ਹੋਈ । ਇਸ ਅਸਫਲਤਾ ਦੇ ਅਧਾਰ ਉੱਤੇ ਇਹ ਕਹਿਣਾ ਗਲਤ, ਬਿਲਕੁਲ ਗਲਤ ਅਤੇ ਨਿਆਂ ਤੋਂ ਦੂਰ ਹੋਵੇਗਾ ਕਿ ਕਵਿਤਾ ਦੀ ਦੁਨੀਆਂ ਵਿੱਚ ਉਸ ਨੂੰ ਜੋ ਉੱਚ ਪਦਵੀ ਪ੍ਰਾਪਤ ਹੈ ਉਸਦਾ ਉਹ ਅਧਿਕਾਰੀ ਨਹੀਂ ਸੀ । ਵਧ ਤੋਂ ਵੱਧ ਇਹੋ ਕਿਹਾ ਜਾ ਸਕਦਾ ਹੈ ਕਿ ਹਰ ਉੱਚ ਕੋਟੀ ਦਾ ਸ਼ਾਇਰ ਅਵਸ਼ਕ ਤੌਰ ਤੇ ਉੱਚ ਪੱਧਰ ਦਾ ਹਾਸ ਰਸੀ ਸ਼ਾਇਰ ਨਹੀਂ ਹੁੰਦਾ ।

ਪੰਜਾਬੀ ਦੀ ਕਵਿਤਾ ਵਿੱਚ ਵਿਅੰਗ ਅਤੇ ਹਾਸ ਦਾ ਅੰਸ਼ ਉਰਦੂ ਦੀ ਸ਼ਾਇਰੀ ਨਾਲੋਂ ਸਦਾ ਵਧ ਰਿਹਾ ਹੈ । ਪਰ ਜਿੱਥੋਂ ਤਕ ਹਾਸ ਰਸੀ ਅੰਦਾਜ਼ ਵਿੱਚ ਗ਼ਜ਼ਲ ਕਹਿਣ ਦਾ ਸਬੰਧ ਹੈ ਮੋਹਰੀ ਅਤੇ ਪ੍ਰਥਮ ਹੋਣ ਦਾ ਮਾਣ ਹਮਦਰਦ ਦੇ ਹੀ ਹਿੱਸੇ ਆਇਆ ਹੈ । ਅਕਬਰ ਦੀ ਹਾਸ ਰਸੀ ਰਚਨਾ ਜਿਹੜੀ ਕਾਫੀ ਮਾਤਰਾ ਵਿਚ ਹੈ ਵਧੇਰੇ ਕਰਕੇ ਫੁਟਕਲ ਸ਼ੇਅਰਾਂ ਜਾਂ ਦੋ ਦੋ ਤਿੰਨ ਸ਼ੇਅਰਾਂ ਦੇ ਛੋਟੀਆਂ ਛੋਟੀਆਂ ਕਾਵਿ ਟੁਕੜੀਆ ਉੱਤੇ ਨਿਰਭਰ ਹੈ । ਕੁਝ ਕਾਵਿ ਟੁਕੜੀਆਂ ਕਿਸੇ ਹਦ ਤਕ ਲੰਮੀਆਂ ਵੀ ਹਨ ਪਰ ਉਨ੍ਹਾਂ ਦੀ ਸੰਖਿਆ ਬਹੁਤ ਥੋੜੀ ਹੈ । ਹਮਦਰਦ ਨੇ ਪੂਰੀਆਂ ਦੀਆਂ ਪੂਰੀਆਂ ਗ਼ਜ਼ਲਾਂ ਵਿਅੰਗ ਅਤੇ ਹਾਸ ਦੇ ਰੰਗ ਵਿੱਚ ਕਹੀਆਂ ਹਨ । ਇਹ ਗ਼ਜ਼ਲਾਂ ਸੰਖਿਆ ਵਿੱਚ ਸੌ ਦੇ ਲਗ ਭਗ ਹਨ ਪਰ ਅਜਿਹੀਆਂ ਗਜ਼ਲਾਂ ਦੀ ਏਨੀ ਭਾਰੀ ਰਚਨਾ

ਦੇ ਰਚਨ ਦੇ ਬਾਵਜੂਦ ਕਲਾਮ ਦੀ ਪੁਖਤਗੀ ਬਾਵਜੂਦ ਕਲਾਮਾ (ਰਚਨਾ) ਦੀ ਪਕਿਆਈ ਵਿੱਚ ਕਿਤੇ ਫਰਕ ਨਹੀਂ ਆਇਆ। ਹਰ ਗ਼ਜ਼ਲ ਆਦਿ ਤੋਂ ਅੰਤ ਤਕ ਸਾਂਝੀ, ਸੰਤੁਲਤ ਅਤੇ ਸਭ ਕਾਵਿ ਗੁਣਾਂ ਨਾਲ ਸੁਸਜਿਤ ਹੈ।

ਖੁਸ਼ੀ ਦੀ ਗੱਲ ਹੈ ਕਿ ਇਹ ਗਜ਼ਲਾਂ ਹੁਣ ਪੁਸਤਕ ਰੂਪ ਵਿੱਚ ਪਾਠਕਾ ਦੇ ਸਾਹਮਣੇ ਆ ਰਹੀਆਂ ਹਨ। ਪੁਸਤਕ ਰੂਪ ਵਿੱਚ ਇਨ੍ਹਾਂ ਦਾ ਪ੍ਰਕਾਸ਼ਨ ਪੰਜ਼ਾਬੀ ਕਵਿਤਾ ਦੇ ਹਾਸ ਰਸੀ ਸਾਹਿਤ ਵਿੱਚ ਇਕ ਬਹੁਮੁਲਾ ਵਾਧਾ ਸਿਧ ਹੋਵੇਗਾ। ਇਨ੍ਹਾਂ ਗਜ਼ਲਾਂ ਵਿੱਚੋਂ ਕੋਈ ਇਕ ਦਰਜਨ ਗਜ਼ਲਾਂ, ਪ੍ਰੇਮਕਾ ਦੇ ਸ਼ਹਿਰ ਦੇ ਨਜ਼ਾਰਿਆਂ ਅਤੇ ਦਿਲਚਸਪੀ ਦੇ ਵਰਨਣ ਨਾਲ ਸਬੰਧ ਹਨ ਅਤੇ ਉਹ ਬਹੁਤ ਹੀ ਰੋਚਕ ਹਨ। ਮੈਂ ਇਨ੍ਹਾਂ ਵਿੱਚੋਂ ਤਿੰਨ ਗਜ਼ਲਾਂ ਦੇ ਕੁਝ ਕੁ ਸ਼ੇਅਰ ਹੇਠਾਂ ਦਰਜ ਕਰਦਾ ਹਾਂ। ਵਿਅੰਗ ਅਤੇ ਕਦਾਖ ਦੇ ਰਸੀਆਂ ਦੇ ਮਨੋਰੰਜਨ ਲਈ ਨਹੀਂ ਸਗੋਂ ਆਪ ਅਨੰਦ ਮਾਣਨ ਅਤੇ ਹਮਦਰਦ ਪ੍ਰਤੀ ਵਧਾਈ ਦੇਣ ਦੇ ਮਨੋਰਥ ਨਾਲ।

ਸਾਧੂ ਸਿੰਘ ਹਮਦਰਦ ਦੀ ਗ਼ਜ਼ਲ ਕਲਾ-ਐਬਾਂ ਤੋਂ ਰਹਿਤ ਰਚਨਾ

ਨੰਦ ਲਾਲ ਐਸ਼

ਗ਼ਜ਼ਲ ਉਸ ਨੇ ਛੇੜੀ ਮੁਝੇ ਸਾਜ਼ ਦੇਨਾ ।
ਜ਼ਰਾ ਉਮਰਿ ਰਫ਼ਤਾ ਕੋ ਆਵਾਜ਼ ਦੇਨਾ ।

"ਗ਼ਜ਼ਲ" ਸ਼ਾਇਰੀ ਦੀ ਇਕ ਖਾਸ ਸਨਅਤ ਦਾ ਨਾਂ ਹੈ ਜੋ ਸਭ ਤੋਂ ਪਹਿਲਾਂ ਈਰਾਨ ਵਿਚ ਉਜਾਗਰ ਹੋਈ । ਫਾਰਸੀ ਬੋਲੀ ਵਿੱਚ ਗਜ਼ਲ ਕਮਾਲ ਦੇ ਸਿਖਰ ਤਕ ਪਹੁੰਚੀ ਅਤੇ ਹਾਫਿਜ਼ ਸ਼ੀਰਾਜ਼ੀ ਅਤੇ ਨਜ਼ੀਰੀ ਨੂੰ ਨੀਸ਼ਾਪੁਰੀ ਨੇ ਇਸ ਨੂੰ ਚਾਰ ਚੰਨ ਲਾਏ । ਭਾਵੇਂ ਸ਼ਾਇਰੀ ਦੀਆਂ ਹੋਰ ਵੀ ਕਈ ਸਨਅਤਾਂ ਹਨ ਪਰ ਜਿਹੜਾ ਉੱਚਾ ਸਥਾਨ ਗਜ਼ਲ ਨੂੰ ਪ੍ਰਾਪਤ ਹੈ, ਉਹ ਇਸ ਵੇਲੇ ਕਸੀਦੇ, ਮਰਸੀਏ, ਮਸਨਵੀ, ਮਸੱਦਸ, ਖੁਲ੍ਹੀ ਕਵਿਤਾ ਨੂੰ ਪ੍ਰਾਪਤ ਨਹੀਂ ।

ਉਰਦੂ ਗ਼ਜ਼ਲ ਦਾ ਸੋਮਾ ਵੀ ਫਾਰਸੀ ਗਜ਼ਲ ਹੈ ਅਤੇ ਮਿਰਜ਼ਾ ਅਸਦਾਲਾਹ ਖਾਂ ਗਾਲਬ ਵਰਗੇ ਕਮਾਲ ਦੇ ਉਰਦੂ ਕਵੀ ਦੀ ਸਰਬ ਉਤਮ ਰਚਨਾ ਫਾਰਸੀ ਵਿੱਚ ਹੈ । ਅਤੇ ਗਜ਼ਲ ਵਿੱਚ ਵੀ ਕਾਫੀਆ, ਰਦੀਫ ਦੀ ਕੈਦ, ਮਤਲਾਅ, ਮਕਤਾ ਦਾ ਨਿਭਾਓ ਫਾਰਸੀ ਗਜ਼ਲ ਦੇ ਅਨੁਸਾਰ ਹੈ ।

ਇਸ ਸਚਾਈ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਜਿੱਥੇ ਕਵਿਤਾ ਦਾ ਅਸਰ ਸਮੂਹਕ ਹੁੰਦਾ ਹੈ, ਉਥੇ ਗਜ਼ਲ ਦਾ ਇਕ ਇਕ ਸ਼ਿਅਰ, ਸਗੋਂ ਇਕ ਇਕ ਮਿਸਰਾ ਤੀਰ–ਨਸ਼ਤਰ ਦਾ ਕੰਮ ਕਰਦਾ ਹੈ । ਕੋਈ ਵਕਤ ਸੀ ਕਿ ਗਜ਼ਲ ਸਿਰਫ ਸਤੱਈ ਜਜ਼ਬਿਆਂ ਨੂੰ ਪਰਗਟ ਕਰਦੀ ਸੀ ਅਤੇ ਗੁਲੋ–ਬੁਲਬਲ ਦੇ ਅਫਸਾਨਿਆਂ ਦੀ ਤਰਜਮਾਨੀ ਤਕ ਹੀ ਸੀਮਤ ਸੀ । ਅਤੇ ਉਰਦੂ ਦੇ ਬਹੁਤੇ ਸ਼ਿਅਰਾਂ ਤੇ ਗਜ਼ਲਾਂ ਵਿੱਚ ਬਨਾਵਟੀ ਇਸ਼ਕ–ਮੁਹੱਬਤ ਦੇ ਅਜੀਬ ਅਜੀਬ ਵਿਸਤਾਰ ਹੀ ਬਿਆਨ ਕਰਦੇ ਰਹਿੰਦੇ ਸਨ । ਪਰ ਮੀਰ, ਗਾਲਿਬ ਅਤੇ ਬਿਨਸ਼ਾ ਪਿੱਛੋਂ ਇਕਬਾਲ,ਯਾਸ ਯਗਾਨਾ, ਜਿਗਰ ਮੁਰਾਦਾਬਾਦੀ ਸੀਮਾਬ ਅਕਬਰਾਬਾਦੀ, ਹਫੀਜ਼ ਜਲੰਧਰੀ ਅਤੇ ਅਸਗਰ ਗੋਂਡਵੀ ਨੇ ਗਜ਼ਲ ਨੂੰ ਉਚਤਮ ਕਲਪਨਾ ਦੇ ਪਰਗਟਾਵੇ ਦਾ ਮਾਧਿਅਮ ਬਣਾਇਆ ਅਤੇ ਉਰਦੂ ਗਜ਼ਲ ਇਕ ਅਜਿਹੇ ਬਹੁ–ਮੁਲੇ ਸਰਮਾਏ ਨਾਲ ਮਾਲਾ ਮਾਲ ਕਰ ਦਿੱਤਾ ਕਿ ਇਸ ਦਾ ਜੁਆਬ ਨਹੀਂ । ਦੇਸ਼ ਦੀ ਵੰਡ ਤੋਂ ਬਾਅਦ ਉਰਦੂ ਬੋਲੀ ਉੱਤੇ ਵੀ ਮੁਸੀਬਤ ਦਾ ਪਹਾੜ ਟੁੱਟ ਪਿਆ । ਇਸ ਨੂੰ ਨਿਕਾਸੀ ਜਾਇਦਾਦ ਕਰਾਰ ਦੇਣ ਦੀ ਥਾਂ ਦੇਸ਼ ਦੇ ਭਰਾ, ਉਰਦੂ ਨੂੰ ਵੀ ਉਧਾਲੀਆਂ ਔਰਤਾਂ ਵਾਂਗ ਦੇਸ਼ ਨਿਕਾਲਾ ਦੇਣ ਲਈ ਤਤਪਰ ਸਨ । ਪਰ ਉਰਦੂ ਸਖ਼ਤ-ਜਾਨ

ਨਿਕਲੀ । ਆਪਣੇ ਅਤੇ ਬਿਗਾਨੇ, ਦੋਹਾਂ ਉਰਦੂ-ਘਾਤ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਅਤੇ ਅੱਜ ਵੀ ਦੇਸ਼ ਵਿੱਚ ਉਰਦੂ ਮੁਸ਼ਾਇਰਿਆਂ ਲਈ ਇਸ ਖਾਸ ਦਿਲਚਸਪੀ ਮੌਜੂਦ ਹੈ ਅਤੇ ਇਹ ਸਭ ਕੁਝ ਗਜ਼ਲ ਦੀ ਦੇਣ ਹੈ । ਗਜ਼ਲ ਦੀ ਕਾਮਯਾਬੀ ਇਸ ਤੋਂ ਵਧ ਕਿ ਹੋਰ ਕੀ ਸਬੂਤ ਹੋਵੇਗਾ ਕਿ ਪੰਜਾਬੀ ਬੋਲੀ ਦੇ ਮੰਨੇ ਪਰਮੰਨੇ ਕਵੀਆਂ ਨੇ ਇਸ ਮੈਦਾਨ ਵਿੱਚ ਮਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ ।

ਇਹ ਨਹੀਂ ਕਿ ਅੱਜ ਤੋਂ ਪਹਿਲਾਂ ਪੰਜਾਬੀ ਬੋਲੀ ਵਿੱਚ ਗਜ਼ਲ ਦੀ ਹੋਂਦ ਹੀ ਨਹੀਂ ਸੀ ਕਿਉਂਕਿ ਲਾਲਾ ਧਨੀ ਰਾਮ ਚਾਤ੍ਰਿਕ, ਮੁਨਸ਼ੀ ਮੌਲਾਬਖਸ਼ ਕੁਸ਼ਤਾ ਅਤੇ ਉਰਦੂ ਦੇ ਪ੍ਰਸਿੱਧ ਕਵੀ ਸੋਹਨ ਲਾਲ ਸਾਹਿਰ ਨੇ ਵੀ ਪੰਜਾਬੀ ਵਿੱਚ ਗਜ਼ਲਾਂ ਲਿਖੀਆਂ ਹਨ (ਭਾਵੇਂ ਉਹ ਵਕਤੀ ਫਿਲਮੀ ਜ਼ਰੂਰਤਾਂ ਲਈ ਹੀ ਸਨ, ਫਿਰ ਉਨ੍ਹਾਂ ਇਧਰ ਕਦੀ ਧਿਆਨ ਨਹੀਂ ਦਿਤਾ) । ਪਰ ਦੇਸ਼ ਦੀ ਵੰਡ ਪਿੱਛੋਂ ਸ੍ਰੀ ਦਰਸ਼ਨ ਸਿੰਘ ਆਵਾਰਾ ਅਤੇ ਸ੍ਰੀ ਸਾਧੂ ਸਿੰਘ ਹਮਦਰਦ ਨੇ ਪੰਜਾਬੀ ਗਜ਼ਲ ਵਲ ਖਾਸ ਧਿਆਨ ਦਿੱਤਾ ਹੈ । ਉਂਝ ਤਾਂ ਪੰਜਾਬੀ ਗਜ਼ਲ ਦਾ ਭੂਤ ਕਈ ਨਵੇਂ ਪੰਜਾਬੀ ਕਵੀਆਂ ਦੇ ਸਿਰ ਸਵਾਰ ਹੈ ਪਰ ਇਹ ਇਕ ਤਲਖ ਹਕੀਕਤ ਹੈ ਕਿ ਇਨ੍ਹਾਂ ਵਿੱਚ ਜ਼ਿਆਦਾ ਨਹੀਂ ਤਾਂ 80 ਫੀ ਸਦੀ ਲੋਕ ਬਹਿਰ, ਅਰੂਜ਼ ਅਤੇ ਵਜ਼ਨ ਦੀਆਂ ਗੰਭੀਰ ਗਲਤੀਆਂ ਕਰਦੇ ਹਨ ਜਿਨ੍ਹਾਂ ਦੇ ਕਾਰਨ ਇਨ੍ਹਾਂ ਦੀਆਂ ਗਜ਼ਲਾਂ ਕਿਸੇ ਵੀ ਹਾਲਤ ਵਿੱਚ ਚੰਗੀ ਪੱਧਰ ਦੀਆਂ ਨਹੀਂ ਬਣ ਸਕੀਆਂ ਅਤੇ ਇਨ੍ਹਾਂ ਵਿੱਚ ਉਹ ਲੋਚ, ਲਚਕ ਅਤੇ ਪਕਿਆਈ ਨਹੀਂ ਆਈ ਜੋ ਕਿ ਗਜ਼ਲ ਦੀ ਜਾਨ ਹੈ । ਕਵੀ ਦਰਬਾਰਾਂ ਵਿੱਚ ਵੀ ਬਹੁਤ ਵਾਰੀ ਹਿੰਦੀ ਅਤੇ ਪੰਜਾਬੀ ਕਵੀਆਂ ਨੂੰ ਗਜ਼ਲਾਂ, ਕਿਤਿਆਂ ਅਤੇ ਰੁਬਾਈਆਂ ਪੜ੍ਹਨੀਆਂ ਪੈਂਦੀਆਂ ਹਨ ਅਤੇ ਕੇ ਉਹ ਗਜ਼ਲ ਕਿਤੇ ਅਤੇ ਰੁਬਾਈ ਦੇ ਅਸੂਲਾਂ ਤੋਂ ਪੂਰੀ ਤਰ੍ਹਾਂ ਅਣ-ਜਾਣ ਹੁੰਦੇ ਹਨ । ਇਹ ਚੀਜ਼ ਹਿੰਦੀ ਜਾਂ ਪੰਜਾਬੀ ਗਜ਼ਲ ਦੀ ਹੋਰ ਤਰੱਕੀ ਦੇ ਰਾਹ ਵਿੱਚ ਵੀ ਜ਼ਬਰਦਸਤ ਰੁਕਾਵਟ ਹੈ—ਪਰ ਸਾਧੂ ਸਿੰਘ ਹਮਦਰਦ ਦੀਆਂ ਗਜ਼ਲਾਂ ਨੇ ਇਸ ਚੰਮ ਰੰਗ ਬਦਲ ਦਿੱਤਾ ਹੈ । ਇਨ੍ਹਾਂ ਦੀਆਂ ਪੰਜਾਬੀ ਗਜ਼ਲਾਂ ਦਾ ਸੰਗ੍ਰਿਹ ਅਜੇ ਪਿੱਛੇ ਜਿਹੇ ਹੀ "ਗਜ਼ਲ" ਦੇ ਨਾਂ ਨਾਲ ਪ੍ਰਕਾਸ਼ਿਤ ਹੋਇਆ ਹੈ । ਇਸ ਸੰਗ੍ਰਿਹ ਦਾ ਧਿਆਨ ਨਾਲ ਅਧਿਅਨ ਕਰੀਏ ਤਾਂ ਦਾਅਵਾ ਕੀਤਾ ਜਾ ਸਕਦਾ ਹੈ ਕਿ ਹਮਦਰਦ ਦੀਆਂ ਪੰਜਾਬੀ ਗਜ਼ਲਾਂ ਸਾਰੇ ਕਲਾ-ਐਬਾਂ ਤੋਂ ਰਹਿਤ ਹਨ । ਇਨ੍ਹਾਂ ਗਜ਼ਲਾਂ ਵਿੱਚ ਜਿੱਥੇ ਸੁੰਦਰਤਾ, ਕਲਪਨਾ ਅਤੇ ਵਿਚਾਰ ਪੂਰੀ ਸੁੰਦਰਤਾ ਵਿੱਚ ਨਜ਼ਰ ਆਉਂਦੇ ਹਨ, ਉਥੇ ਕਾਫੀਆ ਰਦੀਫ਼ ਅਤੇ ਵਜ਼ਨ ਦੀਆਂ ਪਾਬੰਦੀਆਂ ਨੂੰ ਵੀ ਬੜੀ ਉਤਮਤਾ ਨਾਲ ਨਿਭਾਇਆ ਹੈ । ਇਨ੍ਹਾਂ ਗਜ਼ਲਾਂ ਵਿੱਚ ਕੋਈ ਉਕਤੀ ਨਹੀਂ ਅਤੇ ਇਹੋ ਗੱਲ ਹਮਦਰਦ ਸਾਹਿਬ ਦੀ ਇਸ ਰਚਨਾ ਦੀ ਨਵੇਕਲੀ ਵਿਸ਼ੇਸ਼ਤਾ ਹੈ ਅਤੇ ਇਸ ਦਾ ਇਕ ਖਾਸ ਕਾਰਨ ਇਹ ਹੈ ਕਿ ਸ੍ਰੀ ਹਮਦਰਦ ਨੇ ਆਪਣੀ ਪੰਜਾਬੀ ਗਜ਼ਲ ਉਰਦੂ ਦੇ ਇਕ ਪ੍ਰਸਿੱਧ ਉਸਤਾਦ ਆਲੋਚਕ ਅਤੇ ਉੱਚ ਕੋਟੀ ਦੇ ਕਵੀ ਜਨਾਬ ਜੋਸ਼ ਮਲਸਿਆਨੀ ਤੋਂ ਬਾਕਾਇਦਾ ਇਸਲਾਹ ਲਈ ਹੈ । ਇਸ ਇਸਲਾਹ ਨੂੰ ਜਨਾਬ ਹਮਦਰਦ ਦੇ ਕਲਾਮ ਦੇ

ਸਿਲਸਿਲੇ ਵਿੱਚ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ ਹੈ ਅਤੇ ਪੰਜਾਬੀ ਸਾਹਿਤ ਵਿੱਚ ਅਤਿ ਉੱਚ ਕੋਟੀ ਦੇ ਸਾਹਕਾਰ ਦਾ ਵਾਧਾ ਹੋਇਆ ਹੈ, ਜਿਸ ਤੋਂ ਆਸ ਪੈਦਾ ਹੋਣ ਲੱਗੀ ਹੈ ਕਿ ਪੰਜਾਬੀ ਬੋਲੀ ਦੇ ਕਵੀ ਨਿਕਟ ਭਵਿਖ ਵਿੱਚ ਅਜਿਹੀਆਂ ਗ਼ਜ਼ਲਾਂ ਕਹਿਣ ਵਿੱਚ ਸਫਲ ਹੋ ਜਾਣਗੇ ਜਿਨ੍ਹਾਂ ਦੀ ਮਿਠਾਸ ਅਤੇ ਰੌਚਿਕਤਾ ਸਾਹਿਤ-ਰਸੀਆਂ ਦੀ ਪਿਆਸ ਬੁਝਾਉਣ ਦੀਆਂ ਜ਼ਾਮਨ ਹੋਣਗੀਆਂ ਅਤੇ ਪੂਰਨ ਆਸ ਹੈ ਕਿ ਪੰਜਾਬੀ ਗ਼ਜ਼ਲ ਕਾਫ਼ੀ ਹਦ ਤਕ ਉਰਦੂ ਗ਼ਜ਼ਲ ਦੀ ਥਾਂ ਸਾਂਭ ਲਵੇਗੀ। ਉਸ ਹਾਲਾਤ ਵਿੱਚ ਜੇ ਉਰਦੂ ਕਿਸੇ ਹੱਦ ਤਕ ਖ਼ਤਮ ਵੀ ਹੋ ਗਈ ਤਾਂ ਜ਼ਿਆਦਾ ਦੁਖ ਨਹੀਂ ਹੋਵੇਗਾ ਕਿਉਂਕਿ ਉਰਦੂ ਦੀ ਜਾਨ ਗ਼ਜ਼ਲ ਦੇ ਰੂਪ ਵਿੱਚ ਬਾਕੀ ਰਹੇਗੀ। ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਸਾਧੂ ਸਿੰਘ ਹਮਦਰਦ ਦੀ ਇਹ ਰਚਨਾ ਪੰਜਾਬੀ ਕਵੀਆਂ ਲਈ ਚਾਨਣ ਮੁਨਾਰਾ ਹੈ ਅਤੇ ਉਹ ਸਚਮੁਚ ਹੀ ਪੰਜਾਬੀ ਗ਼ਜ਼ਲ ਨੂੰ ਉੱਚ ਪੱਧਰ ਉੱਤੇ ਵੇਖਣ ਦੇ ਚਾਹਵਾਨ ਹਨ ਤਾਂ ਉਨ੍ਹਾਂ ਨੂੰ ਹਮਦਰਦ ਸਾਹਿਬ ਦੇ ਪੈਰ ਚਿੰਨ੍ਹਾ ਉੱਤੇ ਚਲਣਾ ਚਾਹੀਦਾ ਹੈ ਅਤੇ ਗ਼ਜ਼ਲ ਕਹਿਣ ਤੋਂ ਪਹਿਲਾਂ ਉਸ ਦੇ ਸਾਰੇ ਲੱਛਣਾਂ ਨੂੰ ਮੁਖ ਰਖਣਾ ਚਾਹੀਦਾ ਹੈ। ਗ਼ਜ਼ਲ ਕਹਿਣ ਵਿੱਚ ਉਰਦੂ ਕਵੀਆਂ ਨੇ ਫ਼ਾਰਸੀ ਕਵੀਆਂ ਦੀ ਵਿਸ਼ਾਲ ਦ੍ਰਿਸ਼ਟੀ ਅਤੇ ਕਲਾਤਮਕ ਸਫਲਤਾ ਤੋਂ ਲਾਭ ਉਠਾਉਣ ਵਿੱਚ ਕੋਈ ਕੰਜੂਸੀ ਨਹੀਂ ਵਰਤੀ ਤਾਂ ਪੰਜਾਬੀ ਕਵੀਆਂ ਨੂੰ ਉਰਦੂ ਕਵੀਆਂ ਦੀ ਕਲਾਤਮਕ ਸੂਝ ਅਪਨਾਉਣ ਦਾ ਕੀ ਹਰਜ ਹੈ। ਸਾਧੂ ਸਿੰਘ ਹਮਦਰਦ ਵਧਾਈ ਦੇ ਪਾਤਰ ਹਨ ਕਿ ਇਨ੍ਹਾਂ ਨੇ ਨਾ ਕੇਵਲ ਉੱਚ ਕੋਟੀਆਂ ਦੀਆਂ ਗ਼ਜ਼ਲਾਂ ਕਹੀਆਂ ਹਨ, ਸਗੋਂ ਇਸ ਤਰ੍ਹਾਂ ਪੰਜਾਬੀ ਬੋਲੀ ਨੂੰ ਜ਼ਿਆਦਾ ਅਮੀਰ ਬਣਾਇਆ ਹੈ।

ਸਾਧੂ ਸਿੰਘ ਹਮਦਰਦ ਦੇ ਇਸ ਸੰਗ੍ਰਿਹ ਵਿੱਚੋਂ ਮੈਨੂੰ ਅਜਿਹੇ ਸ਼ੇਅਰ ਮਿਲੇ ਹਨ ਜਿਨ੍ਹਾਂ ਵਿੱਚ ਹਾਫ਼ਿਜ਼ ਅਤੇ ਸਾਅਦੀ ਦਾ ਰੰਗ ਉਘੜਦਾ ਹੈ।

○ ○



ਮਾਡਰਨ ਗਜ਼ਲ

ਪ੍ਰਿੰਸੀਪਲ ਸੰਤ ਸਿੰਘ ਸੇਖੋਂ

ਹਮਦਰਦ ਜੀ ਪੰਜਾਬੀ ਕਵਿਤਾ ਦੇ ਉਸ ਮੰਡਲ ਦੇ ਸਿਤਾਰੇ ਹਨ, ਜਿਨ੍ਹਾਂ ਉਤੇ ਉਰਦੂ ਸ਼ਾਇਰੀ ਦੇ ਪ੍ਰਭਾਵ ਪ੍ਰਬਲ ਹਨ। ਇਨ੍ਹਾਂ ਪ੍ਰਭਾਵਾਂ ਦਾ ਸਦਕਾ ਉਹ ਕਵਿਤਾ ਦੇ ਗ਼ਜ਼ਲ ਰੂਪ ਦੇ ਚੰਗੇ ਅਭਿਆਸਕਾਰ ਹੀ ਨਹੀਂ, ਕਲਾਕਾਰ ਹਨ। ਉਨ੍ਹਾਂ ਦਾ ਪੰਜਾਬੀ ਗ਼ਜ਼ਲਾਂ ਦਾ ਇਕ ਸੰਗ੍ਰਿਹ 'ਗ਼ਜ਼ਲ' ਨਾਮ ਹੇਠਾਂ ਪ੍ਰਕਾਸ਼ਿਤ ਹੋ ਕੇ ਪੰਜਾਬੀ ਸਾਹਿਤ ਦੇ ਰਸੀਆਂ ਪਾਸੋਂ ਸ਼ਲਾਘਾ ਵੀ ਪ੍ਰਾਪਤ ਕਰ ਚੁਕਾ ਹੈ। ਮੈਂ ਉਨ੍ਹਾਂ ਦੇ ਸ਼ਲਾਘਾਕਾਰਾਂ ਵਿਚੋਂ ਇਕ ਹਾਂ।

ਪੰਜਾਬੀ ਕਵਿਤਾ ਦੇ ਜਗਤ ਵਿਚ ਕੁਝ ਪੱਛਮੀ ਪ੍ਰਭਾਵਾਂ ਅਧੀਨ ਤੇ ਕੁਝ ਜਾਣਕਾਰੀ ਦੀ ਥੁੜ ਦੇ ਕਾਰਨ ਕਾਵ ਰੂਪ ਵਲੋਂ ਉਦਾਸੀ ਤੇ ਲਾਪਰਵਾਹੀ ਦੱਵੇਂ ਅਧਿਕ ਵਿਆਪਕ ਹਨ। ਮੈਂ ਆਪਣੀ ਲਿਖਤ ਤੇ ਕਥਨੀ ਵਿਚ ਬਹੁਤ ਵਾਰੀ ਇਸ ਘਾਟੇ ਵਜੋਂ ਖੇਦ ਪ੍ਰਗਟ ਕੀਤਾ ਹੈ। ਹਮਦਰਦ ਜੀ ਨੂੰ ਵੀ ਇਸ ਘਾਟ ਦਾ ਬਹੁਤ ਖੇਦਕਾਰੀ ਅਨੁਭਵ ਹੈ। ਅਸਲ ਵਿਚ ਤਾਂ ਇਸੇ ਅਨੁਭਵ ਅਧੀਨ ਹਮਦਰਦ ਜੀ ਨੇ ਪੰਜਾਬੀ ਵਿਚ ਗ਼ਜ਼ਲ ਲਿਖਣੀ ਸ਼ੁਰੂ ਕੀਤੀ ਸੀ, ਜਿਸ ਕਰਨੀ ਰਾਹੀਂ ਉਹ ਪੰਜਾਬੀ ਕਵਿਤਾ ਦੇ ਖੇਤਰ ਵਿਚ ਪੂਰਬੀ ਕਾਵਿ—ਰੂਪ ਵਲ ਚੇਤਨਤਾ ਦੀ ਪਰਤ ਪਾਣ ਦੀ ਆਸ ਰਖਦੇ ਸਨ ਤੇ ਰਖਦੇ ਹਨ। ਮੈਂ ਵੀ ਇਸ ਆਸ ਵਿਚ ਉਨ੍ਹਾਂ ਦਾ ਭਾਈ—ਵਾਲ ਹਾਂ।

ਹਮਦਰਦ ਜੀ ਕਿਸ ਕੋਟੀ ਦੇ ਗ਼ਜ਼ਲਗੋ ਹਨ, ਇਹ ਕਹਿਣਾ, ਪੰਜਾਬੀ ਦੇ ਪ੍ਰਸੰਗ ਵਿਚ, ਕੁਝ ਔਖਾ ਹੈ। ਅਸਲ ਵਿਚ ਤਾਂ ਹੁਣ ਉਰਦੂ ਸ਼ਾਇਰੀ ਵਿਚ, ਤੇ ਸ਼ਾਇਦ ਫਾਰਸੀ ਤੇ ਅਰਬੀ ਸ਼ਾਇਰੀ ਵਿਚ ਵੀ ਗ਼ਜ਼ਲ ਇਕ ਪੁਰਾਤਨ ਰੂਪ ਬਣਦਾ ਜਾ ਰਿਹਾ ਹੈ। ਪੂਰਬ ਤੇ ਪੱਛਮ ਦੋਹਾਂ ਵਿਚ ਸਾਹਿਤ ਤੇ ਭਾਸ਼ਾ ਦੇ ਪੁਰਾਣੇ ਵਿਧਾਨ ਟੁਟ ਰਹੇ ਹਨ, ਤੇ ਨਵੇਂ ਹਾਲੀ ਸਥਾਪਤ ਹੁੰਦੇ ਦਿਖਾਈ ਨਹੀਂ ਦੇ ਰਹੇ। ਫਿਰ ਵੀ ਕੁਝ ਸਿਦਕ ਵਾਲੇ ਲੋਕ ਹਨ, ਸਭਨੀ ਪਾਸੀਂ, ਜੋ ਪਰੰਪਰਾ-ਗਤ ਸਾਹਿਤਕ ਰੂਪਾਂ ਨੂੰ ਤਿਲਾਂਜਲੀ ਦੇਣ ਦਾ ਹੀਆ ਨਹੀਂ ਰਖਦੇ।

ਮੇਰੀ ਸਾਹਿਤ ਆਲੋਚਨਾ ਬਾਰੇ ਇਹ ਵਿਚਾਰ ਪ੍ਰਚਲਿਤ ਹੈ, ਤੇ ਠੀਕ ਵੀ ਹੈ, ਕਿ ਮੈਂ ਸਾਹਿਤ ਵਿਚ ਰੂਪ ਤੋਂ ਵਧੇਰੇ ਵਸਤੂ ਦੀ ਭਾਲ ਕਰਦਾ ਹਾਂ, ਤੇ ਵਸਤੂ ਦੇ ਪਖ ਤੋਂ ਹੀ ਵਧੇਰੇ ਕਰਕੇ ਸਾਹਿਤ ਦਾ ਮੁੱਲ—ਅੰਕਨ ਕਰਦਾ ਹਾਂ। ਇਸ ਲਈ ਭਾਵੇਂ ਗ਼ਜ਼ਲ ਦੀਆਂ ਨਜ਼ਾਕਤਾਂ ਤੇ ਲਤਾਫ਼ਤਾਂ ਦਾ ਸ਼ਲਾਘਾਕਾਰ ਹਾਂ। ਮੈਂ ਇਕ ਸਾਹਿਤ ਰੂਪ ਵਜੋਂ ਇਸ ਦੀ ਆਲੋਚਨਾ ਦੀ ਬਹੁਤੀ ਸਮਰਥਾ ਨਹੀਂ ਰਖਦਾ।

ਹਮਦਰਦ ਜੀ ਦਾ ਗ਼ਜ਼ਲਾਂ ਦਾ ਇਹ ਸੰਗ੍ਰਿਹ ਇਸ ਪੱਖ ਤੋਂ ਮੇਰੇ ਲਈ ਇਕ ਹੋਰ ਵੀ ਦੁਸ਼ਵਾਰ

ਘਾਟੀ ਬਣਿਆ ਹੋਇਆ ਹੈ। ਜਿਥੇ ਮੈਂ ਰੂਪ ਪ੍ਰਵਿਧੀ ਦੇ ਪੱਖ ਤੋਂ ਇਨ੍ਹਾ ਗ਼ਜ਼ਲਾਂ ਵਿਚਲੀ ਕੁਸ਼ਲਤਾ ਨੂੰ ਭਲੀ ਪ੍ਰਕਾਰ ਵੇਖ ਸਕਦਾ ਤੇ ਇਸ ਦੀ ਸਾਖੀ ਭਰ ਸਕਦਾ ਹਾਂ, ਉਥੇ ਇਨ੍ਹਾਂ ਦਾ ਵਿਸ਼ੈ-ਵਸਤੂ ਮੇਰੀ ਪਕੜ ਤੋਂ ਕੁਝ ਬਾਹਰ ਜਿਹਾ ਪ੍ਰਤੀਤ ਹੁੰਦਾ ਹੈ। ਕਾਰਨ ਇਹ ਹੈ ਕਿ ਇਨ੍ਹਾਂ ਗ਼ਜ਼ਲਾਂ ਵਿਚ ਇਕ ਪ੍ਰਕਾਰ ਦਾ ਹਾਸ—ਰਸ ਹੈ, ਜੋ ਇਨ੍ਹਾਂ ਦਾ ਵਿਸ਼ੈ—ਵਸਤੂ ਉਤੇ ਪਕੜ ਪੈਣ ਨਹੀਂ ਦੇਂਦਾ। ਉਦਾਹਰਣ ਹਿਤ ਤੁਸੀਂ ਇਸ ਸ਼ਿਅਰ ਨਾਲ ਕਿਸ ਤਰ੍ਹਾਂ ਨਿਪਟੋਗੇ ?

ਤੇਰੀ ਕਾਂਗਰਸ ਨੇ ਫਸਾ ਹੀ ਲਿਆ
ਮੇਰਾ ਮਨ ਅਕਾਲੀ ਤੇਰੇ ਸ਼ਹਿਰ ਵਿੱਚ।

ਹੁਣ ਉਪਰੋਂ ਉਪਰੋਂ ਇਹ ਸਬਦ ਬੜੇ ਪਤੱਰਕਾਰਾਨਾ ਜਿਹੇ ਜਾਪਦੇ ਹਨ, ਤੇ 'ਕਾਂਗਰਸ' ਤੇ 'ਅਕਾਲੀ' ਸੁਭਾਵਾਂ ਜਾਂ ਉਦੇਸ਼ਾਂ ਵਿਚਲਾ ਟਕਰਾਉ ਕੁਝ ਅਜਿਹੀ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ ਜਿਸ ਵਲ ਇਕ ਚੰਗੇ ਘਰ ਦੀ ਇਸਤਰੀ ਵਾਕਰ ਕਵਿਤਾ ਨੂੰ ਆਪਣੀ ਨਜ਼ਰ ਨਹੀਂ ਉਠਾਣੀ ਚਾਹੀਦੀ। ਪਰ ਜੇ ਇਸ ਦੇ ਹਾਸ-ਰਸ ਦੀ ਤਹਿ ਦੇ ਹੇਠ ਨੀਝ ਨਾਲ ਦੇਖਿਆ ਜਾਏ ਤਾਂ ਇਸ ਵਿਚ ਬੜੇ ਗੰਭੀਰ ਅਰਥ ਵੀ ਲਭ ਪੈਣਗੇ।

ਇਸ ਦੇ ਵਿਪ੍ਰੀਤ ਇਹ ਸ਼ੇਅਰ ਲੈ ਲਵੋ ਜਿਸ ਵਿਚ ਕਵਿਤਾ ਦੀ ਪਰੰਪਰਾਗਤ ਸੁਹਿਰਦਤਾ ਤੇ ਪੀੜ ਟਪਕ ਰਹੀਆਂ ਹਨ :—

ਤੇਰੀ ਰਾਤ ਵਿੱਚ ਭੋਰ ਦਾ ਚਾਨਣਾ,
ਮੇਰੀ ਭੋਰ ਕਾਲੀ ਤੇਰੇ ਸ਼ਹਿਰ ਵਿੱਚ

ਇਹ ਦਵੰਦ ਹਮਦਰਦ ਜੀ ਦੀਆਂ ਇਨ੍ਹਾਂ ਗ਼ਜ਼ਲਾਂ ਦਾ ਮੁਖ ਲਛੱਣ ਸਮਝਣਾ ਚਾਹੀਦਾ ਹੈ। ਇਨ੍ਹਾਂ ਵਿਚ ਬਹੁਤ ਥਾਈਂ ਦਵੰਗਾਂ ਵਾਲੇ ਬੋਲ ਹਨ, ਪਰ ਉਨ੍ਹਾ ਵਿਚ ਇਕ ਤਿੱਖਾ ਡੰਗ ਹੈ ਜੋ ਇਕ ਸੁਹਲ ਮਨ ਨੂੰ ਤੜਪਾ ਦੇਂਦਾ ਹੈ ਤੇ ਕਿਧਰੇ ਕਿਧਰੇ ਨਜ਼ਾਕਤ ਭਰੇ ਬੋਲ ਵੀ ਹਨ ਜੋ ਕਿਸੇ ਸ਼ਾਇਰੀ ਦੀ ਵੀ ਜਿੰਦ ਜਾਨ ਹੋ ਸਕਦੇ ਹਨ। ਪਹਿਲੀ ਪ੍ਰਕਾਰ ਦੇ ਉਦਾਹਰਣ ਕੁਝ ਇਹ ਹਨ—

ਉਨ੍ਹੂੰ ਕਾਮਰੇਡਾਂ ਦੀ ਯਾਦ ਆਏ ਕਿਉਂ,
ਤਬੀਅਤ ਜਿਹਦੀ ਹੋ ਗਈ ਡਾਲਰੀ ?
ਇਹ ਚਲਦੀ ਨਹੀਂ ਸ਼ੇਖ ਜੀ ਮੈਅਕਦੇ ਵਿਚ
ਨਸੀਹਤ ਤੁਹਾਡੀ ਹੈ ਖੋਟੀ ਦੁਆਨੀ।
ਅਸਾਨੂੰ ਹੈ ਦਾਣੇ ਤੋਂ ਕੋਰਾ ਜਵਾਬ,
ਰਕੀਬਾਂ ਨੂੰ ਕੋਟੇ ਤੇਰੇ ਸ਼ਹਿਰ ਵਿਚ।
ਮੇਰੇ ਸ਼ਹਿਰ ਵਿੱਚ ਜਿਸਨੂੰ ਚੂਹੇ ਡਰਾਣ,
ਉਹ ਮੈਨੂੰ ਡਰਾਏ ਤੇਰੇ ਸ਼ਹਿਰ ਵਿਚ।
ਕਿਸੇ ਸ਼ਹਿਰ ਵਿੱਚ ਵੀ ਇਹ ਮੌਜਾਂ ਨਹੀਂ,
ਗ਼ਰੀਬੀ ਦੀ ਛੱਟੇ ਤੇਰੇ ਸ਼ਹਿਰ ਵਿੱਚ।

ਇਹ ਗੱਲਾਂ ਭਾਵੇਂ ਉਪਰੋਂ ਉਪਰੋਂ ਵਿਅਰਥ ਜਿਹੇ ਮਖੌਲ ਹਨ ਪਰ ਇਨ੍ਹਾਂ ਵਿਚ ਰਾਜਨੀਤਕ ਅਰਥ ਵੀ ਭਰੇ ਹੋਏ ਹਨ। ਕਿਹਾ ਜਾਂਦਾ ਹੈ ਕਿ ਜੋ ਡਾਂਗਾ, ਤਲਵਾਰ, ਬੰਦੂਕ, ਤੋਪ ਤੋਂ ਬਲਵਾਨਤਰ ਹੈ ਉਸ ਨੂੰ ਠਠਾਂ ਮਖੌਲ ਹੀ ਮਾਰ ਸਕਦਾ ਹੈ। ਹਮਦਰਦ ਜੀ ਦੀ ਮਾਡਰਨ ਗ਼ਜ਼ਲ ਇਸ ਪ੍ਰਕਾਰ ਦਾ ਇਕ ਨਵਾਂ ਹਥਿਆਰ ਹਨ ਜੋ ਸਾਡੇ ਵਰਤਮਾਨ ਰਾਜ ਸਮਾਜ ਦੇ ਵਿਰੁਧ ਵਰਤਦੇ ਹਨ। ਇਹ ਠੀਕ ਹੈ ਕਿ ਇਸ ਪ੍ਰਕਾਰ ਦੀ ਬੋਲੀ ਜਾਂ ਛੰਦ ਵਿਚ ਪਰੰਪਰਾਗਤ ਕਵਿਤਾ ਵਾਲੇ ਗੁਣ ਨਹੀਂ ਲਭਦੇ। ਪਰ ਇਹ ਉਨ੍ਹਾਂ ਗੁਣਾ ਦਾ ਦਾਵਾ ਵੀ ਤਾਂ ਨਹੀਂ ਕਰਦੀ। ਇਹ ਇਕ ਸੁੰਦਰੀ ਨਹੀਂ ਜਿਸ ਨੂੰ ਰੂਪ ਦੇ ਰਸੀਆਂ ਨੇ ਪਰਖਣਾ ਹੈ, ਨਾ ਇਹ ਇਕ

ਲੱਛਮੀ ਹੈ ਜਿਸ ਵਿਚ ਅਸੀਂ ਸੁਸ਼ੀਲ ਤੇ ਸ਼ੁਭ ਗੁਣ ਢੂੰਡਣੇ ਹਨ। ਇਹ ਇਕ ਨਟਣੀ ਹੈ ਜੋ ਉਪਰੋਂ ਭਾਵੇਂ ਊਲ ਜਲੂਲ ਗੱਲਾਂ ਕਰਦੀ ਹੈ, ਪਰ ਮਨੋਰਥ ਉਸਦਾ ਡਾਢਿਆ ਦੇ ਤੇਜ ਪ੍ਰਤਾਪ ਨੂੰ ਮੱਟ ਮਾਰਨ, ਇਸ ਨੂੰ ਗ੍ਰਹਿਣ ਹੇਠ ਲਿਆਉਣਾ ਹੈ।

ਸਾਡਾ ਰਾਜ ਸਮਾਜ ਅਨਿਆਈ ਹੈ, ਇਸ ਨੂੰ ਸਭ ਮੰਨਦੇ ਹਨ। ਪਰ ਅੱਜ ਕਲ ਜਨਤਾ ਦੇ ਟਾਕਰੇ ਵਿਚ ਇਹ ਇਤਨਾ ਬਲਵਾਨ ਹੈ, ਜਾਂ ਘੱਟੋ ਘੱਟ ਪਿਛਲਿਆਂ ਗਈਆਂ ਚੋਣਾ ਤੋਂ ਪਰਲਾਂ ਪ੍ਰਤੀਤ ਹੁੰਦਾ ਸੀ ਕਿ ਇਹ ਸਾਊ ਬੋਲੀ ਵਿਚ ਇਸ ਨੂੰ ਕੁਝ ਸਮਝਾਣਾ ਫਜ਼ੂਲ ਸੀ, ਗਾਲ ਦੁਪੱੜ ਸਾਊ ਲੋਕ ਕਰ ਨਹੀਂ ਸਕਦੇ ਤੇ ਉਸ ਤੋਂ ਅਗੇ ਹਥੋ ਪਾਈ ਜਾਂ ਹਥਿਆਰਬੰਦ ਹੋ ਕੇ ਲੜਣ ਵਾਲਿਆਂ ਵਿਚ ਹਮਦਰਦ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸੋ ਹਮਦਰਦ ਜੀ ਗਰੀਬਾਂ ਮਜ਼ਲੂਮਾਂ ਦੇ ਹਮਦਰਦ ਇਸ ਰਾਜ ਸਮਾਜ ਦੀ ਆਲੋਚਨਾ ਕਰਨ ਤਾਂ ਕਿਵੇਂ ਕਰਨ। ਇਸਦਾ ਉਨ੍ਹਾਂ ਨੇ ਇਹ ਨਵਾ ਢੰਗ ਅਪਣਾਇਆ ਹੈ ਜੋ ਚੋਖਾ ਸਫਲ ਤੇ ਕਾਰੀ ਹੁੰਦਾ ਪ੍ਰਤੀਤ ਹੁੰਦਾ ਹੈ।

ਨਿਮਨ ਲਿਖਿਤ ਸ਼ੇਅਰਾਂ ਵਿਚ ਨਹੋਰੇ ਇਕ ਰਵਾਇਤੀ ਮਾਸ਼ੂਕ ਨੂੰ ਨਹੀਂ, ਵਰਤਮਾਨ ਰਾਜ ਸਮਾਜ ਨੂੰ ਦਿਤੇ ਹਨ।

ਪਿਆਰ ਨਹੀਂ ਹੈ ਤੇਰੇ ਦਿਲ ਵਿੱਚ,
ਇਹ ਭੋਇੰ ਕਲੱਰ ਸ਼ੋਰ ਹੈ, ਪਿਆਰੇ।

ਜਿਥੇ ਇਕਬਾਲ ਦੇ ਸ਼ਬਦਾਂ ਵਿਚ ਜਨਤਾ ਦੇ ਦਿਲ ਦੀ ਭੋਇੰ ਬਾਰੇ ਆਖਿਆ ਜਾ ਸਕਦਾ ਹੈ।

ਅਗਰ ਦਮ ਹੋ ਤੋ ਯਿਹ ਮਿੱਟੀ ਬਹੁਤ
ਜ਼ਰਖੇਜ਼ ਹੈ ਸਾਕੀ।

ਉਥੇ ਹਮਦਰਦ ਜੀ ਦੇ ਉਪਰੋਕਤ ਸ਼ਬਦ ਵਰਤਮਾਨ ਰਾਜ ਸਮਾਜ ਦੀ ਨੀਤੀ ਦੀ ਭੋਇ ਦੀ ਸਹੀ ਪਰਖ ਕਰਦੇ ਹਨ ਤੇ ਹੋਰ ਆਖਦੇ ਹਨ:

ਉਹਦੇ ਹਾਕਮੇ ਦੀ ਵੀ ਕੀ ਬਾਤ ਹੈ,
ਜਿਹਨੂੰ ਕੋਟਾ ਲੋਹੇ ਦਾ ਪਚਦਾ ਰਿਹਾ।
ਉਹ ਹੋਏ ਨੇ ਸਿਧ ਸਾਨੂੰ ਪਥਰ ਦੇ ਦਿਲ,
ਜੋ ਮੂੰਹ ਪੋਲੇ ਪੋਲੇ ਤੇਰੇ ਸ਼ਹਿਰ ਵਿਚ।
ਕਤਰ ਕੇ ਕਈ ਪਾਕਟਾਂ ਗੈਰ ਨੇ,
ਸਿਵਾਏ ਨੇ ਚੋਲੇ ਤੇਰੇ ਸ਼ਹਿਰ ਵਿਚ।

ਹਮਦਰਦ ਜੀ ਸਮਝਦੇ ਹਨ ਕਿ ਸਾਡੇ ਰਾਜ ਸਮਾਜ ਦੀ ਫਰਮੌਨੀ ਕਿਸ ਦੇ ਬਲ ਬੋਤੇ ਉਤੇ ਹੈ ਤੇ ਇਸ ਵਲ ਬੜੀ ਚਤੁਰਾਈ ਨਾਲ ਕਦਮ ਰਖਦੇ ਹਨ:

ਤੇਰੇ ਕਿੱਲੇ ਉਤੇ ਉਹ ਤਾਂਘੜ ਰਿਹਾ ਹੈ,
ਦਵੰਣੀ ਵੀ ਸਿੰਗਮੌਨਰੀ ਹੋ ਗਿਆ ਏ।
ਰਕੀਬਾਂ ਦੇ ਲਾਗੇ ਸਦਾ ਰਹਿਣ ਵਾਲਾ,
ਅਸਾਂ ਨਾਲ ਕਰਦਾ ਸਦਾ ਗੱਲ ਦੂਰੇਟੀ।

ਤੇ ਇਸ ਸ਼ੇਅਰ ਵਿਚ ਤਾਂ ਜਾਨੋ ਹਮਦਰਦ ਜੀ ਨੇ ਸਾਡੇ ਰਾਜ ਸਮਾਜ ਦੀ ਹਾਲਤ ਵਲ ਜੋ ਇਨ੍ਹਾਂ ਲੰਘੀਆਂ ਚੋਣਾ ਵਿਚ ਹੋਈ ਹੈ, ਇਸ਼ਾਰਾ ਕੀਤਾ ਹੈ।

ਜੋ ਉਹ ਬੇਖਬਰ ਸਾਥੋਂ ਹੁੰਦਾ ਗਇਆ,
ਅਸੀਂ ਵੀ ਖਬਰਦਾਰ ਹੁੰਦੇ ਗਏ।

ਕਿਵੇਂ ਸਾਡੀਆਂ ਯੋਜਨਾਵਾਂ ਤੋਂ ਜਨਤਾ ਨੂੰ ਉਹ ਕੁਝ ਨਹੀਂ ਮਿਲਿਆ ਜਿਸ ਦੀ ਇਸ ਨੂੰ

ਲੋੜ ਸੀ। ਇਸ ਹੇਠਲੇ ਸ਼ੇਅਰ ਵਿਚ ਕਿਸ ਖੂਬੀ ਨਾਲ ਦਿਸ ਰਿਹਾ ਹੈ।

ਤੇਰੇ ਨਾਲ ਮਿਲਨੇ ਦੀ ਯੋਜਨਾ ਨਾਂ ਸਾਨੂੰ ਲਭੀ,
ਦੇਖ ਭਾਲ ਕੀਤੀ ਬੜੀ ਦੇਸ਼ ਦੇ ਪਲਾਨ ਵਿੱਚ।

ਰਕੀਬਾਂ ਦੀ ਕੌਂਸਲ ਨਾ ਇਕ ਵੀ ਸੁਣੇ,
ਮੈਂ ਰੋਵਾਂ ਤੇ ਚੀਕਾਂ ਬਥੇਰਾ ਪਿਆ।

ਰਕੀਬਾਂ ਦੇ ਨਖਰੇ ਵੀ ਸਹਿਣੇ ਪਏ ਹਨ,
ਅਸਾਡੇ ਵੀ ਕਿਤਨੇ ਖੁਦਾ ਹੋ ਗਏ ਨੇ।

ਹੇਠ ਲਿਖੇ ਸ਼ੇਅਰ ਵਿਚ ਭਾਵੇਂ ਸਪਸ਼ਟ ਅਰਥ ਕੋਈ ਨਾ ਲਭਦੇ ਹੋਣ ਪਰ ਇਸਦੀ ਅਸਪਸਟਤਾ ਅਰਥ ਭਰਪੂਰ ਹੈ :

ਵਾਘੇ ਦੀ ਲਕੀਰ ਦਾ ਫਕੀਰ ਹੋ ਗਿਉਂ,
ਧੋਖਾ ਤੈਨੂੰ ਕੰਜਰੀ ਦੇ ਪੁਲਦਾ ਰਿਹਾ।

ਅਣਜਾਣ ਪਾਠਕਾਂ ਨੂੰ ਇਹ ਦਸ ਦੇਣਾ ਸ਼ਾਇਦ ਜ਼ਰੂਰੀ ਹੋਵੇ ਕਿ ਪੁਲ ਕੰਜਰੀ ਭਾਰਤੀ ਤੇ ਪਾਕਿਸਤਾਨੀ ਪੰਜਾਬਾਂ ਦੀ ਹਦ ਉਤੇ ਇਕ ਪਿੰਡ ਹੈ।

ਸਾਡੇ ਰਾਜ ਸਮਾਜ ਤੇ ਇਕ ਤਨਜ਼ ਇਸ ਹਲਕੇ ਫੁਲਕੇ ਜਿਹੇ ਇਕ ਸ਼ੇਅਰ ਵਿਚ ਵੀ ਕੈਸੀ ਖੂਬ ਹੈ :

ਗਿਰਵੀ ਰਖਕੇ ਘਰ ਨੂੰ ਵੀ,
ਤੋਰਾ ਤੇਰਾ ਤੋਰੀ ਦਾ।

ਤੇ ਸਾਡੇ ਸਮਾਜ ਦੇ ਉਹ ਅੰਸ਼ ਜੋ ਬੀਤੇ ਦੀਆਂ ਜੰਜ਼ੀਰਾਂ ਨੂੰ ਗਹਿਣੇ ਸਮਝ ਕੇ ਮੁੜ ਆਪਣੇ ਤੇ ਸਾਡੇ ਗਲ ਪਾਣ ਉਤੇ ਤੁਲੇ ਹੋਏ ਹਨ, ਉਸ ਅੰਸ਼ ਉਤੇ ਹਮਦਰਦ ਜੀ ਦਾ ਇਹ ਸ਼ੇਅਰ ਕਿਤਨਾ ਲਾਗੂ ਹੈ :

ਕੋਈ ਉਹਦਾ ਦਾਰੂ ਕਰੇ ਤਾਂ ਕਰੇ ਕੀ,
ਸਮਝਦਾ ਜੋ ਆਪਣੀ ਬੀਮਾਰੀ ਨੂੰ ਦਾਰੂ।

ਇਸ ਵਰਤਮਾਨ ਰਾਜ ਸਮਾਜ ਉਤੇ ਜਨਤਾ ਕਿਵੇਂ ਮੁੜ ਮੁੜ ਯਕੀਨ ਕਰਦੀ ਹੈ, ਉਸ ਬਾਰੇ ਵੀ ਇਹ ਸ਼ੇਅਰ ਖੂਬ ਹੈ :

ਤੇਰੇ ਕਹਿਣ ਤੇ ਕਰ ਲਿਆ ਫਿਰ ਯਕੀਨ,
ਸਾਡੇ ਤੋਂ ਫਿਰ ਗੁਨਾਹ ਹੋ ਗਿਆ।

ਤੇ ਇਸ ਰਾਜ ਸਮਾਜ ਵਿਚ ਜਨਤਾ ਦਾ ਜੋ ਹਾਲ ਹੈ ਉਹ ਇਸ ਸ਼ੇਅਰ ਵਿਚ ਪੜ੍ਹਿਆ ਜਾ ਸਕਦਾ ਹੈ:

ਅਸਾਂ ਝੋਲੀ ਦੇਖੀ ਏ 'ਹਮਦਰਦ' ਦੀ,
ਦਿਨੇ ਰਾਤ ਅੱਡੀ ਤੇਰੇ ਸ਼ਹਿਰ ਵਿੱਚ।

ਜਨਤਾ ਦੀ ਜੋ ਦਸ਼ਾ ਰਾਜ ਸਮਾਜ ਵਿਚ ਹੋ ਗਈ ਹੈ ਉਸਦੀ ਤਸਵੀਰ ਇਸ ਸ਼ੇਅਰ ਵਿਚ ਦੇਖੀ ਜਾ ਸਕਦੀ ਹੈ :

ਨਾਂ ਵੱਡੀਆਂ ਦੇ ਸਿਰ ਉਤੇ ਲੀੜਾ ਰਹਿਆ,
ਨਾਂ ਨਿੱਕੀਆਂ ਦੇ ਸਿਰ ਵਿੱਚ ਪਰਾਂਦੀ ਰਹੀ।

ਤੇ ਸਾਡੇ ਰਾਜ ਸਮਾਜ ਦੇ ਸਵਾਮੀ :

ਸਦਾ ਉਹ ਜਗਾਂਦੇ ਬੁਝਾਂਦੇ ਰਹੇ,
ਬੜੀ ਮਿਹਰਬਾਨੀ ਉਹਨਾਂ ਦੀ ਰਹੀ।

ਇਸ ਤਰ੍ਹਾਂ ਇਕ ਸਾਧਾਰਨ ਜਿਹੇ ਸੱਚ ਨੂੰ ਜੋ ਇਸ ਰਾਜ ਦੇ ਹਿਤੂਆਂ ਉਤੇ ਬੜਾ ਢੁਕਦਾ ਹੈ, ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਜੋ ਮਰਨੇ ਦੇ ਕਰਦੇ ਨੇ ਦਾਵੇ ਸਦਾ,
ਨਹੀਂ ਮਰਨ ਵਾਲੇ ਤੇਰੇ ਵਾਸਤੇ।

ਇਸ ਕਾਰਨ ਹਮਦਰਦ ਜੀ ਨੇ ਸਾਡੇ ਸਵਾਮੀਆ ਨੂੰ ਚਿਤਾਵਨੀ ਕੀਤੀ ਹੈ :

ਤੂੰ ਸੋਨਾ ਹੈ ਤੇ ਗੈਰ ਹੈ ਪਿੱਤਲ,
ਤੇਰੇ ਉਸਦਾ ਮੇਲ ਨਹੀਂ ਹੈ।

ਭਾਵੇਂ ਇਹ ਕਹਿਣਾ ਪਏਗਾ ਕਿ ਸਾਡੇ ਸਵਾਮੀ ਵੀ ਸੋਨਾ ਆਪਣੇ ਵਾਸਤੇ ਹੀ ਹਨ, ਅੰਤਰਰਾਸ਼ਟਰੀ ਸਥਿਤੀ ਦੀ ਤਸਵੀਰ ਕੁਝ ਇਸ ਤਰ੍ਹਾਂ ਦੀ ਹੈ :

ਲਸ਼ਕਰ ਬਣਦਾ ਜਾਂਦਾ ਏ,
ਹੁਣ ਗ਼ੈਰਾਂ ਦੀ ਟੋਲੀ ਦਾ ।

ਤੇ ਭਾਵੇਂ ਹੇਠਲੀ ਗੱਲ ਰਵਾਇਤੀ ਜਿਹੀ ਜਾਪਦੀ ਹੈ, ਸਾਡੇ ਰਾਜ ਸਮਾਜ ਦੇ ਸਵਾਮੀਆਂ ਉਤੇ ਢੁਕਦੀ ਹੈ :

ਰਖਦਾ ਰਕੀਬ ਨੂੰ ਉਹ ਨਾਲ ਆਪਣੇ,
ਧੱਬੇ ਬਿਨਾਂ ਰੁਹਬ ਸਾਡੇ ਚੰਨ ਦਾ ਨਹੀਂ ।

ਕਦੀਂ ਕਦੀਂ ਹਮਦਰਦ ਜੀ ਇਨ੍ਹਾਂ ਸਵਾਮੀਆਂ ਬਾਰੇ ਜ਼ਰਾ ਕੌੜੇ ਵੀ ਹੋ ਜਾਂਦੇ ਹਨ:

ਬਾਂਹ ਫੜਿਆਂ ਉਹ ਮੰਨਦਾ ਨਹੀਂ,
ਉਹ ਹੈ ਯਾਰ ਮਰੋੜੀ ਦਾ ।

ਰਾਜ ਸਮਾਜ ਦੀ ਆਲੋਚਨਾ ਤੋਂ ਉਪਰੰਤ ਇਨ੍ਹਾਂ ਗਜ਼ਲਾਂ ਵਿਚ ਇਕ ਸੁਹਾਨੀ ਪ੍ਰਕਾਰ ਦਾ ਹਾਸ—ਰਸ, ਬੌਧਿਕ ਚਪਲਤਾ ਦਾ ਰੰਗ ਵੀ ਹੈ, ਜਿਵੇਂ :

ਦਿਲ ਵਿਚ ਮੈਨੂੰ ਥਾਂ ਨਹੀਂ ਦੇਂਦਾ,
ਤੇਰੇ ਦਿਲ ਵਿੱਚ ਚੋਰ ਹੈ ਪਿਆਰੇ ।
ਹਾਂ ਨਹੀਂ ਹੁੰਦੀ ਸਾਲਾਂ ਬੱਧੀ,
ਹਾਂ ਹੁੰਦੀ ਵਿਲ ਜ਼ੋਰ ਹੈ ਪਿਆਰੇ ।
ਉਸ ਕੋਲੋਂ ਮੈਨੂੰ ਹੈ ਅੰਮ੍ਰਿਤ ਦੀ ਆਸ,
ਮੇਰੇ ਉਤੇ ਹਰਦਮ ਜੋ ਵਿਸ ਘੋਲਦਾ ।
ਤੇਰੀ ਦੋਸਤੀ ਹੋ ਗਈ ਏ ਡਰਾਮਾ,
ਵਤੀਰਾ ਤੇਰਾ ਨਾਟਕੀ ਹੋ ਗਿਆ ਏ ।
ਗੁਰੂ ਬਣ ਕੇ ਸਾਨੂੰ ਜੋ ਲੁਟਦਾ ਰਹਿਆ,
ਉਹ ਤੇਰਾ ਸੀ ਚੇਲਾ ਤੇਰੇ ਸ਼ਹਿਰ ਵਿਚ ।
ਬਾਰੀ ਖੁਲੀ ਵੇਖੀ ਨਹੀਂ ਇਧਰ ਦੀ ਕਦੇ ਹੁਣ,
ਤੁਸੀਂ ਤਾਂ ਨਹੀਂ ਠਹਿਰੇ ਹੋਏ ਸਾਮਣੇ ਮਕਾਨ ਵਿਚ ?

ਸਰੂਰ ਆਣ ਦਾ ਹੋਰ ਕਾਰਨ ਨਹੀਂ ਕੁਝ,
ਤੁਸਾਂ ਵੇਖਿਆ ਤੇ ਸਰੂਰ ਆ ਗਇਆ ਏ ।
ਮਚਾਨਾ ਹੋਏਗਾ......

ਤੇਰੇ ਚੇਹਰੇ ਤੇ ਜੋ ਇਹ ਨੂਰ ਆ ਗਇਆ ਏ,
ਅਸੀਂ ਤਾਰੇ ਗਿਣਦੇ ਰਹੇ ਰਾਤ ਭਰ,
ਤੁਸਾਂ ਨੇ ਇਹ ਚੰਦ ਕੀ ਚੜ੍ਹਾ ਮਾਰਿਆ ।

× × ×



ਸਾਧੂ ਸਿੰਘ ਹਮਦਰਦ ਦੀ ਗ਼ਜ਼ਲ

ਜੋਸ਼ 'ਮਲਸਿਆਨੀ'

ਉਰਦੂ ਕਵਿਤਾ ਦੀਆਂ ਵੰਨਗੀਆਂ ਵਿਚੋਂ ਗ਼ਜ਼ਲ ਇਕ ਅਜਿਹਾ ਕਾਵਿ-ਰੂਪ ਹੈ ਜਿਸ ਦੀ ਮਿਸਾਲ ਦੂਜੀਆਂ ਬੋਲੀਆਂ ਵਿਚ ਨਹੀਂ ਮਿਲਦੀ। ਇਸ ਦਾ ਵਡਾ ਗੁਣ ਇਹ ਹੈ ਕਿ ਸਾਰਾ ਵਿਸ਼ਾ ਇਕ ਹੀ ਤੁਕ ਵਿਚ ਸਮੋ ਦਿਤਾ ਜਾਂਦਾ ਹੈ, ਮਾਨੋ ਕੂਜ਼ੇ ਵਿਚ ਸਮੁੰਦਰ ਬੰਦ ਕਰ ਦਿਤਾ ਜਾਂਦਾ ਹੈ। ਇਹਦੀ ਬੋਲੀ ਵੀ ਆਮ ਬਜ਼ਾਰੀ ਬੋਲੀ ਤੋਂ ਬਹੁਤ ਵਖਰੀ ਹੁੰਦੀ ਹੈ। ਔਖੇ ਤੇ ਬੋਝਲ ਸ਼ਬਦ ਇਸ ਵਿਚ ਵਰਤੇ ਨਹੀਂ ਜਾਂਦੇ। ਇਸ ਤੋਂ ਛੁਟ ਵਡੀ ਗਲ ਇਹ ਕਿ ਇਸ ਵਿਚ ਹਰ ਪ੍ਰਕਾਰ ਦੇ ਵਿਸ਼ੇ ਇਕ ਖਾਸ ਅੰਦਾਜ਼ ਨਾਲ ਬਿਆਨ ਕਰ ਦੇਣ ਦੀ ਗੁੰਜਾਇਸ਼ ਹੁੰਦੀ ਹੈ।

ਗ਼ਜ਼ਲ ਜਿਵੇਂ ਹਿੰਦੀ ਬੋਲੀ ਦੇ ਕਵੀਆਂ ਵਿਚ ਪ੍ਰਚਲਤ ਹੋਈ ਹੈ ਤੇ ਉਹ ਹਿੰਦੀ ਵਿਚ ਵੀ ਗ਼ਜ਼ਲ ਰਚਣ ਲਗ ਪਏ ਹਨ, ਇਵੇਂ ਪੰਜਾਬੀ ਦੇ ਕਵੀਆਂ ਨੇ ਵੀ ਕੁਝ ਸਮੇਂ ਤੋਂ ਉਰਦੂ ਗ਼ਜ਼ਲ ਵਾਂਗ ਪੰਜਾਬੀ ਵਿਚ ਗ਼ਜ਼ਲ ਲਿਖਣੀ ਸ਼ੁਰੂ ਕਰ ਦਿਤੀ ਹੈ। ਭਾਵੇਂ ਇਹ ਜਤਨ ਅਜੇ ਮੁਢਲੇ ਪੜਾਅ ਉਤੇ ਹੀ ਹੈ ਤੇ ਇਸ ਦੀ ਉਨਤੀ ਵਿਚ ਬੋਲੀ ਦਾ ਗਵਾਰ ਲਹਿਜਾ ਤੇ ਕਲਾਤਮਕ ਪਖ ਤੋਂ ਅਣਜਾਣਤਾ ਵੀ ਰੋਕ ਪਾ ਰਹੀਆਂ ਹਨ, ਪਰ ਕਿਸੇ ਕੰਮ ਦੇ ਆਰੰਭ ਵਿਚ ਅਜਿਹੀਆਂ ਰੁਕਾਵਟਾਂ ਆਮ ਤੌਰ ਤੇ ਹੋਇਆਂ ਹੀ ਕਰਦੀਆਂ ਹਨ ਅਤੇ ਸੁਹਜ ਸੁਆਦ ਦੀ ਸੂਝ ਹੌਲੀ-ਹੌਲੀ ਹਰ ਕਿਸਮ ਦੀਆਂ ਊਣਤਾਈਆਂ ਨੂੰ ਦੂਰ ਕਰਦੀ ਰਹਿੰਦੀ ਹੈ। ਇਕ ਔਖ ਇਹ ਵੀ ਹੈ ਕਿ ਪੰਜਾਬੀ ਪਿੰਗਲ ਉਰਦੂ ਅਰੂਜ਼ ਤੋਂ ਉਕਾ ਹੀ ਵਖਰਾ ਹੈ ਅਤੇ ਪੰਜਾਬੀ ਗ਼ਜ਼ਲ, ਗ਼ਜ਼ਲ ਹੋਣ ਦੇ ਨਾਤੇ, ਉਰਦੂ ਅਰੂਜ਼ ਦੀ ਮੁਥਾਜ ਹੈ। ਇਸ ਲਈ ਗ਼ਜ਼ਲ ਵਾਸਤੇ ਉਰਦੂ ਅਰੂਜ਼ ਗ਼ਜ਼ਲ ਦੇ ਅਸੂਲ ਤੇ ਨੇਮ ਜਾਣੇ ਬਿਨਾਂ ਕੰਮ ਨਹੀਂ ਚਲ ਸਕਦਾ।

ਇਹ ਇਕ ਸਚਿਆਈ ਹੈ ਕਿ ਉਰਦੂ ਅਰੂਜ਼ (ਪਿੰਗਲ) ਜਿਵੇਂ ਹਿੰਦੀ ਵਿਚ ਪ੍ਰਿਯ ਹੋ ਰਿਹਾ ਹੈ, ਇਸ ਤਰ੍ਹਾਂ ਪੰਜਾਬੀ ਕਵਿਤਾ ਵੀ ਇਸ ਤੋਂ ਲਾਭ ਲੈ ਰਹੀ ਹੈ। ਕਵੀ ਦਰਬਾਰਾਂ ਤੋਂ ਛੁਟ ਅਖ਼ਬਾਰਾਂ ਤੇ ਮਾਸਕ ਪਤਰਾਂ ਵਿਚ ਵੀ ਅਜਿਹੀਆਂ ਗ਼ਜ਼ਲਾਂ ਅਕਸਰ ਵੇਖੀਆਂ ਜਾਂਦੀਆਂ ਹਨ ਜਿਹੜੀਆਂ ਉਰਦੂ ਦੀਆਂ ਬਹਿਰਾਂ ਵਿਚ ਲਿਖੀਆਂ ਹੁੰਦੀਆਂ ਹਨ। ਇਹੋ ਨਹੀਂ ਸਗੋਂ ਰੁਬਾਈ ਵੀ ਪੰਜਾਬੀ ਵਿਚ ਰਚੀ ਜਾਣ ਲਗ ਪਈ ਹੈ। ਭਾਵੇਂ ਇਹ ਜਤਨ ਅਜੇ ਮੁਢਲੀ ਸ਼ਕਲ ਵਿਚ ਹੈ ਪਰ ਤਾਂ ਵੀ ਹੌਸਲਾ ਵਧਾਉਣ ਯੋਗ ਹੈ। ਇਸ ਸ਼ੌਕ ਤੇ ਇਸ ਜਤਨ ਲਈ ਲੋੜੀਂਦੀ ਗਲ ਇਹ ਹੈ ਕਿ ਪੰਜਾਬੀ ਕਵਿਤਾ ਲਿਖਣ ਵਾਲੇ ਵੀ ਉਰਦੂ ਅਰੂਜ਼ ਦੀ ਸਿਖਿਆ ਪ੍ਰਾਪਤ ਕਰਨ।

ਇਹ ਤਾਂ ਸਾਰੇ ਜਾਣਦੇ ਹਨ ਕਿ ਅਰੂਜ਼ ਉਸ ਵਿਦਿਆ ਨੂੰ ਆਖਦੇ ਹਨ ਜਿਸ ਤੋਂ ਅਸੀਂ ਕਿਸੇ

ਸ਼ੇਅਰ ਦੇ ਢੁਕਵੇਂ ਜਾਂ ਅਣਢੁਕਵੇਂ ਹੋਣ ਦੀ ਪਰਖ ਕਰਦੇ ਹਾਂ। ਅਰਬੀ ਵਾਲਿਆਂ ਨੇ ਆਪਣੇ ਦੇਸ ਦੇ ਸੰਗੀਤ ਨੂੰ ਧਿਆਨ ਵਿਚ ਰਖ ਕੇ 19 ਬਹਿਰਾਂ ਦੀ ਕਾਢ ਕੱਢੀ ਅਤੇ ਹਰ ਬਹਿਰ ਲਈ ਵਖੋ ਵਖ ਰੁਕਨ (ਗਣ) ਨੀਯਤ ਕਰ ਦਿਤੇ, ਫੇਰ ਇਕ ਇਕ ਸ਼ਹਿਰ ਨੂੰ ਵਖੋ ਵਖਰੀਆਂ ਸ਼ਾਖਾ ਵਿਚ ਵੰਡ ਕੇ ਇਸ ਵਿਦਿਆ ਨੂੰ ਹੋਰ ਵੀ ਵਿਸ਼ਾਲ ਬਣਾ ਦਿਤਾ। ਇਹਨਾਂ ਵਿਚੋਂ ਕੁਝ ਬਹਿਰਾਂ ਦੀ ਕਾਢ ਤਾਂ ਖ਼ਲੀਲ ਬਿਨ ਅਹਿਮਦ ਨੇ ਕਢੀ ਅਤੇ ਕੁਝ ਦੀ ਉਸ ਤੋਂ ਪਿਛੋਂ ਅਖ਼ਫ਼ਸ਼ ਨੇ।

ਜਦੋਂ ਅਰਬਾਂ ਨੇ ਈਰਾਨ ਫ਼ਤਿਹ ਕਰ ਲਿਆ ਤਾਂ ਫ਼ਾਰਸੀ ਵਾਲਿਆਂ ਨੇ ਵੀ ਆਪਣੀ ਕਵਿਤਾ ਲਈ ਇਹਨਾਂ ਬਹਿਰਾਂ ਨੂੰ ਹੀ ਚੁਣਿਆ। ਹਾਂ, ਜਿਹੜੀਆਂ ਬਹਿਰਾਂ ਈਰਾਨ ਦੇ ਸੰਗੀਤ ਨਾਲ ਸੁਮੇਲ ਨਹੀਂ ਸਨ ਰਖਦੀਆਂ, ਉਹ ਛੱਡ ਦਿੱਤੀਆਂ। ਇਸ ਚੋਣ ਕਾਰਨ ਫ਼ਾਰਸੀ ਵਿਚ ਯਾਰਾਂ-ਬਾਰਾਂ ਬਹਿਰਾਂ ਹੀ ਪ੍ਰਵਾਣ ਚੜ੍ਹੀਆਂ। ਉਰਦੂ ਕਿਉਂਕਿ ਫ਼ਾਰਸੀ ਦੇ ਦੁੱਧ ਉਤੇ ਪਲੀ ਸੀ ਇਸ ਲਈ ਉਰਦੂ ਵਿਚ ਉਹੋ ਬਾਰਾਂ ਬਹਿਰ ਪਰਚੱਲਤ ਹੋਈਆਂ ਅਤੇ ਉਹਨਾਂ ਉਤੇ ਹੀ ਉਰਦੂ ਨੇ ਆਪਣੀ ਕਵਿਤਾ ਦੀ ਨੀਂਹ ਰੱਖੀ।

ਪੰਜਾਬੀ ਕਵੀ ਨਾ ਤੇ ਕਾਫ਼ੀਏ ਦੇ ਨਰੋਏਪਨ ਦੀ ਪਰਵਾਹ ਕਰਦੇ ਹਨ ਤੇ ਨਾ ਹੀ ਛੰਦ-ਪ੍ਰਬੰਧ ਅਨੁਸਾਰ ਠੀਕ ਪਦ-ਛੇਦ ਦੀ। ਉਹਨਾਂ ਦੀ ਰਚਨਾ ਵਿਚ, ਭਾਵੇਂ ਉਹ ਪੰਜਾਬੀ ਪਿੰਗਲ ਵਿਚ ਹੋਵੇ ਤੇ ਭਾਵੇਂ ਉਰਦੂ ਅਰੂਜ਼ ਵਿਚ, ਇਹ ਦੋਵੇਂ ਔਗਣ ਅਕਸਰ ਵੇਖੇ ਜਾਂਦੇ ਹਨ। ਉਦਾਹਰਣ ਵਜੋਂ ਇਕ ਪੰਜਾਬੀ ਕਵੀ ਨੇ ਇਕ ਕਵੀ ਦਰਬਾਰ ਵਿਚ ਸਵੈ ਜਾਣ ਪਛਾਣ ਵਜੋਂ ਇਹ ਤੁਕ (ਮਿਸਰਾ) ਪੜ੍ਹੀ।

ਨਾ ਮੈਂ ਸ਼ਾਇਰ ਨ ਸ਼ਿਅਰ ਦੀ ਸਾਰ ਜਾਣਾਂ।

ਇਥੇ 'ਸ਼ਾਇਰ' ਦੀ ਥਾਂ 'ਸ਼ਾਰ' ਪੜ੍ਹੇ ਜਾਣ ਨਾਲ ਤੁਕ ਦਾ ਤੋਲ ਪੂਰਾ ਹੁੰਦਾ ਹੈ, ਮਾਨੋ ਕਵੀ 'ਇ' ਖਾ ਗਿਆ ਹੈ। ਦੂਜਾ ਨੁਕਸ ਇਹ ਹੈ ਕਿ 'ਨ' ਦਾ ਸ਼ਬਦ ਇਕੋ ਹੀ ਤੁਕ ਵਿਚ ਦੋ ਤਰ੍ਹਾਂ ਆਇਆ ਹੈ : ਇਕ ਥਾਂ 'ਨਾ' ਤੇ ਦੂਜੀ ਥਾਂ 'ਨ'। ਇਸ ਤੋਂ ਛੁਟ ਠੀਕ ਬੋਲੀ ਤੇ ਠੀਕ ਬੋਲ ਚਾਲ ਦੀ ਵੀ ਪ੍ਰਵਾਹ ਨਹੀਂ ਕੀਤੀ ਜਾਂਦੀ। 'ਸੋਹਣੀ ਮਹੀਂਵਾਲ' ਵਿਚ ਇਕ ਥਾਂ ਇਹ ਸਤਰ ਮਿਲਦੀ ਹੈ —

ਮਛੀ ਹਿਲ ਗਈ ਦਰਿਆ ਬੇਲੀ।

ਇਹਨਾਂ ਸ਼ਬਦਾਂ ਨੂੰ ਕਿੰਨਾ ਹੀ ਅੱਗੇ ਪਿੱਛੇ ਕਰ ਲਉ ਸਤਰ ਸਮਝ ਤੋਂ ਸਖਣੀ ਹੀ ਰਹੇਗੀ। 'ਦਰਿਆ ਵਿਚ' ਆਖਣਾ ਚਾਹੀਦਾ ਹੈ, ਪਰ 'ਦਰਿਆ ਬੇਲੀ' ਲਿਖ ਦਿਤਾ ਗਿਆ ਹੈ। ਇਕ ਹੋਰ ਸਤਰ ਇਕ ਪੰਜਾਬੀ ਕਵੀ ਦੀ ਕਾਫ਼ੀ ਵਿਚ ਵੇਖੋ :

ਇਹ ਗਲ ਵਿਤ ਨਾ ਚੇਤੇ

ਕੋਈ ਭਾਣਾ ਹੋ ਕਰਤਾਰ ਗਿਆ।

ਇਹ 'ਭਾਣਾ ਹੋ ਕਰਤਾਰ ਗਿਆ' ਕੋਈ ਬੋਲੀ ਨਹੀਂ। 'ਹੋ ਗਿਆ' ਸੰਪੂਰਨ ਕਿਰਿਆ ਹੈ, ਇਸ ਦੇ ਦੋਵੇਂ ਹਿਸਿਆਂ ਭਾਵ ('ਹੋ' ਅਤੇ 'ਗਿਆ') ਵਿਚਕਾਰ ਕਰਤਾਰ ਦੀ ਕੰਧ ਚਿਣ ਦਿੱਤੀ ਗਈ ਹੈ। ਉਰਦੂ ਵਾਲੇ ਤਾਂ ਹੁਣ 'ਹੋਤਾ ਹੈ' ਦੀ ਥਾਂ 'ਹੈ ਹੋਤਾ' ਵੀ ਨਹੀਂ ਲਿਖਦੇ ਅਤੇ ਕਿਰਿਆ ਵੀ ਨਹੀਂ ਵਿਗਾੜਦੇ। ਹੁਣ ਇਸ ਸਤਰ ਵਿਚ ਸ਼ਬਦਾਂ ਨੂੰ ਅਗੇ ਪਿਛੇ ਕਰ ਕੇ ਵੇਖੋ ਅਤੇ 'ਹੋ ਗਿਆ' ਦੇ ਠੀਕ ਰੂਪ ਦਾ ਧਿਆਨ ਰਖੋ ਤਾਂ 'ਭਾਣਾ ਕਰਤਾਰ ਹੋ ਗਿਆ' ਜਾਂ 'ਕਰਤਾਰ

ਭਾਣਾ ਹੋ ਗਿਆ' ਕਿਸੇ ਪਖੋਂ ਵੀ ਗਲ ਠੀਕ ਨਹੀਂ ਬਹਿੰਦੀ ਤੇ ਸਤਰ ਕਿਸੇ ਪਾਸਿਓਂ ਵੀ ਬੋਲ ਚਾਲ ਦੀ ਠੀਕ ਬੋਲੀ ਨਹੀਂ ਬਣ ਸਕਦੀ।

ਇਸੇ ਤਰ੍ਹਾਂ ਹੋਰ ਨੁਕਸ ਵੀ ਹਨ। ਜਿਵੇਂ 'ਵਿਚ' ਨੂੰ ਕਦੇ ਨਾਉਂ ਦੇ ਮੁਢ ਵਿਚ ਵਰਤਦੇ ਹਨ ਤੇ ਕਦੇ ਪਿਛੋਂ। ਮਿਸਾਲ ਵਜੋਂ ਵੇਖੋ :

(1) ਵਿਚ ਮਦੀਨੇ ਜਾਣਾ ਮੈਂ।

(2) ਇਹਨਾਂ ਤਿਲਾਂ ਵਿਚ ਦਿਸਦਾ ਤੇਲ ਨਾਹੀਂ।

ਇਸ ਕਿਸਮ ਦੇ ਵਿਰੋਧ ਸਬੰਧੀ ਮੈਂ ਇਕ ਪੰਜਾਬੀ ਕਵੀ ਨੂੰ ਪੁਛਿਆ ਕਿ ਆਪਣੇ ਘਰ ਤੇ ਆਪਣੇ ਬਾਲ ਬਚਿਆਂ ਵਿਚ ਬੈਠ ਕੇ 'ਵਿਚ ਘਰ' ਆਖਦੇ ਹੁੰਦੇ ਹੋ ਜਾਂ 'ਘਰ ਵਿਚ'। ਉਸ ਨੇ ਉਤਰ ਦਿਤਾ ਕਿ 'ਘਰ ਵਿਚ' ਆਖਦੇ ਹਾਂ। ਮੈਂ ਆਖਿਆ ਤਦ ਕਵਿਤਾ ਵਿਚ 'ਵਿਚ ਘਰ' ਜਾਂ 'ਵਿਚ ਬਾਜ਼ਾਰ' ਕਿਉਂ ਲਿਖਦੇ ਹੋ? ਕੀ ਇਹ ਗੱਲ ਆਮ ਬੋਲ ਚਾਲ ਦੇ ਵਿਰੁਧ ਨਹੀਂ? ਠੀਕ ਬੋਲੀ ਤਾਂ ਉਹੋ ਹੁੰਦੀ ਹੈ ਜਿਹੜੀ ਬੋਲ ਚਾਲ ਨਾਲ ਪੂਰਾ ਸੁਮੇਲ ਰਖਦੀ ਹੋਵੇ।

ਇਹੋ ਹਾਲ 'ਵਾਂਗ' ਦਾ ਹੈ। ਇਹ ਤੁਲਨਾਤਮਕ ਸ਼ਬਦ ਹੈ। ਇਹਨੂੰ ਵੀ 'ਵਾਂਗ ਕਬੂਤਰ' ਤੇ 'ਕਬੂਤਰ ਵਾਂਗ' ਦਵੇਂ ਤਰ੍ਹਾਂ ਲਿਖ ਦੇਂਦੇ ਹਨ। 'ਸਾਡੇ ਨਾਲ' ਤੇ 'ਨਾਲ ਅਸਾਡੇ', 'ਮੇਰੇ ਨਾਲ' ਤੇ 'ਨਾਲ ਮੇਰੇ'। ਇਹ ਠੀਕ ਹੈ ਕਿ ਇਹ ਗੱਲ ਕਵੀ ਲਈ ਸੌਖ ਪੈਦਾ ਕਰ ਦੇਂਦੀ ਹੈ, ਪਰ ਇਸ ਦਾ ਕੀ ਜੁਆਬ ਕਿ ਇਹ 'ਨਾਲ ਮੇਰੇ', 'ਨਾਲ ਅਸਾਡੇ' ਤੇ 'ਵਾਂਗ ਕਬੂਤਰ' ਸਭੋ ਹੀ ਬੋਲ ਚਾਲ ਦੇ ਵਿਰੁਧ ਹਨ।

ਫ਼ੀਰੋਜ਼ਪੁਰ ਦੇ ਇਕ ਕਵੀ ਨੇ ਆਪਣੇ ਇਕ ਸ਼ੇਅਰ ਵਿਚ 'ਸ਼ਾਲਾ' ਲਿਖ ਦਿੱਤਾ। ਜਦੋਂ ਪੁਛਿਆ ਗਿਆ ਕਿ 'ਸ਼ਾਲਾ' ਤਾਂ ਪੋਠੋਹਾਰ ਦੀ ਬੋਲੀ ਹੈ, ਫ਼ੀਰੋਜ਼ਪੁਰ ਵਿਚ ਕੌਣ 'ਸ਼ਾਲਾ' ਬੋਲਦਾ ਹੈ, ਤਾਂ ਉਸ ਨੂੰ ਕੋਈ ਉੱਤਰ ਨਾ ਅਹੁੜਿਆ। ਅੰਤ ਨੂੰ ਮੈਂ ਆਖਿਆ ਕਿ ਜਿਵੇਂ ਪਾਕਿਸਤਾਨ ਬਣਨ ਪਿਛੋਂ ਸਾਡੀ ਵਸੋਂ ਰਲ ਗਡ ਹੋ ਗਈ ਹੈ, ਅਤੇ ਇਹ ਇਨਕਲਾਬ ਦੇ ਨਤੀਜੇ ਵਜੋਂ ਦਿਲੀ ਤੇ ਲਖਨਊ ਦੀ ਵੀ ਬੋਲੀ ਦੇ ਪੱਖ ਤੋਂ ਕੇਂਦਰੀ ਹੈਸੀਅਤ ਨਹੀਂ ਰਹੀ, ਇਸੇ ਤਰ੍ਹਾਂ ਪੰਜਾਬੀ ਬੋਲੀ ਦੀ ਵੀ ਰਲਵੀਂ ਵਸੋਂ ਕਾਰਨ ਕੋਈ ਕੇਂਦਰੀ ਹੈਸੀਅਤ ਹੁਣ ਨਹੀਂ ਰਹੀ। ਅੰਮ੍ਰਿਤਸਰ ਹੋਵੇ ਜਾਂ ਕੋਈ ਹੋਰ ਸ਼ਹਿਰ ਹੁਣ ਕਿਸੇ ਨੂੰ ਵੀ ਟਕਸਾਲੀ ਬੋਲੀ ਦਾ ਕੇਂਦਰ ਨਹੀਂ ਆਖ ਸਕਦੇ। ਪੰਜਾਬੀ ਤਾਂ ਪਹਿਲਾਂ ਵੀ ਵਖੋ ਵਖਰੇ ਇਲਾਕਿਆਂ ਵਿਚ ਵੱਖ ਵੱਖ ਸੀ, ਹੁਣ ਇਸ ਇਨਕਲਾਬੀ ਪ੍ਰਭਾਵ ਹੇਠ ਹੋਰ ਵੀ ਖਿਚੜੀ ਬਣ ਗਈ ਹੈ। ਇਸ ਹਾਲਤ ਵਿਚ ਇਹੋ ਚੰਗਾ ਹੈ ਕਿ ਆਪਣੇ ਇਲਾਕੇ ਦੀ ਬੋਲ ਚਾਲ ਦੀ ਬੋਲੀ ਨੂੰ ਹੀ ਸ਼ੇਅਰ ਵਿਚ ਪਹਿਲ ਦਿੱਤੀ ਜਾਵੇ। ਇਵੇਂ ਕੀਤਾ ਜਾਏ ਤਾਂ ਘਟੋ ਘਟ ਆਪਣੇ ਇਲਾਕੇ ਦੀ ਬੋਲੀ ਦੀ ਤਾਂ ਠੀਕ ਪ੍ਰਤੀਨਿਧਤਾ ਹੁੰਦੀ ਰਹੇਗੀ।

ਪੰਜਾਬੀ ਵਾਲਿਆਂ ਦੇ ਰਾਹ ਵਿਚ ਇਕ ਔਕੜ ਇਹ ਵੀ ਹੈ ਕਿ ਪੰਜਾਬੀ ਕਵਿਤਾ ਦੇ ਰੂਪਾਂ, ਉਦਾਹਰਣ ਵਜੋਂ ਬੈਂਤ ਕਬਿਤ, ਛੰਦ, ਦੋਹਰਾ ਆਦਿ ਵਿਚ ਉਰਦੂ ਅਰੂਜ਼ ਚਲ ਨਹੀਂ ਸਕਦਾ। ਇਹ ਰੂਪ ਤਾਂ ਪੰਜਾਬੀ ਪਿੰਗਲ ਨਾਲ ਹੀ ਬਝੇ ਹੋਏ ਹਨ। ਪਰ ਤਦ ਵੀ ਗ਼ਜ਼ਲ, ਚੁਬਰਗਾ (ਕੱਤਅ) ਤੇ ਰੁਬਾਈ ਲਿਖਣ ਦੇ ਹੁਣ ਤਕ ਜੋ ਜਤਨ ਕੀਤੇ ਗਏ ਹਨ, ਇਹਨਾਂ

ਸਖ਼ਤ ਔਕੜਾਂ ਦੇ ਸਨਮੁਖ, ਹੌਸਲਾ ਵਧਾਉਣ ਦੇ ਹੱਕਦਾਰ ਹਨ।

ਸਾਧੂ ਸਿੰਘ 'ਹਮਦਰਦ' ਦੀ ਪੰਜਾਬੀ ਗ਼ਜ਼ਲ-ਰਚਨਾ ਨੂੰ ਵਾਚ ਕੇ ਆਖਿਆ ਜਾ ਸਕਦਾ ਹੈ ਕਿ ਇਹਨਾਂ ਨੇ ਇਸ ਖੇਤਰ ਵਿਚ, ਭਾਵ ਪੰਜਾਬੀ ਗ਼ਜ਼ਲ ਰਚਣ ਵਿਚ ਉੱਚੀ ਸਫਲਤਾ ਪ੍ਰਾਪਤ ਕੀਤੀ ਹੈ। ਅਸੂਲਾਂ ਤੇ ਨੇਮਾਂ ਦੀ ਪਾਬੰਦੀ ਵੀ ਰਖੀ ਹੈ ਅਤੇ ਬੋਲੀ ਨੂੰ ਵੀ ਗ਼ਜ਼ਲ ਦੀ ਬੋਲੀ ਦੇ ਅਨੁਸਾਰ ਰਖਣ ਦਾ ਜਤਨ ਕੀਤਾ ਹੈ। ਇਸ ਸਫਲਤਾ ਦੇ ਪ੍ਰਮਾਣ ਉਹਨਾਂ ਦੀ ਹੱਥਲੀ ਪੁਸਤਕ ਵਿਚ ਥਾਂ ਥਾਂ ਮਿਲਦੇ ਹਨ। ਇਹ ਤਾਂ ਨਹੀਂ ਆਖਿਆ ਜਾ ਸਕਦਾ ਕਿ ਇਸ ਤੋਂ ਅਗੇ ਵਿਕਾਸ ਦੀ ਸੰਭਾਵਨਾ ਹੀ ਨਹੀਂ, ਤਦ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਮੇਰੀਆਂ ਹਦਾਇਤਾਂ ਅਨੁਸਾਰ ਗ਼ਜ਼ਲ ਦੇ ਰੰਗ ਰੂਪ ਵਿਚ ਕਲਪਣਾ ਦੀ ਸਵੱਛਤਾ ਅਤੇ ਬਿਆਨ ਦੀ ਸਫ਼ਾਈ ਨਾਲ ਬਹੁਤ ਸਾਰੀ ਖਿੱਚ ਪੈਦਾ ਕਰ ਦਿੱਤੀ ਹੈ। ਦੋ-ਚਾਰ ਵੰਨਗੀਆਂ ਵੇਖੋ:

ਡਰ ਡਰ ਕੇ ਜੀਣਾ ਕੀ ਜੀਣਾ
ਇਸ ਜੀਣੇ ਵਿੱਚ ਸ਼ਾਨ ਨਹੀਂ ਹੈ।
ਬੰਦਾ ਭਾਵੇਂ ਸਭ ਕੁਝ ਬਣਿਆ
ਬਣਿਆ ਪਰ ਇਨਸਾਨ ਨਹੀਂ ਹੈ।
ਸਿਰ ਦਿਤਿਆਂ ਜੇ ਤੂੰ ਮਿਲ ਜਾਵੇਂ
ਇਸ ਵਿਚ ਕੁਝ ਨੁਕਸਾਨ ਨਹੀਂ ਹੈ।

ਇਹਨਾਂ ਤਿੰਨਾਂ ਸ਼ੇਅਰਾਂ ਨੂੰ ਵੇਖੋ, ਬਿਆਨ ਵਿਚ ਕੋਈ ਉਚੇਚ ਨਹੀਂ, ਹਰ ਗੱਲ ਬੜੀ ਸਾਦਗੀ ਤੇ ਸਫ਼ਾਈ ਨਾਲ ਆਖ ਦਿੱਤੀ ਹੈ। ਕੋਈ ਸ਼ਬਦ ਕਿਸੇ ਸ਼ੇਅਰ ਵਿਚ ਵਾਧੂ ਭਰਤੀ ਦਾ ਨਹੀਂ। ਇਹਨਾ ਵਿਚ ਰਵਾਨੀ ਵੀ ਇਕ ਵਿਸ਼ੇਸ਼ ਗੁਣ ਹੈ:

ਕਿਵੇਂ ਕਰਾਂ ਭਗਵਾਨ ਦਾ ਸੌਦਾ
ਮੇਰੀ ਏਨੀ ਰਾਸ ਨਹੀਂ ਹੈ।
ਜੇਕਰ ਹਿਮਤ ਪਾਸ ਹੈ ਤੇਰੇ
ਫਿਰ ਕੀ ਤੇਰੇ ਪਾਸ ਨਹੀਂ ਹੈ ?
ਜਿਸਦੇ ਪਾਸ ਦਵਾ ਹੈ ਮੇਰੀ
ਮੇਰਾ ਉਸਨੂੰ ਪਾਸ ਨਹੀਂ ਹੈ।
ਉਹ 'ਹਮਦਰਦ' ਕਰੇ ਹਮਦਰਦੀ
ਮੈਨੂੰ ਇਸਦੀ ਆਸ ਨਹੀਂ ਹੈ।

ਇਹ ਚਾਰੇ ਸ਼ੇਅਰ ਵੀ ਬਿਆਨ ਦੀ ਸਫ਼ਾਈ ਤੇ ਸਾਦਗੀ ਦੀਆਂ ਵੰਨਗੀਆਂ ਹਨ। ਇਹਨਾਂ ਵਿਚ ਵੀ ਉਹੋ ਰੰਗ ਤੇ ਰੌਂ ਹੈ, ਜਿਹੜਾ ਪਹਿਲੇ ਤਿੰਨ ਸ਼ੇਅਰਾਂ ਵਿਚ ਸੀ। ਏਨੇ ਸਾਫ਼ ਸ਼ੇਅਰ, ਏਨੀ ਚੁਸਤ ਬੰਦਸ਼ ਨਾਲ ਕੋਈ ਸੁਲਝੀ ਹੋਈ ਤਬੀਅਤ ਹੀ ਰਚ ਸਕਦੀ ਹੈ।

ਆਂਦੀ ਰਹੀ ਬਹਾਰ ਤੇ ਜਾਂਦੀ ਰਹੀ ਬਹਾਰ
ਖਿੜਿਆ ਨਾ ਫੁਲ ਕਦੀ ਮਿਰੇ ਦਿਲ ਦੀ ਮੁਰਾਦ ਦਾ।
ਮੁਮਕਿਨ ਨਹੀਂ ਕਿ ਅਕਲ ਤੇਰਾ ਭੇਦ ਪਾ ਸਕੇ
ਕੁਝ ਅੰਤ ਦੀ ਖਬਰ ਨਾ ਪਤਾ ਇਸ ਨੂੰ ਆਦ ਦਾ।
ਸਾਰਾ ਕਸੂਰ ਦਿਲ ਦਾ ਹੈ ਇਸਨੂੰ ਸੰਭਾਲ ਤੂੰ।
ਬਾਨੀ ਫ਼ਸਾਦ ਦਾ ਇਹੋ ਬਾਨੀ ਫ਼ਸਾਦ ਦਾ।

ਗ਼ਜ਼ਲ ਦੇ ਅਸੂਲਾਂ ਤੇ ਨੇਮਾਂ ਦੀ ਪੂਰੀ ਪਾਲਣਾ ਕਰਨ ਦੇ ਬਾਵਜੂਦ ਤਿੰਨੇ ਸ਼ੇਅਰ ਪੜ੍ਹਕੇ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਵਿਚ ਵੀ ਉਰਦੂ ਵਾਂਗ ਅਜਿਹੇ ਸਾਂਵੇਂ ਤੁਲਵੇਂ ਤੇ ਮੱਯਾਰੀ ਨਿੱਗਰ ਸ਼ੇਅਰ ਆਖੇ ਜਾ ਸਕਦੇ ਹਨ। ਸ਼ਰਤ ਸਿਰਫ ਇਹ ਹੈ ਕਿ ਆਖਣ

ਵਾਲਾ 'ਹਮਦਰਦ' ਵਾਂਗ ਸੁਹਜ ਸੁਆਦ ਦੀ ਸਹੀ ਸੂਝ ਰਖਦਾ ਹੋਵੇ। ਜੇ ਇਸੇ ਢੰਗ ਨਾਲ ਪੰਜਾਬੀ ਗ਼ਜ਼ਲ ਰਚੀ ਜਾਏ ਤਾਂ ਇਹ ਬਿਨਾਂ ਕਿਸੇ ਸ਼ੱਕ ਦੇ ਪੰਜਾਬੀ ਬੋਲੀ ਲਈ ਮਾਣ ਜੋਗ ਪੂੰਜੀ ਹੋਵੇਗੀ।

ਪਹਿਲੇ ਸ਼ੇਅਰ ਦੀ ਪਹਿਲੀ ਤੁਕ ਤੇ ਤੀਜੇ ਸ਼ੇਅਰ ਦੀ ਪਿਛਲੀ ਤੁਕ ਮੁੜ ਮੁੜ ਪੜ੍ਹਨ ਨੂੰ ਜੀਅ ਕਰਦਾ ਹੈ। ਬੰਦਸ਼ ਵੀ ਹਰ ਸ਼ੇਅਰ ਵਿਚ ਬਹੁਤ ਚੁਸਤ ਤੇ ਆਪ ਮੁਹਾਰੀ ਹੈ। ਵਿਚਾਰਾਂ ਦੀ ਸਵੱਛਤਾ ਵੀ ਵੇਖਣ ਜੋਗ ਹੈ। ਇਹ ਨੁਕਤਾ ਚੇਤੇ ਰਖਣਾ ਚਾਹੀਦਾ ਹੈ ਕਿ ਜਦੋਂ ਤਕ ਬਿਆਨ ਵਿਚ ਸਫ਼ਾਈ (ਸਪਸ਼ਟਤਾ) ਤੇ ਸੁਭਾਵਕਤਾ ਨਾ ਹੋਵੇ, ਚੰਗੇ ਤੋਂ ਚੰਗਾ ਖਿਆਲ ਵੀ ਦੱਬ ਕੇ ਰਹਿ ਜਾਂਦਾ ਹੈ। ਬਿਆਨ ਦੀ ਔਖਿਆਈ ਤੇ ਗੁੰਝਲ ਸਦਾ ਸ਼ੇਅਰ ਨੂੰ ਵਿਗਾੜਦੀ ਹੈ, ਪਰ ਰਚਨਾ ਵਿਚ ਸਪਸ਼ਟਤਾ ਵਾਲਾ ਗੁਣ ਤਕੜੇ ਅਭਿਆਸ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦਾ।



ਪੰਜਾਬੀ ਗ਼ਜ਼ਲ ਤੇ ਹਮਦਰਦ

ਮੋਹਨ ਸਿੰਘ

ਪੰਜਾਬੀ ਵਿਚ ਗਜ਼ਲ ਇਕ ਨਵਾਂ ਤਜਰਬਾ ਹੀ ਹੈ। ਇਸ ਦਾ ਧਮਾਣ ਹੋਇਆਂ ਅਜੇ ਤੀਹ ਚਾਲੀ ਸਾਲ ਵੀ ਨਹੀਂ ਹੋਏ। ਮੁਨਸ਼ੀ ਮੌਲਾ ਬਖਸ਼ 'ਕੁਸ਼ਤਾ' ਤੇ ਧਨੀ ਰਾਮ 'ਚਾਤ੍ਰਿਕ' ਨੇ ਸਭ ਤੋਂ ਪਹਿਲੇ ਗ਼ਜ਼ਲ ਨੂੰ ਪੰਜਾਬੀ ਵਿਚ ਲਿਆਂਦਾ। ਚਾਤ੍ਰਿਕ ਜੀ ਨੇ ਗ਼ਜ਼ਲ ਨੂੰ ਮੁਖ ਕਾਵਿ ਰੂਪ ਦੇ ਤੌਰ ਤੇ ਨਹੀਂ ਅਪਣਾਇਆ, ਇਸ ਨੂੰ ਲਗਦੇ ਹੱਥ ਹੀ ਵਰਤਿਆ ਹੈ। ਮੁਨਸ਼ੀ ਮੌਲਾ ਬਖਸ਼ 'ਕੁਸ਼ਤਾ' ਨੇ ਗ਼ਜ਼ਲ ਨੂੰ ਪੂਰੇ ਉਚੇਚੇ ਨਾਲ ਵਰਤਿਆ ਹੈ ਅਤੇ ਇਸ ਦੇ ਅਨੇਕਾਂ ਉਰਦੂ ਤੇ ਫ਼ਾਰਸੀ ਬਹਿਰਾਂ ਉਤੇ ਹੱਥ ਅਜ਼ਮਾਏ ਹਨ। ਉਹਨਾਂ ਦਾ ਪੰਜਾਬੀ ਗਜ਼ਲਾਂ ਦਾ ਪੂਰਾ ਦੀਵਾਨ ਇਸ ਗੱਲ ਦਾ ਪੂਰਾ ਗਵਾਹ ਹੈ ਅਤੇ ਉਹਨਾਂ ਨੇ ਖਾਸ ਤੌਰ ਤੇ ਲਿਖਿਆ ਹੈ:—

ਕੋਈ ਲਿਖੋ ਤਾਰੀਖ਼ ਯਾਦ ਰਖੋ,
ਬਖਸ਼ੀ ਰੱਬ ਨੇ ਇਹ ਇਜ਼ਤ ਖ਼ਾਸ ਮੈਨੂੰ,
ਸ਼ਿਅਰਾਂ ਵਿੱਚ ਪੰਜਾਬੀ ਦੇ ਸਭ ਕੋਲੋਂ,
ਪਹਿਲੋ ਪਹਿਲ ਛਪਿਆ ਇਹ ਦੀਵਾਨ ਮੇਰਾ

ਇਹ ਦੀਵਾਨ ਸਭ ਤੋਂ ਪਹਿਲੇ 1903 ਵਿਚ ਛਪਿਆ ਸੀ। ਇਸ ਦੀਵਾਨ ਦੇ ਮੁੱਖ-ਬੰਧ ਵਿਚ 'ਕੁਸ਼ਤਾ' ਜੀ ਦੇ ਸਾਹਿਬਜ਼ਾਦੇ ਮੁਹੰਮਦ ਅਫਜ਼ਲ ਜੀ ਨੇ ਪੰਜਾਬੀ ਵਿਚ ਗ਼ਜ਼ਲ ਦੇ ਪ੍ਰਵੇਸ਼ ਦਾ ਕਾਰਨ ਇਉਂ ਬਿਆਨ ਕੀਤਾ ਹੈ:—

'ਸਿੱਖ ਰਾਜ ਦੇ ਅੰਤਮ ਸਮੇਂ ਤੀਕਰ ਪੰਜਾਬੀ ਕਵੀ ਕਬਿੱਤ, ਦੋਹਰੇ, ਵਾਰਾਂ ਤੇ ਬੈਂਤ ਲਿਖਦੇ ਰਹੇ। ਜਦ ਅੰਗ੍ਰੇਜ਼ਾਂ ਦਾ ਰਾਜ ਆਇਆ ਤਾਂ ਕਰਨਲ ਹਾਲਰਾਈਡ ਤੇ ਮੁਹੰਮਦ ਹੁਸੈਨ ਆਜ਼ਾਦ ਨੇ ਉਰਦੂ ਕਵਿਤਾ ਉਤੇ ਅੰਗਰੇਜ਼ੀ ਦਾ ਰੰਗ ਚਾਹੜਨ ਦੀ ਕੋਸ਼ਿਸ਼ ਕੀਤੀ। ਲਾਹੌਰ ਵਿਚ ਉਰਦੂ, ਫਾਰਸੀ ਦੇ ਮੁਸ਼ਾਇਰੇ ਹੋਣ ਲਗੇ, ਜਿਨ੍ਹਾਂ ਵਿਚ ਕਵੀ ਲੋਕ ਉਰਦੂ, ਫਾਰਸੀ ਦੀਆਂ ਗ਼ਜ਼ਲਾਂ ਦੇ ਨਵੇਂ ਰੰਗ ਦੀਆਂ ਨਜ਼ਮਾਂ ਪੜ੍ਹਨ ਲਗੇ। ਪੰਜਾਬੀ ਵਾਲਿਆਂ ਭੀ ਇਧਰ ਧਿਆਨ ਕੀਤਾ। ਪੰਜਾਬੀ ਦੇ ਕਵੀ ਦਰਬਾਰ ਭੀ ਹੋਣ ਲਗ ਪਏ, ਕਦੀ ਉਰਦੂ ਵਾਲਿਆਂ ਨਾਲ ਸਾਂਝੇ ਤੇ ਕਦੀ ਵਖਰੇ। ਪੰਜਾਬੀ ਕਵੀ ਇਹਨਾਂ ਕਵੀ ਦਰਬਾਰਾਂ ਵਿਚ ਬੈਂਤ, ਫੇਰ ਖ਼ਮਸ, ਫੇਰ ਮੁਸੱਦਸ, ਤੇ ਫੇਰ ਗਜ਼ਲਾਂ ਆਖਣ ਲਗ ਪਏ। ਓਸ ਵੇਲੇ ਪੰਜਾਬੀ ਕਵੀਆਂ ਦੇ ਸਾਹਮਣੇ ਦੋ ਖਿਆਲ ਸਨ। ਇਕ ਤੇ ਇਹ ਕਿ ਪੰਜਾਬੀ ਨੂੰ ਉਚਿਆਂ ਕਰਨ ਵਾਸਤੇ ਏ ਵਿਚ ਵੱਧ ਤੋਂ ਵੱਧ ਰੰਗੀਨੀ ਭਰੀ ਜਾਵੇ ਤੇ ਦੂਜੇ ਇਹ ਕਿ ਫਾਰਸੀ—ਉਰਦੂ ਵਾਲਿਆਂ ਵਾਂਗ ਗ਼ਜ਼ਲਾਂ ਲਿਖੀਆਂ ਜਾਣ ਤੇ ਉਰਦੂ ਸ਼ਾਇਰਾਂ ਵਾਂਗ ਉਸਤਾਦੀ ਸ਼ਾਗਿਰਦੀ ਦਾ ਸਿਲਸਿਲਾ ਜਾਰੀ ਕੀਤਾ ਜਾਵੇ। ਇਹ ਸੋਚ ਕੇ ਮੌਲਵੀ ਫਰੀਦ—ਉਦ—ਦੀਨ ਮੁਜ਼ੰਗੀ, ਬਦਲ, ਪਿਆਰੇ ਸਾਹਿਬ

ਆਦਿ ਨੇ ਕਵਿਤਾਵਾਂ ਸੋਧਣ ਦਾ ਕੰਮ ਅਰੰਭਿਆ। ਇਹਨਾਂ ਤਿੰਨਾਂ ਉਸਤਾਦਾਂ ਦੇ ਸ਼ਾਗਿਰਦਾਂ ਵਿਚ ਹਦਾਇਤੁਲਾ, ਅਰੋੜਾ ਰਾਏ, ਲਾਹੌਰਾ ਸਿੰਘ, ਕਸ਼ਤਾ, ਹਮਦਮ ਆਦਿ ਦੇ ਨਾਉ ਮਸ਼ਹੂਰ ਹਨ।

ਮੌਲਵੀ ਫਰੀਦ-ਉਦ-ਦੀਨ ਮੁਜੰਗੀ, ਅਰੋੜਾ ਰਾਏ ਤੇ ਗੁਲਾਮ ਰਸੂਲ ਹੋਰਾਂ ਇੱਕੀ ਦੁੱਕੀ ਗ਼ਜ਼ਲ ਲਿਖੀ।

ਸਵਾਲ ਪੈਦਾ ਹੁੰਦਾ ਹੈ ਕਿ ਜਦ ਪਸ਼ਤੋ, ਸਿੰਧੀ ਦੇ ਉਰਦੂ ਨੇ ਅਜ ਤੋਂ ਕਈ ਸਦੀਆਂ ਪਹਿਲੇ ਗ਼ਜ਼ਲ ਦੇ ਕਾਵਿ ਰੂਪ ਨੂੰ ਅਪਣਾ ਲਿਆ ਸੀ ਤਾਂ ਪੰਜਾਬੀ ਵਿਚ ਗ਼ਜ਼ਲ ਇਤਨੀ ਪੱਛੜ ਕੇ ਕਿਉਂ ਆਈ ? ਇਸ ਦਾ ਉਤਰ ਸਪਸ਼ਟ ਹੈ। ਬਾਬਾ ਫਰੀਦ, ਨਾਨਕ ਤੇ ਸ਼ਾਹ ਹੁਸੈਨ ਆਦਿ ਪੰਜਾਬੀ ਕਵਿਤਾ ਦੇ ਮੋਢੀਆਂ ਨੇ ਝਟ ਹੀ ਪਛਾਣ ਲਿਆ ਸੀ ਕਿ ਗ਼ਜ਼ਲ ਦਾ ਕਾਵਿ ਰੂਪ ਪੰਜਾਬੀ ਪ੍ਰਤਿਭਾ ਦੇ ਅਨੁਕੂਲ ਨਹੀਂ। ਸੋ ਉਹਨਾ ਨੇ ਉਰਦੂ ਵਾਲਿਆਂ ਵਾਂਗ ਫਾਰਸੀ ਦੇ ਪ੍ਰਸਿਧ ਕਾਵਿ-ਰੂਪਾਂ ਗ਼ਜ਼ਲ, ਗ਼ਜ਼ਲ, ਕਸੀਦਾ, ਮਸਨਵੀ ਤੇ ਰੁਬਾਈ ਨੂੰ ਇੰਨ ਬਿੰਨ ਨਹੀਂ ਅਪਣਾਇਆ ਸਗੋਂ ਆਪਣੇ ਸੂਫੀਆਨਾਂ ਅਤੇ ਅਧਿਆਤਮਕ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਰੁਬਾਈ ਦੀ ਥਾਂ ਦੋਹਰੇ ਤੇ ਦੋਹੜੇ ਅਤੇ ਗ਼ਜ਼ਲ ਦੀ ਥਾਂ ਗੀਤਾਂ ਤੇ ਕਾਫੀਆਂ ਦੇ ਕਾਵਿ-ਰੂਪਾਂ ਨੂੰ ਵਰਤਿਆ। ਇਸੇ ਤਰ੍ਹਾਂ ਕਿੱਸਿਆਂ ਲਈ ਫਾਰਸੀ ਛੰਦਾ ਦੀ ਥਾਂ ਬੈਂਤ, ਦਵੱਈਆ, ਦੋਹਿਰਾ, ਸਦ ਤੇ ਕੋਰੜਾ ਆਦਿ ਸਾਰੇ ਦੇਸੀ ਛੰਦ ਹੀ ਵਰਤੇ। ਇਹੋ ਕਾਰਨ ਹੈ ਕਿ ਚਾਤ੍ਰਿਕ ਜੀ ਦੇ ਵਿਕੋਲਿਤਰੇ ਤਜਰਬਿਆਂ ਅਤੇ ਕੁਸ਼ਤਾ ਜੀ ਦੇ ਉਚੇਚੇ ਯਤਨਾਂ ਦੇ ਬਾਵਜੂਦ ਆਉਣ ਵਾਲੇ ਪੰਜਾਬੀ ਕਵੀਆਂ ਨੇ ਗ਼ਜ਼ਲ ਵਲ ਮੂੰਹ ਨਹੀਂ ਕੀਤਾ ਅਤੇ ਕਿਤਨਾ ਚਿਰ ਸਿਵਾਏ ਇਕੇ ਦੁਕੇ ਤਜਰਬਿਆਂ ਦੇ ਪੰਜਾਬੀ ਗ਼ਜ਼ਲ-ਗੋਈ ਵਿਚ ਕੋਈ ਮਾਰਕੇ ਦਾ ਕੰਮ ਨਹੀਂ ਹੋ ਸਕਿਆ। ਪੰਜਾਬ ਦੀ ਵੰਡ ਦੇ ਮਗਰੋਂ ਫਿਰ ਗ਼ਜ਼ਲ ਦਾ ਚਰਚਾ ਸ਼ੁਰੂ ਹੋ ਗਿਆ ਹੈ ਅਤੇ ਲਗ ਭਗ ਸਾਰੇ ਕਵੀਆਂ ਨੇ ਇਸ ਦੇ ਤਜਰਬੇ ਸ਼ੁਰੂ ਕਰ ਦਿਤੇ ਹਨ। ਇਹਨਾਂ ਵਿਚੋਂ ਕੁਝ ਤਜਰਬੇ ਬਹੁਤ ਵਧੀਆ ਹੋਏ ਹਨ ਅਤੇ ਇਹ ਭਰਮ ਟੁਟਦਾ ਨਜ਼ਰ ਆਉਣ ਲਗ ਪਿਆ ਹੈ ਕਿ ਪੰਜਾਬੀ ਵਿਚ ਗ਼ਜ਼ਲ ਨਹੀਂ ਲਿਖੀ ਜਾ ਸਕਦੀ, ਅਤੇ ਇਹ ਪੰਜਾਬੀ ਸੁਭਾ ਤੇ ਪ੍ਰਤਿਭਾ ਦੇ ਅਨੁਕੂਲ ਨਹੀਂ।

(2)

ਪੰਜਾਬੀ ਗ਼ਜ਼ਲ ਦੇ ਵਿਕਾਸ ਤੇ ਇਸਦੀ ਪਰਖ ਤੋਂ ਪਹਿਲੇ ਗ਼ਜ਼ਲ ਦੇ ਸੋਤਰ, ਪਿਛੋਕੜ, ਇਸ ਦੇ ਵਾਧੇ ਤੇ ਪਸਾਰ ਅਤੇ ਇਸ ਦੀ ਟੈਕਨੀਕ ਤੇ ਵਿਸ਼ੇ ਖੇਤਰ ਦਾ ਜਾਇਜ਼ਾ ਲੈਣਾ ਜ਼ਰੂਰੀ ਹੈ। ਗ਼ਜ਼ਲ ਅਰਬੀ ਬੋਲੀ ਦਾ ਸ਼ਬਦ ਹੈ। ਇਸ ਦੇ ਅਰਥ ਹਨ, ਜਵਾਨ ਔਰਤਾਂ ਨਾਲ ਗੱਲਾਂ ਕਰਨਾ। ਭਾਵੇਂ ਇਹ ਸ਼ਬਦ ਅਰਬੀ ਦਾ ਹੈ ਪਰ ਗ਼ਜ਼ਲ ਦੀ ਪਹਿਲ ਅਰਬੀ ਕਵੀਆਂ ਨੇ ਨਹੀਂ ਕੀਤੀ। ਅਰਬੀ ਕਵੀ ਬਹੁਤ ਕਰਕੇ ਕਸੀਦਾ ਹੀ ਲਿਖਦੇ ਸਨ। ਇਸ ਵਿਚ ਉਹ ਫ਼ਾਰਸੀ ਕਵੀਆਂ ਵਾਂਗ ਬਾਦਸ਼ਾਹਾਂ ਦੇ ਗੁਣ ਨਹੀਂ ਸਨ ਗਾਉਂਦੇ, ਸਗੋਂ ਆਪਣੇ ਵਡਿਕਿਆਂ ਦੀ ਨੇਕੀ ਤੇ ਸੂਰ-ਬੀਰਤਾ ਦਾ ਜੱਸ ਗਾਇਆ ਕਰਦੇ ਸਨ। ਉਹਨ੍ਹਾਂ ਦਾ ਕਸੀਦਾ ਇਕ ਤਰ੍ਹਾਂ ਨਾਲ ਸਾਡੇ ਭੱਟਾਂ ਦੀਆਂ ਵਾਰਾਂ ਨਾਲ ਰਲਦਾ ਸੀ। ਕਸੀਦੇ ਦੇ ਚਾਰ ਹਿੱਸੇ ਹੋਇਆ ਕਰਦੇ ਸਨ—ਤਸ਼ਬੀਬ ਗਰੇਜ਼, ਮਦਹ ਤੇ ਦੁਆ। ਤਸ਼ਬੀਬ ਵਿਚ ਉਹ ਆਪਣੇ ਮਾਸ਼ੂਕ ਦੀ ਤਾਰੀਫ ਤੇ ਉਸ ਦੇ

ਹੁਸਨ ਤੇ ਜਵਾਨੀ ਦਾ ਵਰਣਨ ਕੀਤਾ ਕਰਦੇ ਸਨ ਤਸ਼ਬੀਬ ਦੇ ਅਰਥ ਹੀ ਹਨ ਜ਼ਮਾਨਾ-ਏ-ਸ਼ਬਾਬ ਦੀਆਂ ਗੱਲਾਂ ਕਰਨਾ। ਫਿਰ ਬੜੇ ਵਿਅੰਗ-ਮਈ ਤੇ ਕਲਾਤਮਕ ਤਰੀਕੇ ਨਾਲ ਮਾਸ਼ੂਕ ਦੀ ਤਾਰੀਫ ਛੱਡ ਕੇ ਆਪਣੇ—ਵਡਕੇ ਜਾਂ ਕਬੀਲੇ ਦੇ ਸਰਦਾਰ ਦੀ ਉਸਤਤੀ ਕਰਨ ਲਗ ਪੈਂਦੇ ਸਨ। ਜਿਸ ਸ਼ਿਅਰ ਵਿਚ ਮਾਸ਼ੂਕ ਦੀ ਤਾਰੀਫ ਤੋਂ ਆਪਣੇ ਬਜ਼ੁਰਗ ਦੀ ਤਾਰੀਫ਼ ਵੱਲ ਪਲਟਾ ਖਾਧਾ ਜਾਂਦਾ ਸੀ ਉਸਨੂੰ ਗੁਰੇਜ਼ ਦਾ ਸ਼ੇਅਰ ਕਿਹਾ ਜਾਂਦਾ ਸੀ। ਗੁਰੇਜ਼ ਫਾਰਸੀ ਜ਼ਬਾਨ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਇਕ ਥਾਂ ਤੋਂ ਦੂਜੀ ਥਾਂ ਵੱਲ ਭਜਣਾ। ਇਸ ਦੇ ਬਾਅਦ ਕਸੀਦੇ ਦਾ ਤੀਜਾ ਭਾਗ ਭਾਵ ਮੁਖ ਭਾਗ ਸ਼ੁਰੂ ਹੁੰਦਾ ਸੀ, ਜਿਸ ਵਿਚ ਕਿਸੇ ਵਡਕੇ ਸਰਦਾਰ ਜਾਂ ਬਾਦਸ਼ਾਹ ਦੀ ਉਸਤਿੱਤ ਹੁੰਦੀ ਸੀ। ਕਸੀਦੇ ਦੇ ਅੰਤ ਵਿਚ ਇਕ ਦੋ ਸ਼ੇਅਰ ਦੁਆ ਦੇ ਹੋਇਆ ਕਰਦੇ ਸਨ।

ਜਦ ਅਰਬਾਂ ਨੇ ਈਰਾਨ ਉਤੇ ਕਬਜ਼ਾ ਕਰ ਲਿਆ ਤਾਂ ਕੁਦਰਤੀ ਤੌਰ ਤੇ ਉਹਨਾਂ ਦੇ ਸਾਹਿਤ ਤੇ ਕਲਾ ਦਾ ਪ੍ਰਭਾਵ ਈਰਾਨੀ ਸਾਹਿਤ-ਕਾਰਾਂ ਉਤੇ ਪਿਆ। ਈਰਾਨੀ ਕਵੀਆਂ ਨੇ ਕਸੀਦੇ ਨੂੰ ਅਪਣਾ ਲਿਆ। ਇਹ ਜ਼ਰੂਰੀ ਸੀ, ਕਿਉਂਕਿ ਉਹਨਾਂ ਦਿਨਾਂ ਵਿਚ ਬਾਦਸ਼ਾਹਾਂ ਜਾਂ ਨਵਾਬਾਂ ਦੀ ਉਸਤਤੀ ਤੇ ਖੁਸ਼ਾਮਦ ਬਿਨਾਂ ਇਕ ਸਾਹਿਤਕਾਰ ਲਈ ਰੋਜ਼ੀ ਕਮਾਉਣੀ ਮੁਸ਼ਕਲ ਸੀ। ਈਰਾਨੀ ਸ਼ਾਇਰ ਅਰਬਾਂ ਨਾਲੋਂ ਵਧੇਰੇ ਕੋਮਲ ਤੇ ਰੰਗੀਲੀ ਤਬੀਅਤ ਵਾਲੇ ਸਨ। ਉਹਨਾਂ ਨੇ ਕਸੀਦਾ ਬਾਕੀ ਤਿੰਨਾਂ ਅੰਗਾਂ ਤੋਂ ਵਖਰਿਆ ਕੇ ਵਰਤਣਾ ਸ਼ੁਰੂ ਕਰ ਦਿੱਤਾ। ਇਹੋ ਗਜ਼ਲ ਦੀ ਮਢਲੀ ਸ਼ਕਲ ਸੀ। ਕਿਉਂਕਿ ਗਜ਼ਲ, ਤਸ਼ਬੀਬ ਵਿਚੋਂ ਹੀ ਪੈਦਾ ਹੋਈ ਇਸ ਲਈ ਸ਼ੁਰੂ ਸ਼ੁਰੂ ਵਿਚ ਇਸ ਵਿਚ ਹੁਸਨ, ਇਸ਼ਕ ਤੇ ਜਵਾਨੀ ਦੀਆਂ ਰੰਗੀਨੀਆਂ ਦਾ ਚਰਚਾ ਹੀ ਰਿਹਾ। ਫ਼ਾਰਸੀ ਵਿਚ ਸਭ ਤੋਂ ਪਹਿਲੇ ਦਕੀਕੀ, ਸਨਾਈ, ਅਨਵਰੀ ਤੇ ਜ਼ਹਿਰੀ ਨੇ ਗ਼ਜ਼ਲਾਂ ਦੇ ਤਜਰਬੇ ਕੀਤੇ, ਪਰ ਜਿਸ ਕਵੀ ਨੇ ਮੂਹ ਮੱਥਾ ਸੁਵਾਰਕੇ ਇਸ ਨੂੰ ਮਕਬੂਲ ਕੀਤਾ ਉਹ ਸਾਅਦੀ ਹੀ ਸੀ। ਸਾਅਦੀ ਨੇ ਗ਼ਜ਼ਲ ਵਿਚ ਸਾਦਗੀ ਤੇ ਰਸ ਦੇ ਗੁਣ ਪੈਦਾ ਕੀਤੇ। ਸਾਅਦੀ ਦੇ ਮਗਰੋਂ ਖੁਸਰੋ ਤੇ ਹਾਫਿਜ਼ ਨੇ ਇਸ ਨੂੰ ਨਸ਼ਿਆਂ ਤੇ ਮਸਤੀਆਂ ਵਿਚ ਡੋਬ ਦਿੱਤਾ। ਫਿਰ ਨਜ਼ੀਰੀ ਤੇ ਬੇਦਿਲ ਨੇ ਇਸ ਨੂੰ ਫਲਸਫੇ ਤੇ ਕਲਪਨਾ ਦੀਆਂ ਬੁਲੰਦੀਆਂ ਤਕ ਪਹੁੰਚਾਇਆ। ਇਹਨਾਂ ਕਵੀਆਂ ਨੇ ਗਜ਼ਲ ਨੂੰ ਮਾਸ਼ੂਕ ਪ੍ਰਸਤੀ ਦੇ ਤੰਗ ਘੇਰੇ ਵਿਚੋਂ ਕਢ ਕੇ ਤੁਸੱਵਫ ਦੀ ਵਿਸ਼ਾਲ ਦੁਨੀਆਂ ਵਿਚ ਲੈ ਆਂਦਾ।

ਫਾਰਸੀ ਦੇ ਬਾਅਦ ਪਸ਼ਤੋ ਕਵੀਆਂ ਨੇ ਗ਼ਜ਼ਲ ਨੂੰ ਅਪਣਾਇਆ। ਉਹ ਆਪਣੀ ਬੋਲੀ ਵਿਚ ਗ਼ਜ਼ਲ ਨੂੰ ਬਦਲਾ ਜਾਂ ਸੰਦਰਾ ਕਹਿੰਦੇ ਹਨ। ਖੁਸ਼ਹਾਲ ਖ਼ਾਨ ਤੇ ਰਹਿਮਾਨ ਬਾਬਾ ਪਸ਼ਤੋ ਗ਼ਜ਼ਲ ਦੇ ਉਸਤਾਦ ਮੰਨੇ ਜਾਂਦੇ ਹਨ। ਇਹਨਾਂ ਕਵੀਆਂ ਦਾ ਵੱਡਾ ਗੁਣ ਇਹ ਸੀ ਕਿ ਇਹਨਾਂ ਨੇ ਉਰਦੂ ਕਵੀਆਂ ਵਾਂਗ ਫਾਰਸੀ ਗ਼ਜ਼ਲ ਦੀ ਨਿਰੀ ਨਕਲ ਨਹੀਂ ਮਾਰੀ ਸਗੋਂ ਈਰਾਨੀ ਪਛਵਾੜੇ ਤੇ ਈਰਾਨੀ ਮਾਹੌਲ ਵਿਚੋਂ ਗਜ਼ਲ ਨੂੰ ਇਉਂ ਕਢ ਲਿਆ ਜਿਵੇਂ ਮੱਖਣ ਵਿਚੋਂ ਵਾਲ ਕੱਢੀਦਾ ਹੈ। ਉਹਨਾਂ ਨੇ ਗਜ਼ਲ ਨੂੰ ਪਠਾਣੀ ਰੰਗਣ ਦੇ ਕੇ ਇਸ ਨੂੰ ਸਥਾਨਕ ਮਾਹੌਲ ਦੇ ਅਨੁਕੂਲ ਬਣਾ ਲਿਆ।

ਉਰਦੂ ਵਿਚ ਗ਼ਜ਼ਲ ਦਾ ਪਰਵੇਸ਼ ਬਹੁਤ ਪਿਛੋਂ ਜਾ ਕੇ ਹੋਇਆ, ਪਰ ਹੈਰਾਨੀ ਦੀ ਗੱਲ ਹੈ ਕਿ ਜਿਥੇ ਫ਼ਾਰਸੀ ਤੇ ਪਸ਼ਤੋ ਗ਼ਜ਼ਲ ਨੇ ਛੇ ਸੱਤ ਸੌ ਸਾਲਾਂ ਵਿਚ ਪਕਿਆਈ ਤੇ ਪ੍ਰੋੜ੍ਹਤਾ ਹਾਸਲ ਕੀਤੀ, ਉਥੇ ਉਰਦੂ ਗ਼ਜ਼ਲ ਨੇ ਕੇਵਲ ਡੇਢ ਸਦੀ ਵਿਚ ਹੀ ਸਾਰੀਆਂ ਮੰਜ਼ਲਾਂ ਤੈ ਕਰ ਲਈਆਂ। ਉਰਦੂ ਵਿਚ ਵੀ ਗ਼ਜ਼ਲ ਹੁਸਨ, ਇਸ਼ਕ ਤੇ ਜਵਾਨੀ ਦੇ ਰੰਗ ਵਿਚ ਹੀ ਸ਼ੁਰੂ ਹੋਈ ਅਤੇ ਵਲੀ, ਹਾਤਮ, ਆਰਜ਼ੂ ਆਦਿ ਨੇ ਇਸ ਰੰਗ ਨੂੰ ਖ਼ੂਬ ਚਮਕਾਇਆ। ਫਿਰ ਮੀਰ ਦਰਦ, ਮੀਰ ਤਕੀ ਤੇ ਸੌਦਾ ਵਰਗੇ ਗ਼ਜ਼ਲ-ਗੋਆਂ ਨੇ ਇਸ ਵਿਚ ਹਿੰਦੀ ਤੇ ਤਸਵੱਫ ਆਦਿ ਦੇ ਵਿਚਾਰ ਭਰੇ। ਅੱਗੇ ਚਲ ਕੇ ਗਾਲਿਬ ਤੇ ਮੋਮਨ ਨੇ ਗ਼ਜ਼ਲ ਵਿਚ ਫਲਸਫੇ ਦਾ ਰੰਗ ਭਰਿਆ। ਅਸੀਂ ਗਾਲਿਬ ਦੀਆਂ ਗ਼ਜ਼ਲਾਂ ਨੂੰ ਪੁਰਾਤਨ ਉਰਦੂ ਗ਼ਜ਼ਲ ਦੀ ਸਿਖਰ ਕਹਿ ਸਕਦੇ ਹਾਂ। ਹਾਲੀ ਤੇ ਇਕਬਾਲ ਨੇ ਗ਼ਜ਼ਲ ਨੂੰ ਸਮਾਜਕ ਤੇ ਮੰਤਕੀ ਵਿਚਾਰਾਂ ਲਈ ਵਰਤਿਆ। ਇਨ੍ਹਾਂ ਨੇ ਪਹਿਲੀ ਵਾਰ ਉਰਦੂ ਗ਼ਜ਼ਲ ਤੋਂ ਫਾਰਸੀ ਮਾਹੌਲ ਦਾ ਉਛਾੜ ਲਾਹਿਆ। ਫਿਰਾਕ ਗੋਰਖਪੁਰੀ ਪਹਿਲਾ ਸ਼ਾਇਰ ਹੈ ਜਿਸ ਨੇ ਗ਼ਜ਼ਲ ਨੂੰ ਬਦੇਸ਼ੀ ਰਵਾਇਤਾਂ ਤੋਂ ਸਾਫ਼ ਕਰਕੇ ਇਸ ਨੂੰ ਦੇਸੀ ਸੁਭਾ ਬਖਸ਼ਿਆ ਹੈ। ਫੈਜ਼ ਤੇ ਮਜ਼ਰੂਹ ਨੇ ਗ਼ਜ਼ਲ ਦੇ ਖੇਤਰ ਨੂੰ ਹੋਰ ਚੋੜਾ ਕਰਕੇ ਇਸ ਨੂੰ ਰਾਜਸੀ ਤੇ ਅਗਰਗਾਮੀ ਵਿਚਾਰਾਂ ਲਈ ਬੜੀ ਸਫਲਤਾ ਨਾਲ ਵਰਤਿਆ ਹੈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਗ਼ਜ਼ਲ ਗੁਲੋ-ਬੁਲਬੁਲ, ਵਸਲ ਵਿਛੋੜੇ, ਦਰਬਾਨ ਤੇ ਰਕੀਬ, ਆਲ੍ਹਣੇ ਤੇ ਬਿਜਲੀ, ਰੁਸੇਵੇਂ ਤੇ ਮਨੇਵੇਂ, ਆਹ ਤੇ ਵਾਹ ਵਰਗੇ ਘਸੇ ਹੋਏ ਤੇ ਪੁਰਾਣੇ ਵਿਸ਼ਿਆਂ ਤਕ ਹੀ ਸੀਮਤ ਨਹੀਂ, ਸਗੋਂ ਇਸ ਵਿਚ ਅਗਰਗਾਮੀ ਤੇ ਇਨਕਲਾਬੀ ਰੰਗ ਨੂੰ ਬਰਦਾਸ਼ਤ ਕਰਨ ਦਾ ਨਰੋਆਪਨ ਭੀ ਹੈ। ਪੁਰਾਣੇ ਕਵੀਆਂ ਨੇ ਲੋਕਾਂ ਦੇ ਮਨ ਵਿਚ ਇਹ ਭਰਾਂਤੀ ਪੈਦਾ ਕਰ ਦਿਤੀ ਸੀ ਕਿ ਗ਼ਜ਼ਲ ਰੂਪ ਦੇ ਨੁਕਤੇ ਤੋਂ ਨਹੀਂ ਸਗੋਂ ਵਿਸ਼ੇ ਦੇ ਨੁਕਤੇ ਤੋਂ ਗ਼ਜ਼ਲ ਕਹਿਲਾਂਦੀ ਹੈ। ਜੇ ਵਿਸ਼ੇ ਦੇ ਨੁਕਤੇ ਤੋਂ ਕੁਝ ਕਿਹਾ ਜਾਵੇ ਤਾਂ ਰੁਬਾਈਆਂ ਤੇ ਮਸਨਵੀਆਂ ਆਦਿ ਗ਼ਜ਼ਲਾਂ ਤੋਂ ਭਿੰਨ ਕਿਵੇਂ ਸਮਝੀਆਂ ਜਾਣਗੀਆਂ ਕਿਉਂਕਿ ਇਨ੍ਹਾਂ ਵਿਚ ਭੀ ਇਸ਼ਕੀਆਂ ਕਹਾਣੀਆਂ ਤੇ ਹੁਸਨ ਦੇ ਸੋਹਲੇ ਗਾਏ ਹੁੰਦੇ ਹਨ। ਹੁਣ ਇਹ ਭ੍ਰਾਂਤੀ ਟੁੱਟ ਚੁਕੀ ਹੈ। ਇਸ ਨਾਲ ਗ਼ਜ਼ਲ ਦਾ ਖੇਤਰ ਬਹੁਤ ਚੌੜਾ ਹੋ ਗਿਆ ਹੈ ਅਤੇ ਕੋਈ ਵਿਸ਼ਾ ਇਸਦੀ ਪਕੜ ਤੋਂ ਬਾਹਰ ਨਹੀਂ ਰਿਹਾ। ਇਸਦਾ ਵੱਡਾ ਕਾਰਨ ਇਹ ਹੈ ਕਿ ਗ਼ਜ਼ਲ ਦਾ ਪਿੰਡਾ ਬੜਾ ਲਚਕਦਾਰ ਹੈ ਅਤੇ ਹਰ ਤਰ੍ਹਾਂ ਦੇ ਜਜ਼ਬਿਆਂ ਤੇ ਵਿਚਾਰਾਂ ਨੂੰ ਰਾਸ ਆ ਜਾਂਦਾ ਹੈ।

ਗ਼ਜ਼ਲ ਦੇ ਨਿਕਾਸ, ਵਿਕਾਸ, ਪਿਛੋਕੜ ਤੇ ਸੁਭਾਉ ਨੂੰ ਸਮਝਣ ਪਿਛੋਂ ਹੁਣ ਅਸੀਂ ਪੰਜਾਬੀ ਗ਼ਜ਼ਲ ਵਲ ਆਉਂਦੇ ਹਾਂ। ਜਿਵੇਂ ਕਿ ਅਸੀਂ ਮੁਢ ਵਿਚ ਦਸ ਆਏ ਹਾਂ ਕੁਸ਼ਤਾ ਜੀ ਪੰਜਾਬੀ ਦੇ ਸਭ ਤੋਂ ਪਹਿਲੇ ਗ਼ਜ਼ਲ-ਗੋ ਆਖੇ ਜਾ ਸਕਦੇ ਹਨ। ਇਨ੍ਹਾਂ ਦੀ ਗ਼ਜ਼ਲ ਦਾ ਰੰਗ ਬਹੁਤ ਹੱਦ ਤੱਕ ਰਵਾਇਤੀ ਹੀ ਹੈ। ਵਸਲ, ਵਿਛੋੜੇ, ਬਾਗ ਤੇ ਸੱਯਾਦ, ਰਕੀਬ ਤੇ ਦਰਬਾਨ ਦਾ ਜ਼ਿਕਰ ਆਮ ਹੈ। ਹਾਂ, ਸ਼ਰਾਬ ਦੇ ਪਿਆਲੇ ਅਤੇ ਸਾਕੀ ਤੇ ਸੁਰਾਹੀ ਦੇ ਨੇੜੇ ਘੱਟ ਹੀ ਗਏ ਹਨ। ਇਸ਼ਕ ਦਾ ਅਨੁਭਵ ਨਿਰਾ ਰਵਾਇਤੀ

ਹੈ। ਜਿਵੇਂ ਉਹ ਆਪ ਕਹਿੰਦੇ ਹਨ :—

ਫਰਜ਼ੀ ਬਣਾਕੇ ਇਸ਼ਕੋ ਮੁਹੱਬਤ ਦੇ ਰੋੜਕੇ,
ਕੁਸ਼ਤਾ ਨੇ ਲਿਖੇ ਇਸ਼ਕ ਦੇ ਅਸ਼ਆਰ ਜੂਠ ਮੂਠ ।

ਕਸ਼ਤਾ ਜੀ ਨੇ ਕਿਧਰੇ ਕਿਧਰੇ ਰਿੰਦੀ ਤੇ ਕਟਾਖਸ਼ ਤੋਂ ਭੀ ਕੰਮ ਲਿਆ ਹੈ ਅਤੇ ਇਸ ਔਖੇ ਮਜ਼ਮੂਨ ਨੂੰ ਵਾਹ ਵਾਹ ਨਿਭਾਇਆ ਹੈ ।

ਕੁਸ਼ਤਾ ਜੀ ਮਗਰੋਂ ਚਾਤ੍ਰਿਕ ਜੀ ਨੇ ਕੁਝ ਗ਼ਜ਼ਲਾਂ ਕਹੀਆਂ ਹਨ । ਬੋਲੀ ਦੀ ਸਾਦਗੀ ਤੇ ਠੇਠਤਾ, ਓਹਾਂ ਦੀ ਗ਼ਜ਼ਲ ਦਾ ਮੀਰੀ ਗੁਣ ਹੈ । ਆਪਣੀਆਂ ਤਿੰਨਾਂ ਚੌਹਾਂ ਪੁਸਤਕਾਂ ਵਿਚ ਚਾਤ੍ਰਿਕ ਜੀ ਨੇ ਤੀਹ ਚਾਲੀ ਗ਼ਜ਼ਲਾਂ ਦਿੱਤੀਆਂ ਹਨ। ਚਾਤ੍ਰਿਕ ਜੀ ਨੇ ਗ਼ਜ਼ਲ ਦੇ ਵਿਸ਼ੇ ਨੂੰ ਵਧੇਰੇ ਮੋਕਲਾ ਕੀਤਾ ਹੈ । ਉਹਨਾਂ ਦੀ ਗ਼ਜ਼ਲ ਕੇਵਲ ਰਾਜ਼-ਨਿਆਜ਼ ਦੀਆਂ ਗੱਲਾਂ ਤੱਕ ਹੀ ਸੀਮਤ ਨਹੀਂ । ਇਸ ਵਿਚ ਮਿਲ ਬਹਿਣ ਤੇ ਭਰਾ-ਵੱਲੀ ਦੀਆਂ ਗਲਾਂ ਦੇ ਇਲਾਵਾ ਅਗਾਂਹ ਵਧਣ ਦੀ ਪ੍ਰੇਰਨਾਂ ਭੀ ਹੈ। ਵਿਸ਼ਾਦ ਦੀ ਥਾਂ ਆਸ਼ਾਂਵਾਦ ਦਾ ਰੰਗ ਪਰਧਾਨ ਹੈ ।

ਕੁਸ਼ਤੇ ਤੇ ਚਾਤ੍ਰਿਕ ਮਗਰੋਂ ਚੋਖਾ ਚਿਰ ਪੰਜਾਬੀ ਕਵੀਆਂ ਨੇ ਗ਼ਜ਼ਲ ਵਲ ਧਿਆਨ ਨਹੀਂ ਦਿਤਾ । ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਮੁਸਾਫਰ, ਹੀਰਾ ਸਿੰਘ ਦਰਦ ਪੁਰਾਣਿਆਂ ਵਿਚੋਂ ਅਤੇ ਪ੍ਰੀਤਮ ਸਿੰਘ 'ਸਫੀਰ' ਬਾਵਾ ਬਲਵੰਤ ਤੇ ਅੰਮ੍ਰਿਤਾ ਪ੍ਰੀਤਮ ਨਵੀਆਂ ਵਿਚੋਂ ਗ਼ਜ਼ਲ ਤੋਂ ਕਣਿਆਂਦੇ ਹੀ ਰਹੇ । ਮੋਹਨ ਸਿੰਘ, ਦਰਸ਼ਨ ਸਿੰਘ 'ਅਵਾਰਾ' ਤੇ ਈਸ਼ਵਰ 'ਚਿਤ੍ਰਕਾਰ' ਆਦਿ ਕੁਝ ਕਵੀ ਗ਼ਜ਼ਲ ਤੇ ਵਿਕੋਲਿਤ੍ਰੇ ਤਜਰਬੇ ਕਰਦੇ ਰਹੇ ਪਰ ਜਿਵੇਂ ਕਿ ਅਸੀਂ ਮੁਢ ਵਿਚ ਦਸ ਆਏ ਹਾਂ ਪੰਜਾਬ ਦੀ ਵੰਡ ਦੇ ਬਾਅਦ ਗ਼ਜ਼ਲ ਨੇ ਵਧੇਰੇ ਮਕਬੂਲ ਹੋਣਾ ਸ਼ੁਰੂ ਕਰ ਦਿੱਤਾ ਹੈ ਅਤੇ ਲਗ ਭਗ ਸਾਰੇ ਕਵੀ ਗ਼ਜ਼ਲ ਉਤੇ ਹੱਥ ਅਜ਼ਮਾਉਣ ਲੱਗ ਪਏ ਹਨ। ਨਵਿਆਂ ਵਿਚੋਂ ਸੰਤੋਖ ਸਿੰਘ 'ਧੀਰ', ਗੁਰਚਰਨ ਸਿੰਘ ਰਾਮਪੁਰੀ, ਮੀਸ਼ਾ ਤੇ ਉਪਾਸ਼ਕ ਅਤੇ ਪੁਰਾਣਿਆਂ ਵਿਚੋਂ ਕ੍ਰਿਪਾ ਰਾਮ 'ਸ਼ਰਮਾ' , ਬਰਕਤ ਰਾਮ 'ਯੁਮਨ', ਨੰਦ ਲਾਲ ਨੂਰਪੁਰੀ ਤੇ ਤੇਜਾ ਸਿੰਘ 'ਸਾਬਰ' ਆਦਿ ਦੇ ਯਤਨ ਸ਼ਲਾਘਾ ਯੋਗ ਹਨ । ਪਰ ਇਨ੍ਹਾਂ ਵਿਚੋਂ ਕਿਸੇ ਨੂੰ ਪੂਰਾ ਗ਼ਜ਼ਲਗੋ ਨਹੀਂ ਕਿਹਾ ਜਾ ਸਕਦਾ, ਕਿਉਂਕਿ ਕਈ ਤਾਂ ਗ਼ਜ਼ਲ ਦੀ ਟੈਕਨੀਕ ਨੂੰ ਨਾ ਸਮਝਣ ਕਰ ਕੇ ਰਹਿ ਜਾਂਦੇ ਹਨ ਅਤੇ ਜੋ ਟੈਕਨੀਕ ਦੇ ਉਸਤਾਦ ਹਨ ਉਹ ਰਵਾਇਤੀ ਰੰਗ ਵਿਚ ਹੀ ਉਲਝੇ ਹੋਏ ਹਨ। ਕੇਵਲ ਦੋ ਨਾਉਂ ਨਿਖਰ ਕੇ ਸਾਡੇ ਸਾਹਮਣੇ ਆਉਂਦੇ ਹਨ। ਉਹ ਹਨ 'ਅਵਾਰਾ' ਤੇ ਈਸ਼ਵਰ 'ਚਿਤ੍ਰਕਾਰ'

'ਆਵਾਰਾ' ਰਿੰਦੀ, ਤਨਜ਼ ਤੇ ਵਿਅੰਗ ਦਾ ਉਸਤਾਦ ਹੈ ਅਤੇ ਈਸ਼ਵਰ 'ਚਿਤ੍ਰਕਾਰ' ਕੋਮਲਤਾ ਖਿਆਲ ਦੀ ਬਰੀਕੀ, ਟੈਕਨੀਕ ਦੀ ਪ੍ਰਖਤਗੀ ਅਤੇ ਸੰਕੋਚ ਲਈ ਪ੍ਰਸਿਧ ਹੈ। ਈਸ਼ਵਰ ਦੀ ਗ਼ਜ਼ਲ ਦਾ ਇਕ ਹੋਰ ਵਡਾ ਗੁਣ ਉਸ ਦੀ ਚਿੱਤਰ ਸ਼ਕਤੀ ਹੈ ਜਿਸ ਦੀ ਮਦਦ ਨਾਲ ਉਹ ਦੋ-ਤਿੰਨ ਛੋਹਾਂ ਨਾਲ ਹੀ ਬੜੀ ਬਰੀਕ ਤੇ ਪਤੇ ਦੀ ਗੱਲ ਕਹਿ ਜਾਂਦਾ ਹੈ। ਤਖ਼ਤ ਸਿੰਘ ਤੇ ਹਰਭਜਨ ਸਿੰਘ ਦੋ ਹੋਰ ਨਵੇਂ ਸਿਤਾਰੇ ਹਨ ਜੋ ਪਿਛੋਂ ਕਵਿਤਾ ਦੇ ਆਕਾਸ਼ ਉਤੇ ਪਰਗਟ ਹੋਏ ਹਨ । ਇਹ ਦੋਵੇਂ ਵੀ ਚੰਗੇ ਗ਼ਜ਼ਲ—ਗੋ ਹਨ ।

(3)

ਸਾਧੂ ਸਿੰਘ 'ਹਮਦਰਦ' ਨਾਲ ਪੰਜਾਬੀ ਗ਼ਜ਼ਲ ਨੇ ਇਕ ਨਵਾਂ ਮੋੜ ਕਟਿਆ ਹੈ। ਉਰਦੂ ਦਾ ਵਿਦਵਾਨ ਹੋਣ ਦੇ ਕਾਰਨ ਇਹ ਗ਼ਜ਼ਲ ਦੀ ਟੈਕਨੀਕ, ਇਹ ਇਕ ਸ਼ਬਦ ਨੂੰ ਪਰਖਣ ਤੇ ਜੋਖਣ ਮਗਰੋਂ ਥਾਂ ਸਿਰ ਜੋੜਨ, ਬੋਲੀ, ਹੁਨਰ ਤੇ ਮੁਹਾਵਰੇ ਦੀ ਬਰਜਸਤਗੀ ਨੂੰ ਖ਼ੂਬ ਸਮਝਦਾ ਹੈ। ਇਸ ਨੇ ਪੰਜਾਬੀ ਗ਼ਜ਼ਲ ਵਿਚ ਦੋ ਨਵੇਂ ਰੰਗ ਲਿਆਂਦੇ ਹਨ ।

ਤਨਜ਼ ਗ਼ਜ਼ਲ ਦੀ ਜਾਨ ਹੈ। ਸਮਾਂ ਪਾ ਕੇ ਹਰ ਸਮਾਜ ਉਤੇ ਗਲਤ ਕੀਮਤਾਂ ਦਾ ਖਲੇਪੜ ਜੰਮ ਜਾਂਦਾ ਹੈ। ਇਥੋਂ ਤਕ ਕਿ ਲੋਕਾਂ ਲਈ ਸਾਹ ਲੈਣਾ ਔਖਾ ਹੋ ਜਾਂਦਾ ਹੈ। ਇਸ ਨੂੰ ਕੱਟਣ ਲਈ ਕਵੀ ਤਨਜ਼ ਦੀ ਤੇਸੀ ਨੂੰ ਵਰਤਦਾ ਹੈ। ਭਾਵੇਂ ਉਹ ਸਮਾਜ ਉੱਤੋਂ ਪੂਰੇ ਖਲੇਪੜ ਨੂੰ ਨਾ ਉਤਾਰ ਸਕੇ, ਪਰ ਉਹ ਥਾਂ ਥਾਂ ਰਖਨੇ ਪੈਦਾ ਕਰਕੇ ਝਰੋਖੇ ਬਣਾ ਦਿੰਦਾ ਹੈ ਜਿਨ੍ਹਾਂ ਰਾਹੀਂ ਤਾਜ਼ਾ ਹਵਾ ਸਮਾਜ ਦੇ ਫੇਫੜਿਆਂ ਵਿਚ ਪੁਜਣੀ ਸ਼ੁਰੂ ਹੋ ਜਾਂਦੀ ਹੈ। ਇਹ ਹਥਿਆਰ ਨੂੰ ਫ਼ਾਰਸੀ ਤੇ ਉਰਦੂ ਕਵੀਆਂ ਨੇ ਬੜੀ ਸਫਲਤਾ ਨਾਲ ਵਰਤਿਆ ਹੈ। ਪੰਜਾਬੀ ਵਿਚ ਇਸ ਰੰਗ ਦਾ ਮੁਢ 'ਆਵਾਰੇ' ਨੇ ਬੰਨ੍ਹਿਆ ਹੈ ਤੇ 'ਹਮਦਰਦ' ਨਾਲ ਏਸ ਦੀ ਸਿਖਰ ਪੈਦਾ ਹੋਈ ਹੈ। ਚੂੰਕਿ ਕਵੀ ਨੇ ਗ਼ਜ਼ਲਾਂ ਦੇ ਹਥਲੇ ਸੰਗ੍ਰਿਹ ਵਿਚ ਤਨਜ਼ ਦੇ ਰੰਗ ਵਾਲੀਆਂ ਨੂੰ ਸ਼ਾਮਿਲ ਨਹੀਂ ਕੀਤਾ,ਇਸ ਲਈ ਅਸੀਂ ਇਸ ਰੰਗ ਦੇ ਵੇਰਵਿਆਂ ਵਿਚ ਜਾਣ ਦੀ ਹੋਰ ਲੋੜ ਨਹੀਂ ਸਮਝਦੇ।

ਹੁਣ ਤੀਕ ਪੰਜਾਬੀ ਗ਼ਜ਼ਲ ਵਿਚ ਤਨਜ਼, ਫਲਸਫਾ ਤੇ ਵਾਰਦਾਤੇ ਕਲਬੀ ਦੇ ਸਭ ਰੰਗਾਂ ਉਤੇ ਹੱਥ ਅਜ਼ਮਾਏ ਜਾ ਚੁਕੇ ਹਨ। ਗ਼ਜ਼ਲ ਨੂੰ ਅਗਰਗਾਮੀ ਵਿਚਾਰਾਂ ਦੇ ਵਾਹਣ ਦੇ ਤੌਰ ਤੇ ਵੀ ਵਰਤਿਆ ਜਾ ਚੁਕਾ ਹੈ। 'ਹਮਦਰਦ' ਨੇ ਵੀ ਇਹਨਾਂ ਸਭ ਰੰਗਾਂ ਨੂੰ ਵਰਤਿਆ ਹੈ ਪਰ ਜਿਹੜੀ ਨਵੀਂ ਗੱਲ ਉਸ ਨੇ ਪੰਜਾਬੀ ਗ਼ਜ਼ਲ ਵਿਚ ਪੈਦਾ ਕੀਤੀ ਹੈ ਉਹ ਹੈ ਹੌਲੀ ਫੁਲ ਸ਼ੈਲੀ ਜਿਸ ਵਿਚੋਂ ਰਸ, ਰੰਗ ਤੇ ਸੁਗੰਧੀ ਦੀ ਰਲਵੀਂ ਪਰ ਅਣ-ਦਿਸਦੀ ਬਰੀਕ ਫੁਹਾਰ ਪੜ੍ਹਨ ਤੇ ਸੁਣਨ ਵਾਲਿਆਂ ਨੂੰ ਇਕ ਅਦਭੁਤ ਹੁਲਾਰੇ ਵਿਚ ਲੈ ਆਉਂਦੀ ਹੈ। ਜੋ ਕੁਝ ਅਸਾਂ ਉਪਰਲੇ ਲੰਬੇ ਵਾਕ ਵਿਚ ਕਿਹਾ ਹੈ ਉਸ ਨੂੰ ਇਕ ਸ਼ਬਦ ਵਿਚ 'ਲਤਾਫਤ' ਕਹਿ ਸਕਦੇ ਹਾਂ। ਇਸ ਨੂੰ ਉਰਦੂ ਸ਼ਾਇਰੀ ਵਿਚ ਮੀਰ ਤੇ ਦਾਗ਼ ਨੇ ਸਿਖਰ ਤੇ ਪਹੁੰਚਾਇਆ ਅਤੇ ਪੰਜਾਬੀ ਵਿਚ 'ਹਮਦਰਦ' ਨੇ, ਜਿਵੇਂ :—

ਖ਼ੂਬਸੂਰਤ ਕੋਈ ਨਹੀਂ ਹੁੰਦਾ
ਖ਼ੂਬਸੂਰਤ ਖਿਆਲ ਹੁੰਦਾ ਏ ।
ਮਦ ਭਰੇ ਨੈਣਾਂ ਨੇ ਤਕਿਆ ਜ਼ਖਮ ਨੂੰ
ਜ਼ਖਮ ਨੇ ਮੂੰਹ ਵੇਖਿਆ ਅੰਗੂਰ ਦਾ ।
ਘੁਪ ਹਨੇਰੀ ਰਾਤ ਨੂੰ ਨਾ ਬਹੁੜਿਉ
ਘੁਪ ਹਨੇਰੇ ਤੇ ਜਵਾਨੀ ਆ ਗਈ ।
ਤਾਕ ਚੋਂ ਬੋਤਲ ਉਠਾਈ ਪੀ ਲਈ ।
ਪੀ ਲਈ ਗ਼ਮ ਦੀ ਦੁਆਈ ਪੀ ਲਈ ।
ਜ਼ਿੰਦਗੀ ਦੇ ਕੇ ਵੀ ਮਿਲ ਸਕਿਆ ਨ ਪਿਆਰ
ਪਿਆਰ ਵੀ ਪਿਆਰੇ ਦਾ ਪਿਆਰ ਹੋ ਗਿਆ ।
ਇਸ਼ਕ ਵਿੱਚ ਲਫਜ਼ਾਂ ਦੇ ਉਲਟੇ ਅਰਥ ਨੇ
ਦਿਲ ਜਦੋਂ ਆਇਆ ਤਾਂ ਸਮਝੋ ਦਿਲ ਗਿਆ ।
ਨਾ ਉਹ ਬੋਲਿਆ ਤੇ ਨਾ ਮੈਂ ਬੋਲਿਆ
ਦਿਲਾਂ ਦੀ ਕਹਾਣੀ ਦਿਲਾਂ ਦੀ ਰਹੀ ।
ਤੇਰੀ ਲੋੜ ਏਧਰ ਤੇਰੀ ਲੋੜ ਓਧਰ
ਤੇਰੇ ਬਾਝ ਕਿਧਰੇ ਵੀ ਸਰਦਾ ਨਹੀਂ ਹੈ ।

ਮੇਰੀ ਜਾਨ ਲੈ ਲੈ ਮੇਰੇ ਜਾਨੀਆਂ
ਇਹੋ ਕੁਝ ਹੈ ਹਾਲੇ ਤੇਰੇ ਵਾਸਤੇ ।
ਹੱਸ ਕੇ ਤੇਰਾ ਤੀਰ ਦਿਲ ਤੇ ਖਾ ਗਿਆ
ਦਿਲ ਅਸਾਡਾ ਵੇਖ ਓ ਦਿਲ ਵਾਲਿਆ ।
ਮੱਥੇ ਵੱਟ ਨਾ ਪਾਇਆ ਕਰ ਤੂੰ
ਇਸ ਵਿੱਚ ਤੇਰੀ ਸ਼ਾਨ ਨਹੀਂ ਹੈ ।
ਜ਼ਮਾਨੇ 'ਚ ਕੈਸੀ ਹਵਾ ਵਗ ਗਈ ਏ
ਹਵਾ ਹੋ ਗਈ ਯਾਰੀ ਯਾਰਾਂ ਦੇ ਵਿਚੋਂ ।
ਸਾਥੋਂ ਤੂੰ ਰਹੇਂ ਦੂਰ ਬੜੀ ਨੇੜੇ ਹੈ ਗਲ ਇਹ,
ਸਾਡਾ ਤੂੰ ਕਰੇਂ ਨੇੜ ਬੜੀ ਦੂਰ ਦੀ ਗੱਲ ਹੈ।
ਇਹ ਦਿਲ ਜੀ ਪਿਆ ਜਿਥੇ ਕੁਝ ਮਾਲ ਮਿਲਿਆ
ਇਹ ਦਿਲ ਮਰ ਗਿਆ ਜਿਥੇ ਵੇਖੀ ਪਿਆਲੀ।
ਅਸਾਂ ਉਸ ਨੂੰ ਸੌ ਵਾਰ ਗਲ ਨਾਲ ਲਾਇਆ
ਤੇਰੀ ਇਕ ਵੀ ਗੱਲ ਜੋ ਸੁਣਾਈ ਕਿਸੇ ਨੇ ।
ਨੇੜੇ ਆ ਕੇ ਵੀ ਦੂਰ ਰਹਿੰਦਾ ਏਂ
ਤੇਰਾ ਕਿਥੇ ਖਿਆਲ ਹੁੰਦਾ ਏਂ ?

ਕਈ ਗ਼ਜ਼ਲਾਂ ਵਿਚ ਫਲਸਫੇ ਤੇ ਸਿਆਣਪ ਦੇ ਕਈ ਪੱਖਾਂ ਨੂੰ ਉਘਾੜਿਆ ਹੈ । 'ਹਮਦਰਦ' ਨੇ ਫਲਸਫੇ ਦਾ ਕੋਈ ਨਵਾਂ ਸਿਧਾਂਤ ਨਹੀਂ ਲਭਿਆ । ਸਿਆਣਪ ਉਹੀ ਪੁਰਾਣੀ ਅਮਰ ਸਿਆਣਪ ਹੈ । 'ਹਮਦਰਦ' ਨੇ ਕੇਵਲ ਉਸ ਨੂੰ ਇਕ ਨਵੇਂ ਅੰਦਾਜ਼ ਵਿਚ ਬਿਆਨ ਕੀਤਾ ਹੈ।

ਜਿਸ ਦੀ ਮੁਰਦਾ ਜ਼ਮੀਰ ਹੋ ਜਾਵੇ
ਉਸਦਾ ਮੁਰਦਾ ਖਰਾਬ ਹੁੰਦਾ ਏ ।
ਉਹਨੂੰ ਹੁੰਦਾ ਨਹੀਂ ਕਿਸੇ ਦਾ ਲਿਹਾਜ਼
ਬੇਲਿਹਾਜ਼ ਇਨਕਲਾਬ ਹੁੰਦਾ ਏ ।
ਸ਼ੇਖ ਮੈਥੋਂ ਡਰੇ ਤੇ ਮੈਂ ਡਰਾਂ ਸ਼ੇਖ ਤੋਂ
ਕਿਥੇ ਜਾਕੇ ਸਾਡੀ ਮੁਲਾਕਾਤ ਹੋ ਗਈ ।
ਨ ਇਲਜ਼ਾਮ ਦੇਵੇ ਕੋਈ ਮੌਤ ਨੂੰ ਹੀ
ਕਈ ਜ਼ਿੰਦਗੀ ਦੇ ਵੀ ਮਾਰੇ ਹੋਏ ਨੇ ।
ਜੇਕਰ ਹਿੰਮਤ ਪਾਸ ਹੈ ਤੇਰੇ
ਤਾਂ ਕੀ ਤੇਰੇ ਪਾਸ ਨਹੀਂ ਹੈ ?
ਰੱਬਾ ਕਿੰਨਾ ਚੌੜਾ ਮੇਰਾ ਦਿਲ ਹੋ ਗਿਆ
ਕਿੰਨੀ ਸੌੜੀ ਤੇਰੀ ਕਾਇਨਾਤ ਹੋ ਗਈ ।
ਤੇਰੇ ਜਲਵੇ ਵਿਚ ਨਜ਼ਰ ਮੇਰੀ ਏ ਗੁਮ
ਇਸ ਤਰ੍ਹਾਂ ਵੀ ਇਕ ਨਜ਼ਾਰਾ ਹੋ ਰਿਹੈ ।
ਜਿਵੇਂ ਫੁਲ ਨਿਕਲਦਾ ਏ ਖਾਰਾਂ ਦੇ ਵਿੱਚੋਂ
ਤਿਵੇਂ ਜਿਤ ਨਿਕਲਦੀ ਏ ਹਾਰਾਂ ਦੇ ਵਿਚੋਂ ।
ਇਸ਼ਕ ਜੋ ਕਾਮਯਾਬ ਹੋ ਨਾ ਸਕੇ
ਉਹ ਬੜਾ ਕਾਮਯਾਬ ਹੁੰਦਾ ਏ ।
ਮਾਰਫ਼ਤ ਦੀ ਨਿਗਾਹ ਦੇ ਸਦਕੇ
ਪੱਤਾ ਪੱਤਾ ਕਿਤਾਬ ਹੁੰਦਾ ਏ ।
ਇਸ਼ਕ 'ਹਮਦਰਦ' ਇਕ ਹਕੀਕਤ ਹੈ
ਹੁਸਨ ਤੇ ਉਸ ਦਾ ਖਾਬ ਹੁੰਦਾ ਏ ।

ਜਿਥੇ ਗ਼ਜ਼ਲ ਵਿਚ ਇਤਨੀਆਂ ਖੂਬੀਆਂ ਹਨ ਉਥੇ ਇਕ ਨੁਕਸ ਵੀ ਹੈ । ਬੇਹੱਦ ਖਬਰਦਾਰ ਰਹਿਣ ਦੇ ਬਾਵਜੂਦ ਵੀ ਇਸ ਵਿਚ ਪੁਰਾਣੇ ਰਵਾਇਤੀ ਰੰਗ ਦੀ ਲਬੇੜ ਆ ਜਾਂਦੀ ਹੈ । ਕਿਤੇ ਕਿਤੇ ਕੋਈ ਘਸੀ ਹੋਈ ਤਸ਼ਬੀਹ ਜਾਂ ਇਸਤਿਆਰਾ ਇਸ ਤਰ੍ਹਾਂ ਰੜਕਦਾ ਹੈ ਜਿਸ ਤਰ੍ਹਾਂ ਸਵਾਦੀ ਭੋਜਨ ਖਾਂਦਿਆਂ ਖਾਂਦਿਆਂ ਦੰਦਾਂ ਥੱਲੇ ਕੋਈ ਕੋਰੜੂ ਆ ਜਾਵੇ । 'ਹਮਦਰਦ' ਨੇ ਵੱਸ ਲਗਦੇ ਇਸ ਦੋਸ਼ ਤੋਂ ਬਚਣ ਦੀ ਕੋਸ਼ ਕੀਤੀ ਹੈ ਪਰ ਆਪਣੇ ਰਿਸ਼ੇ ਤੋਂ ਭੱਜ ਕੇ ਕੋਈ ਕਿਥੋਂ ਤੀਕ ਜਾ ਸਕਦਾ ਹੈ ।

'ਹਮਦਰਦ' ਦੇ ਇਸ ਸੰਗ੍ਰਿਹ ਨੇ ਇਸ ਦਾਵੇ ਨੂੰ ਝੁਠਲਾ ਦਿੱਤਾ ਹੈ ਕਿ ਪੰਜਾਬੀ ਵਿਚ ਮੱਜਾਰੀ ਗ਼ਜ਼ਲ ਲਿਖੀ ਨਹੀਂ ਜਾ ਸਕਦੀ ।

○ ○

ਪੰਜਾਬੀ ਕਾਵਿ ਨੂੰ ਇਕ ਵੱਡੀ ਦੇਣ

ਡਾ: ਜੀਤ ਸਿੰਘ ਸੀਤਲ

'ਗ਼ਜ਼ਲ' ਦਾ ਭਾਵ ਉਹ ਪਿਆਰ ਭਰੀ ਗੱਲ-ਬਾਤ ਹੈ, ਜਿਹੜੀ ਨਿੰਮੀ ਨਿੰਮੀ ਆਵਾਜ਼ ਵਿਚ, ਬੁਲਾਂ ਹੇਠ ਆਪਣੇ ਪ੍ਰੇਮੀ ਨਾਲ ਕੀਤੀ ਜਾਵੇ ਪੰਜਾਬੀ ਵਿਚ ਇਹ ਸੁੰਦਰ ਕਾਵਿ ਰੂਪ ਵੀਹਵੀਂ ਸਦੀ ਦੇ ਆਰੰਭ ਨਾਲ ਪਰਵੇਸ਼ ਕਰਦਾ ਹੈ। ਪਹਿਲਾਂ ਪਹਿਲ ਮੌਲਾ ਬਖਸ਼ ਕੁਸ਼ਤਾ ਨੇ ਇਸ ਕਾਵਿ ਰੂਪ ਨਾਲ ਪੰਜਾਬੀ ਸੰਸਾਰ ਨੂੰ ਪਰੀਚਤ ਕਰਵਾਇਆ ਧਨੀ ਰਾਮ ਚਾਤ੍ਰਿਕ ਨੇ ਵੀ ਕੁਝ ਇਕ ਗ਼ਜ਼ਲਾਂ ਲਿਖੀਆਂ ਪ੍ਰੋ: ਮੋਹਨ ਸਿੰਘ, ਈਸ਼ਵਰ ਚਿਤ੍ਰਕਾਰ, ਬਾਬਾ ਬਲਵੰਤ ਤੇ ਦਰਸ਼ਨ ਸਿੰਘ ਆਵਾਰਾ ਨੇ ਵੀ ਇਸ ਪਾਸੇ ਵਿਸ਼ੇਸ਼ ਕੰਮ ਕੀਤਾ ਹੈ। ਨਵੇਂ ਕਵੀਆਂ ਵਿਚ 'ਧੀਰ ਗੁਰਚਰਨ ਰਾਮਪੁਰੀ, ਉਪਾਸ਼ਕ, ਪ੍ਰੇਮਨ, ਨੂਰਪੁਰੀ ਆਦਿ ਨੇ ਵੀ ਇਸ ਕੱਲਾ ਤੇ ਹੱਥ ਅਜ਼ਮਾਏ। ਪਰੰਤੂ ਗ਼ਜ਼ਲਗੋ ਬਹੁਤ ਘੱਟ ਸਾਬਤ ਹੋਏ। ਸਿਵਾਏ 'ਅਵਾਰਾ' ਤੇ ਤਖਤ ਸਿੰਘ ਦੇ ਸ਼ਾਇਦ ਹੀ ਕੋਈ ਦੂਜਾ ਪੰਜਾਬੀ ਕਵੀ ਅਜਿਹਾ ਹੋਵੇਗਾ, ਜਿਸ ਨੂੰ ਗ਼ਜ਼ਲ ਦੀ ਤਕਨੀਕ ਜਾਂ ਕਲਾ ਤੇ ਅਬੂਰ ਹੋਵੇ। ਪੰਜਾਬੀ ਗ਼ਜ਼ਲ ਹਾਲੀ ਬਾਲ ਵਰੇਸ ਵਿਚ ਹੀ ਖੇਡ ਮਲ੍ਹ ਰਹੀ ਹੈ।

ਸਾਧੂ ਸਿੰਘ 'ਹਮਦਰਦ' ਇਕ ਉਰਦੂ ਉਸਤਾਦ ਸ਼ਾਇਰ ਜੋਸ਼ ਮਲਸਿਆਨੀ ਦਾ ਚੰਡਿਆ ਹੋਇਆ ਹੈ, ਉਸ ਦੀ ਗ਼ਜ਼ਲਗੋਈ ਨਾਲ ਪੰਜਾਬੀ ਗ਼ਜ਼ਲ ਇਕ ਨਵੇਂ ਮੋੜ ਨੂੰ ਕਟਦੀ ਦਿਸਦੀ ਹੈ। ਉਸ ਨੇ ਗ਼ਜ਼ਲ ਦੀ ਬਣਤਰ ਨੂੰ ਹੀ ਨਹੀਂ, ਸਗੋਂ ਉਸ ਦੇ ਅੰਤ੍ਰੀਵ ਭਾਵ ਤੇ ਆਸ਼ੇ ਨੂੰ ਵੀ ਅਨੁਭਵ ਕੀਤਾ ਹੈ। ਗ਼ਜ਼ਲ ਵਿਚ ਜਿਥੇ ਸ਼ਿੰਗਾਰ ਰਸ ਪਰਧਾਨ ਹੁੰਦਾ ਹੈ ਤੇ ਹੁਸਨ ਇਸ਼ਕ ਦੀਆਂ ਘੁਟਵੀਆਂ ਕਿਕਲੀ ਪਾਉਂਦੀਆਂ ਦਿਸਦੀਆਂ ਹਨ ਉਥੇ ਜ਼ਿੰਦਗੀ ਮੌਤ ਤੇ ਗੰਭੀਰ ਤੇ ਲੁਪਤ ਭੇਤ ਵੀ ਕਲਾਮਈ ਢੰਗ ਨਾਲ ਖੋਲ੍ਹੇ ਜਾਂਦੇ ਹਨ। ਤਨਜ਼ ਜਾਂ ਵਿਅੰਗ ਦੀ ਕੂਚੀ ਉਪ੍ਰੋਕਤ ਚਿਤ੍ਰ ਨੂੰ ਤਿਖੀਆਂ ਛੁਹਾਂ ਪਰਦਾਨ ਕਰਦੇ ਹਨ। 'ਅਵਾਰਾ' ਤੋਂ ਪਿਛੋਂ 'ਹਮਦਰਦ' ਨੇ ਇਸ ਕਲਾ ਵਿਚ ਪਰਬੀਨਤਾ ਤੇ ਨਿਪੁੰਨਤਾ ਹਾਸਲ ਕੀਤੀ ਹੈ। ਹਮਦਰਦ ਦੀਆਂ ਗ਼ਜ਼ਲਾਂ ਵਿਚ ਅਸਲ ਰੰਗ ਚੋਖੇ ਉਘੜੇ ਹਨ। ਗ਼ਜ਼ਲ ਇਕ ਅਬਦੀ ਆਸ਼ੇ ਨੂੰ ਲੈ ਕੇ ਸਮੇਂ ਸਮੇਂ ਨਵੇਂ ਨਵੇਂ ਸ਼ਬਦਾਂ ਰਾਹੀਂ ਪ੍ਰਗਟ ਹੁੰਦੀ ਹੈ ਭਾਵੇਂ ਆਮ ਤੌਰ ਤੇ ਰੂਪਕ ਜਾਂ ਅਲੰਕਾਰ ਪੁਰਾਣੇ ਹੀ ਹੁੰਦੇ ਹਨ। ਜਿਹੜੇ ਇਸ ਸ਼ਹਿਦ ਦੀ ਮਿਠਾਸ ਤੇ ਕੀਮਤ ਨੂੰ ਵਧਾਉਣ ਵਿਚ ਸਹਾਈ ਹੁੰਦੇ ਹਨ।

'ਹਮਦਰਦ' ਦੀਆਂ ਗ਼ਜ਼ਲਾਂ ਹਲਕੇ ਫੁਲਕੇ ਬਹਿਰਾਂ ਤੇ ਸਾਦਮੁਰਾਦੇ ਸ਼ਬਦਾਂ ਵਿਚ ਹੋਣ ਕਾਰਨ ਟੈਰਾਲੀਨ ਵਾਂਗ ਮਨ ਤੇ ਸਰੀਰ ਉਪਰ ਭਾਰ ਨਹੀਂ ਪਾਉਂਦੀਆਂ। ਇਸੇ ਕਰਕੇ ਕਈ ਇਕ ਸ਼ਿਅਰ ਯਾਦ ਆਪਣੇ ਪਲੇ ਝੱਟ ਪੱਟ ਬੰਨ੍ਹ ਲੈਂਦੀ ਹੈ ਤੇ ਉਹ ਦਿਲ ਵਿਚ ਨਿਆਰਾ

ਥਾਂ ਬਣਾ ਲੈਂਦੇ ਹਨ । ਪਾਠਕ 'ਹਮਦਰਦ' ਦੇ ਦਿਲ ਅੰਦਰ ਝਾਤੀ ਮਾਰ ਕੇ ਆਪਣੇ ਹੀ ਭਾਵ ਉਸ ਵਿਚੋਂ ਵੇਖਦਾ ਹੈ:—

"ਦਿਲ ਦੇ ਅੰਦਰ ਪਾਕੇ ਇਕ ਝਾਤੀ ਕਦੀ
ਵੇਖ ਲੈ 'ਹਮਦਰਦ' ਜਲਵਾ ਤੂਰ ਦਾ ।"

ਸਾਕੀ ਦੀ ਯਾਦ ਹੀ ਨਸ਼ੇ ਦਾ ਅੰਮ੍ਰਿਤ ਪੀਣ ਬਰਾਬਰ ਹੈ:—

"ਪੀਣ ਦੇ ਆਦੀ ਨਹੀਂ ਪਰ ਸਾਕੀਆ
ਜਦ ਵੀ ਤੇਰੀ ਯਾਦ ਆਈ, ਪੀ ਲਈ ।

ਪਿਆਰੇ ਦੀ ਯਾਦ ਸੰਝ ਸਵੇਰਾਂ ਤੇ ਵੀ ਜਵਾਨੀ ਲੈ ਆਉਂਦੀ ਹੈ । 'ਹਮਦਰਦ' ਉਨ੍ਹਾਂ ਨੂੰ ਅੰਗੜਾਈ ਲੈਂਦਿਆਂ ਇਉਂ ਵੇਖਦਾ ਹੈ:—

"ਹਰ ਸਵੇਰਾ ਲੈ ਕੇ ਆਇਆ ਤੇਰੀ ਯਾਦ
ਹਰ ਸਵੇਰੇ ਤੇ ਜਵਾਨੀ ਆ ਗਈ ।"

ਪਿਆਰੇ ਦੇ ਖਿਆਲ ਵਿਚ ਡੁੱਬੇ ਰਹਿਣਾ ਆਪਣੇ ਆਪ ਤੋਂ ਅਤੇ ਸੰਸਾਰ ਤੋਂ ਬੇਖਬਰ ਹੋਣਾ ਹੈ । ਅਜਿਹੇ ਖ਼ਿਆਲ ਵਿਚ ਫਿਰ ਕਿਸੇ ਦਾ ਖ਼ਿਆਲ ਕਿਥੇ ?

"ਉਸਨੂੰ ਰਹਿਦਾ ਨਹੀਂ ਕਿਸੇ ਦਾ ਖ਼ਿਆਲ
ਜਿਸਨੂੰ ਤੇਰਾ ਖ਼ਿਆਲ ਹੁੰਦਾ ਹੈ ।"

ਭਾ. ਵੀਰ ਸਿੰਘ ਨੇ 'ਹੋਸ਼ ਨਾਲੋਂ ਮਸਤੀ ਚੰਗੀ' ਦਸੀ ਸੀ, ਜਿਸ ਵਿਚ ਇਕ ਟਿਕਾਣੇ ਰਖਣ ਦੀ ਸਮਰਥਾ ਹੈ । ਹਮਦਰਦ' ਉਸ ਭਾਵ ਨੂੰ ਕਿੰਨੇ ਸਾਦੇ ਸ਼ਬਦਾਂ ਵਿਚ ਕਹਿੰਦਾ ਹੈ: —

'ਸਾਕੀ ਜਾਮ ਪਿਲਾਣਾ ਸੀ ਉਹ
ਮੁੜਕੇ ਮੈਂ ਹੁਸ਼ਿਆਰ ਨਾ ਹੁੰਦਾ ।'

ਜ਼ਿੰਦਗੀ ਮੌਤ ਦੇ ਕਿਸੇ ਨਾ ਕਿਸੇ ਰਾਜ਼ ਨੂੰ ਖੋਲ੍ਹਣਾ ਗਜ਼ਲ ਦਾ ਵੱਡਾ ਆਸ਼ਾ ਹੁੰਦਾ ਹੈ । ਗ਼ਾਲਿਬ ਤੇ ਇਕਬਾਲ ਦੀ ਵਡਿਆਈ ਇਸੇ ਆਸ਼ਾਂ ਪੂਰਤੀ ਕਰਕੇ ਹੈ । 'ਹਮਦਰਦ' ਨੂੰ ਜ਼ਿੰਦਗੀ ਮੌਤ ਦੇ ਘੜਨਹਾਰੇ ਰੱਬ ਦਾ ਝਾਉਲਾ ਹਰ ਬੰਦੇ ਤੇ ਪੈਂਦਾ ਜਾਪਦਾ ਹੈ । ਉਹ ਮਨਸੂਰ ਦੀ ਥਾਂ ਰੱਬ ਨੂੰ ਅਸਲ ਦੋਸ਼ੀ ਸਮਝਦਾ ਹੈ। ਕਿਨਾਂ ਸੋਹਣਾ ਬੰਨ੍ਹਿਆ ਹੈ ਇਸ ਖਿਆਲ ਨੂੰ:—

"ਉਹਦੇ ਅੰਦਰ ਬੋਲਦਾ ਸੀ ਆਪ ਰੱਬ
ਦੋਸ਼ ਕਿਉਂ ਮੰਨਿਆ ਗਿਆ ਮਨਸੂਰ ਦਾ ।"

ਜ਼ਿੰਦਗੀ ਮੌਤ ਇਕੋ ਸਿੱਕੇ ਦੇ ਸਿੱਧੀ ਪੁੱਠ ਹਨ । ਜਿਸ ਨੇ ਮੌਤ ਨੂੰ ਸਮਝ ਲਿਆ ਹੈ, ਉਸਦਾ ਡਰ ਜਾਂਦਾ ਰਿਹਾ । ਮੌਤ ਦੀ ਲਾੜੀ ਨਾਲ ਜਿਸ ਜੱਫੀ ਪਾ ਲਈ, ਜਦ ਉਸ ਘੁੰਡ ਚੁੱਕਕੇ ਵੇਖਿਆ, ਉਸ ਨੇ ਜ਼ਿੰਦਗੀ ਦਾ ਮੁਖੜਾ ਵੇਖਿਆ:

'ਮੌਤ ਨੂੰ ਜਿਸ ਨੇ ਗਲੇ ਖੁਦ ਲਾ ਲਿਆ,
ਜ਼ਿੰਦਗੀ ਦਾ ਭੇਤ ਉਸਨੇ ਪਾ ਲਿਆ ।'

ਹੁਸਨ ਇਸ਼ਕ ਗ਼ਜ਼ਲ ਦੀ ਜਾਨ ਹੁੰਦੇ ਹਨ । ਜ਼ਿੰਦਗੀ ਵੀ ਉਨ੍ਹਾਂ ਬਿਨਾਂ ਰੁਖੀ ਹੁੰਦੀ ਹੈ । ਹੁਸਨ ਬਿਨਾਂ ਜ਼ਿੰਦਗੀ ਦਾ ਕੋਈ ਸ਼ਿੰਗਾਰ ਨਹੀਂ ਤੇ ਇਸ਼ਕ ਬਿਨਾਂ ਮੌਤ ਦਾ ਸੁਆਦ ਨਹੀਂ । ਹੁਸਨ ਫਾਨੀ ਹੈ ਤੇ ਇਸ਼ਕ ਲਾਫਾਨੀ ਹੁਸਨ ਉਡ ਪੁਡ ਜਾਣ ਵਾਲਾ ਪਰਛਾਵਾਂ ਹੈ ਤੇ ਇਸ਼ਕ ਮੌਤ ਵਾਂਗ ਹਕੀਕਤ ਭਰਿਆ ਅਫ਼ਸਾਨਾ ਹੈ ।

'ਹੁਸਨ ਹੁੰਦਾ ਏ ਚਾਰ ਦਿਨ ਦੀ ਬਹਾਰ
ਇਸ਼ਕ ਦਾ ਕਦ ਜ਼ਵਾਲ ਹੁੰਦਾ ਏ ?'

ਜੀਵਨ ਨੂੰ ਹਰ ਵੇਲੇ ਮੌਤ ਲਈ ਤਿਆਰ ਰਹਿਣਾ ਚਾਹੀਦਾ ਹੈ । ਮੌਤ ਤੋਂ ਡਰਨ ਵਾਲਾ ਜੀਵਨ ਵੀ ਕਿਸ ਕੰਮ ?

ਉਹਦੀ ਜ਼ਿੰਦਗੀ ਵੀ ਹੈ ਕਿਆ ਜ਼ਿੰਦਗੀ
ਜਿਹਨੂੰ ਮੌਤ ਨੇ ਹੀ ਡਰਾ ਮਾਰਿਆ ।

'ਮਰਨਾ' ਕਬੂਲ ਕਰਨ ਵਾਲਾ ਹੀ ਜੀਉਣਾ ਜਾਣਦਾ ਹੈ:—

ਉਹ ਜੀਣਾ ਕੀ ਜਾਣੇ ਜਿਸਨੂੰ
ਮਰ ਜਾਣਾ ਪਰਵਾਨ ਨਹੀਂ ਹੈ।

'ਹਮਦਰਦ' ਦੀ 'ਗ਼ਜ਼ਲ' ਦੀ ਭਾਸ਼ਾ ਹਲਕੀ, ਸਾਦ ਮੁਰਾਦੀ ਪਰ ਬਾਮੁਹਾਵਰਾ ਹੈ। ਕਈ ਥਾਂ ਮੁਹਾਵਰੇ ਨਗੀਨਿਆ ਵਾਂਗ ਜੜਤ ਮਿਲਦੇ ਹਨ; ਜਿਵੇਂ ਗਲ ਲਾਉਣਾ, ਅੱਖੀਆਂ ਫੇਰਨਾ, ਫਲ ਪਾਉਣਾ, ਰੋਗ ਲਾ ਲੈਣਾ, ਗ਼ਮਾਂ ਨੇ ਖਾ ਲੈਣਾ, ਧੋਖਾ ਖਾਣਾ, ਦਿਲ ਤੇ ਪੱਥਰ ਰਖਣਾ, ਬਲਦੀ ਤੇ ਤੇਲ ਪਾਉਣਾ, ਘੁੰਡੀ ਖੋਲਣਾ, ਸੁਤੀ ਕਲਾ ਜਗਾਉਣਾ, ਆਦਿ।

ਕਈ ਥਾਂ ਪਰ, ਜ਼ਬਾਨਦਾਨੀ ਦੀਆਂ ਮਾਮੂਲੀ ਗਲਤੀਆਂ ਵੀ ਹੋ ਗਈਆਂ ਹਨ, ਜਿਵੇਂ 'ਚੁਫੇਰੇ ਤੇ ਜਵਾਨੀ ਆ ਗਈ, ਇਥੇ ਚੁਫੇਰੇ (ਕ੍ਰਿਆ ਵਿਸ਼ੇਸ਼ਨ) ਨੂੰ ਨਾਂਵ ਦੇ ਰੂਪ ਵਿਚ ਵਰਤਿਆ ਹੈ। 'ਤਦੋਂ' ਪਿਛੋਂ 'ਜਦ' ਲਿਆਂਦਾ ਗਿਆ ਹੈ, ਹਾਲਾਂ ਕਿ 'ਤਦੋਂ' ਪਿਛੋਂ 'ਜਦੋਂ' ਜਾਂ 'ਓਦੋਂ' ਆਉਣਾ ਚਾਹੀਦਾ ਸੀ। ਇਕ ਸ਼ਿਅਰ ਹੈ 'ਮਰ ਲਿਆ ਇਕ ਬੇਵਫ਼ਾ ਤੇ ਮਰ ਲਿਆ' ਇਸ ਵਿਚ 'ਮਰ ਲਿਆ' ਮਰ ਗਿਆ ਦੇ ਅਰਥਾਂ ਵਿਚ ਵਰਤਿਆ ਗਿਆ ਹੈ ਹਾਲਾਂ ਕਿ 'ਮਰ ਲੈਣਾ' ਦਾ ਮਤਲਬ 'ਤੰਗ ਆ ਜਾਣਾ' 'ਬੱਲ ਹੱਟ ਜਾਣਾ'' ਹੁੰਦਾ ਹੈ ਨਾਂ ਕਿ 'ਮਰਨਾ' ਜਾਂ 'ਮਰ ਜਾਣਾ'। ਇਸੇ ਤਰ੍ਹਾਂ "ਸਿਰ ਵਿਚ ਪਰਾਂਦੀ" ਠੀਕ ਨਹੀਂ ਹੁੰਦਾ। ਸਿਰ ਦੀ ਪਰਾਂਦੀ ਸਹੀ ਹੈ।

ਕਈ ਇਕ ਥਾਂ ਨਿਤ ਬੋਲ ਚਾਲ ਦੀ ਉਪ-ਭਾਖਾ ਦੇ ਸ਼ਬਦ ਵਰਤੇ ਹਨ, ਜਿਨ੍ਹਾਂ ਭਾਵੇਂ ਰੂਪ ਜਾਂ ਬਣਤਰ ਵਿਚ ਕੋਈ ਬਹੁਤ ਫਰਕ ਨਹੀਂ ਪਾਇਆ, ਪਰ ਉਂਜ ਉਚਿਤ ਨਹੀਂ ਜਾਪਦੇ, ਜਿਵੇਂ 'ਆਪਾਂ' ਰਿਹੈ 'ਜੀਕੂੰ, 'ਬਮਾਰਾਂ' ਆਦਿ।

ਕਈਂ ਬਣਤਰਾਂ ਉਰਦੂ ਨੁਮਾ ਹਨ, ਜਿਵੇਂ 'ਵਿਗੜਨੇ ਦੀ ਚਿੰਤਾ'' ''ਭੁਲਾਣੇ ਦਾ ਜਤਨ'' ਜਿਨ੍ਹਾਂ ਦਾ ਪੰਜਾਬੀ ਰੂਪ 'ਵਿਗੜਨ ਦੀ ਚਿੰਤਾ' ਤੇ 'ਭੁਲਾਣ ਦਾ ਜਤਨ' ਵਰਤਣਾ ਵਧੇਰੇ ਉਚਿਤ ਹੁੰਦਾ ਹੈ।

ਪਰੰਤੂ ਇਨ੍ਹਾਂ ਮਾਮੂਲੀ ਉਣਤਾਈਆਂ ਦੇ ਬਾਵਜੂਦ 'ਹਮਦਰਦ' ਦੀ ਇਹ ਕ੍ਰਿਤ ਇਕ ਸਾਹਿਤਕ ਤੇ ਪਰਮਾਣਕ ਰਚਨਾ ਕਹੀ ਜਾ ਸਕਦੀ ਹੈ। ਤੇ ਪੰਜਾਬੀ ਕਾਵਿ ਨੂੰ ਇਕ ਵਡੀ ਦੇਣ ਹੈ। ਨਿਰਸੰਦੇਹ ਇਸ ਨਾਲ ਪੰਜਾਬੀ ਸਾਹਿਤ ਭੰਡਾਰ ਇਸ ਪੱਖ ਤੋਂ ਭਰਪੂਰ ਹੋਇਆ ਹੈ। ਅਸੀਂ ਕਾਵਿ ਪ੍ਰੇਮੀਆਂ ਨੂੰ ਇਸ ਰਚਨਾ ਨੂੰ ਪੜ੍ਹਨ ਤੇ ਘੋਖਣ ਦੀ ਪਰੇਰਨਾ ਦਿੰਦੇ ਹਾਂ ਤੇ ਆਸ ਰਖਦੇ ਹਾਂ ਕਿ ਪੰਜਾਬੀ ਪਾਠਕ ਇਸ ਦਾ ਰੱਸ ਅਵੱਸ਼ ਮਾਨਣਗੇ।

ਗ਼ਜ਼ਲ

ਮਰੀ ਜੇ ਕਿਸੇ ਤੇ ਜਵਾਨੀ ਨਹੀਂ ਹੈ ।
ਕੋਈ ਜ਼ਿੰਦਗੀ ਦੀ ਨਿਸ਼ਾਨੀ ਨਹੀਂ ਹੈ।

ਤਿਰੇ ਨੈਣ ਦੇ ਨਾਲ ਨਰਗਸ ਦੀ ਤੁਲਣਾ
ਤਿਰੇ ਨੈਣ ਦੀ ਤਰਜਮਾਨੀ ਨਹੀਂ ਹੈ।

ਇਹ ਧਰਤੀ ਦੇ ਬੰਦੇ ਹੀ ਦੁਖ ਦੇ ਰਹੇ ਨੇ
ਮੁਸੀਬਤ ਮਿਰੀ ਆਸਮਾਨੀ ਨਹੀਂ ਹੈ।

ਜ਼ਰਾ ਵੀ ਮਿਰੇ ਦਿਲ 'ਚ ਮੇਰੇ ਰਕੀਬਾ।
ਤਿਰੇ ਵਾਸਤੇ ਬਦਗੁਮਾਨੀ ਨਹੀਂ ਹੈ।

ਮਿਰੇ ਦਿਲ ਨੂੰ ਸਮਝੋ ਤੁਸੀਂ ਆਪਣਾ ਦਿਲ
ਮਿਰਾ ਦਿਲ ਕੋਈ ਸ਼ੈ ਬਿਗਾਨੀ ਨਹੀਂ ਹੈ।

ਤਿਰੇ ਹੀ ਕਰਮ ਨਾਲ ਮੈਂ ਜੀ ਰਹਿਆ ਹਾਂ
ਮਿਰੀ ਆਪਣੀ ਜ਼ਿੰਦਗਾਨੀ ਨਹੀਂ ਹੈ।

ਮਿਰੇ ਪਾਸ ਹੈ ਯਾਦ ਤੇਰੀ ਨਿਸ਼ਾਨੀ
ਤਿਰੀ ਹੋਰ ਕੋਈ ਨਿਸ਼ਾਨੀ ਨਹੀਂ ਹੈ।

ਤਿਰਾ ਹੁਸਨ ਹੈ ਚਾਂਦਨੀ ਚਾਰ ਦਿਨ ਦੀ
ਮਿਰਾ ਇਸ਼ਕ ਬਾਕੀ ਇਹ ਫ਼ਾਨੀ ਨਹੀਂ ਹੈ।

ਮੈਂ ਤਸ਼ਬੀਹ ਦੇਵਾਂ ਕਿਸੇ ਨਾਲ ਤੈਨੂੰ
ਤਿਰਾ ਏਥੇ ਕੋਈ ਵੀ ਸਾਨੀ ਨਹੀਂ ਹੈ।

ਤਰਸ ਆ ਰਿਹਾ ਹੈ ਬੜਾ ਵਾਅਜ਼ ਉੱਤੇ
ਉਹਦਾ ਏਥੇ ਕੋਈ ਵੀ ਜਾਨੀ ਨਹੀਂ ਹੈ।

ਮਿਰੇ ਵਿਚ ਨੇ 'ਹਮਦਰਦ' ਸਾਰੇ ਹੀ ਔਗਣ
ਨਹੀਂ ਹੈ ਤਾਂ ਇਕ ਬੇਈਮਾਨੀ ਨਹੀਂ ਹੈ।

(ਗ਼ਜ਼ਲ ਵਿਚੋਂ —1963)

ਮਾਡਰਨ ਗ਼ਜ਼ਲ

ਸਾਧੂ ਸਿੰਘ ਹਮਦਰਦ

ਮੈਅ ਦੇ ਬਦਲੇ ਦਿੱਤਾ ਪਾਣੀ ।
ਕਦਰ ਅਸਾਡੀ ਤੂੰ ਕੀ ਜਾਣੀ ।

ਮੈਂ ਵੀ ਰਾਣੀ ਤੂੰ ਵੀ ਰਾਣੀ ।
ਕੌਣ ਭਰੇ ਜਨਤਾ ਦਾ ਪਾਣੀ ?

ਕਦਰ ਜਦੋਂ ਬੋਤਲ ਦੀ ਜਾਣੀ ।
ਜ਼ਾਹਿਦ ਹੋਇਆ ਪਾਣੀ ਪਾਣੀ ।

ਏਧਰ ਢਾਣੀ ਓਧਰ ਢਾਣੀ ।
ਬੁਤ ਬੈਠੇ ਨੇ ਤੰਬੂ ਤਾਣੀ ।

ਸਾਕੀ ਹੁਣ ਮੈਅਖਾਨੇ ਵਿੱਚ ਵੀ,
ਠੇਂਗਾ ਅਨ੍ਹਾਂ ਡੰਡੀ ਕਾਣੀ ।

ਮਖਣਾਂ ਗੈਰਾਂ ਨੂੰ ਮਿਲ ਮਿਲਕੇ
ਪਾਣੀ ਵਿੱਚ ਨਾ ਫੇਰ ਮਧਾਣੀ ।

ਰਿੰਦ ਉਠ ਭੱਜਾ ਸ਼ਾਮੀ ਮੰਦਰੋਂ
ਜਾਗ ਪਈ ਜਦ ਪੀੜ ਪੁਰਾਣੀ ।

ਹਰ ਜਾਈ ਹੈ ਇਹ ਮਹਿਬੂਬਾ
ਇਹ ਮਾਇਆ ਹੈ ਆਣੀ ਜਾਣੀ

ਗੈਰ ਇਵੇਂ ਤੇਰੇ ਗੁਣ ਗਾਵੇਂ
ਕਾਫਰ ਪੜ੍ਹਦੇ ਜੀਕੂੰ ਬਾਣੀ ।

ਜ਼ਾਹਿਦ ਦੀ ਮਤ ਨੂੰ ਕੀ ਹੋਇਐ
ਮੈਅ ਨੂੰ ਕਹਿੰਦੇ ਪਾਣੀ ਧਾਣੀ ।

ਗੈਰ ਦੀ ਰਹਿਨੀਅਤ ਤੇ ਪਰਦਾ
ਜਿਉਂ ਮੁਰਦੇ ਤੇ ਚਾਦਰ ਤਾਣੀ ।

ਫੇਰ ਅਸਾਂ ਨੇ ਤੋੜੀ ਤੋਬਾ
ਫੇਰ ਤਬੀਅਤ ਹੋਈ ਕਾਣੀ ।

ਖਾਕ ਵੀ ਸਾਡੇ ਹੱਥ ਨਾ ਆਇਆ
ਖਾਕ ਅਸਾਂ ਦਰ ਦਰ ਦੀ ਛਾਣੀ ।

ਚੰਚਲੇ ਮਨ ਦੀ ਗੱਲ ਮੰਨ ਕੇ ਮੈਂ
ਹਰ ਸੁਹਣੇ ਦਾ ਭਰਿਆ ਪਾਣੀ ।

ਖੈਰ ਐਨਕ ਤੇ ਲਾਕੇ ਉਸ ਨੇ
ਸ਼ਕਲ ਤਿਰੀ 'ਹਮਦਰਦ' ਪਛਾਣੀ ।

(ਮਾਡਰਨ ਗ਼ਜ਼ਲ ਵਿੱਚੋਂ, 1967)

ਗ਼ਜ਼ਲ

(ਇਹ ਗ਼ਜ਼ਲ ਨਵੀਆਂ ਗ਼ਜ਼ਲਾਂ ਵਿਚੋਂ ਵੰਨਗੀ ਦੇ ਤੌਰ ਤੇ ਹੈ। ਨਵੀਂ ਜ਼ਮੀਨ ਤੇ ਵਿਚਾਰਾਂ ਨਾਲ ਪੇਸ਼ ਕੀਤੀ ਹੈ। ਕਾਫੀਏ ਦੇ ਚਮਤਕਾਰ ਨੇ ਕਿੰਨਾ ਕੁ ਰੰਗ ਪੈਦਾ ਕੀਤਾ ਹੈ ਇਸ ਦਾ ਅੰਦਾਜ਼ਾ ਇਹ ਕਵਿਤਾ ਪੜ੍ਹ ਕੇ ਹੀ ਲਗਾਇਆ ਜਾ ਸਕਦਾ ਹੈ।)

—ਸੰਪਾਦਕ

ਵਲੋਂ ਸਾਧੂ ਸਿੰਘ 'ਹਮਦਰਦ'

ਪਰਗਟ ਹਰ ਥਾਂ ਹੋਇਆ ਹੋਇਆ,
ਤੇਰਾ ਹੁਸਨ ਲੁਕੋਇਆ ਹੋਇਆ।
ਸਾਡੇ ਤੇ ਹੀ ਰਖਦੇ ਨੇ ਉਹ,
ਦਿਲ ਦਾ ਬੂਹਾ ਢੋਇਆ ਹੋਇਆ।
ਉਸ ਚੁੱਪ ਸਾਧੀ ਸਾਨੂੰ ਸਦਕੇ,
ਕੰਮ ਨ ਹੋਇਆ ਹੋਇਆ ਹੋਇਆ।
ਤੇਰੀ ਇਕ ਮੁਸਕਾਨ ਦੇ ਸਦਕੇ,
ਜੀ ਉਠਿਆ ਦਿਲ ਮੋਇਆ ਹੋਇਆ।
ਲਾਲੀ ਬਣਿਆ ਤੇਰੇ ਮੂੰਹ ਦੀ,
ਖੂਨ ਕਿਸੇ ਦਾ ਚੋਇਆ ਹੋਇਆ।
ਕੌੜੇ ਫਲ ਦਾ ਰੁਖੜਾ ਬਣਦਾ,
ਬੀਜ ਕਿਸੇ ਦਾ ਬੋਇਆ ਹੋਇਆ।
ਦਿਲ ਮੇਰਾ ਹਸਦਾ ਏ ਏਦਾਂ,
ਜਿਉਂ ਹੁੰਦਾ ਏ ਰੋਇਆ ਹੋਇਆ।
ਹਲਕਾ ਕਰ ਦੇਂਦਾ ਹੈ ਦਿਲ ਨੂੰ
ਭਾਰ ਗਮਾਂ ਦਾ ਢੋਇਆ ਹੋਇਆ।
ਫੁਲ ਵਰਗਾ ਹੈ ਮੇਰੇ ਰਾਹ ਵਿਚ,
ਕੰਡਾ ਤੇਰਾ ਬੋਇਆ ਹੋਇਆ।
ਇਕੋ ਜੇਹਾ ਦਿਸਦੈ ਆਸ਼ਕ,
ਜੀਂਦਾ ਹੋਇਆ ਮੋਇਆ ਹੋਇਆ।
ਖਾਰ ਨਾ ਕਢ 'ਹਮਦਰਦਾ' ਦਿਲ ਚੋਂ,
ਉਸਦਾ ਦਰਦ ਲੁਕੋਇਆ ਹੋਇਆ।

ਮਾਡਰਨ ਹੀਰ

ਰਾਂਝਾ ਤੇ ਉਸਦਾ ਕਾਲਜ

"ਵਾਰਿਸ ਕੀ ਹਜਾਰੇ ਦੀ ਸਿਫਤ ਆਖਾਂ,
ਗੋਯਾ ਸੁਰਗ ਜ਼ਮੀਨ ਤੇ ਆਇਆ ਈ ।"

—○—

ਨੀਊ ਲਾਈਟ ਦੇ ਕਾਲਜ ਦੀ ਗਲ ਕੀ ਏ,
ਜਿਥੇ ਰਾਂਝਿਆਂ ਰੰਗ ਮਚਾਇਆ ਈ ।

ਫੱਬੇ ਜਿਨ੍ਹੇ 'ਵਿਨਸਲਟ' ਹੈ ਵੇਖਣੇ ਦੀ,
ਹੁੰਦਾ ਜਿਵੇਂ ਕੋਈ ਮਾਲ ਪਰਾਇਆ ਈ ।

ਰੰਗ ਉਨ੍ਹਾਂ ਦੇ ਪੀਲੇ ਵਸਾਰ ਵਰਗੇ,
ਲੱਕ ਦੂਹਰ ਤੇ ਗੁੱਸਾ ਸਵਾਇਆ ਈ ।

ਸਾਡਾ ਰਾਂਝਣਾ ਫੇਰ ਭੀ ਰਾਂਝਣਾ ਏ,
ਪੜ੍ਹਨਾ ਮਾਪਿਆਂ ਨੇ ਇਥੇ ਪਾਇਆ ਈ ।

ਰਵ੍ਹੇ, ਨਚਦਾ ਫਿਲਮ ਦੀ ਤਰਜ਼ ਉਤੇ,
'ਹਾਏ ਦਿਲ' ਦਾ ਸ਼ੋਰ ਮਚਾਇਆ ਈ ।

ਅੰਦਰ ਪਿਚਕੀਆਂ ਗੱਲ੍ਹਾਂ ਤੇ ਦੰਦ-ਬੋੜਾ,
ਜਿਵੇਂ ਕਬਰ 'ਚੋਂ ਕਰੰਗ ਕੋਈ ਆਇਆ ਈ ।

"ਵੰਡਰ-ਫੁਲ" ਉਹ ਆਖਦਾ ਖੁਸ਼ ਹੋ ਕੇ,
"ਬਿਊਟੀਫੁਲ" ਵੀ ਮੁਖੋਂ ਅਲਾਇਆ ਈ ।

ਹਵਾ ਬੰਨ੍ਹੇ, ਲਵਿੰਡਰ ਦੇ ਨਾਲ ਆਪਣੀ,
ਉਹਨੇ ਬੂਕ ਕਰੀਮ ਦਾ ਲਾਇਆ ਈ ।

ਉਹਦੇ ਚਿਹਰੇ ਤੇ ਦਾਗ ਨੇ ਠੰਡੀਆਂ ਦੇ,
ਖਰਸ਼-ਖਾਧੜਾ ਜਿਨ੍ਹਾਂ ਬਣਾਇਆ ਈ ।

ਗਰਮ 'ਸ਼ਰਟ' ਸਵੈਟਰ ਦੇ ਹੇਠ ਦਿੱਤੀ,
ਉਹਨੇ ਕੋਟ ਤੇ ਕੋਟ ਚੜ੍ਹਾਇਆ ਈ।
ਫਿਰ ਭੀ ਕੰਬਦਾ ਸਰਦੀਆਂ ਵਿਚ ਨੱਢਾ,
ਹੀਟਰ ਭਾਵੇਂ ਉਸ ਸਦਾ ਤਪਾਇਆ ਈ।
ਕਿਸੇ ਨਾਲ ਨਾ ਕਦੇ ਭੀ ਹਸਦਾ ਏ,
ਮੱਥੇ ਵੱਟ ਤੇ ਨੱਕ ਚੜ੍ਹਾਇਆ ਈ।
ਕਾਲਜ ਓਸਦਾ ਨਵੇਂ ਹੀ ਰੰਗ ਦਾ ਏ,
ਹੜ੍ਹ ਫੈਸ਼ਨਾਂ ਦਾ ਜਿਥੇ ਆਇਆ ਈ।
ਜਿਵੇਂ ਇਥੇ ਮਰੀਜ਼ ਹੀ ਆਉਂਦੇ ਨੇ,
'ਹਾਸਪੀਟਲ' ਇਕ ਵਡਾ ਬਣਾਇਆ ਈ।
ਸ਼ੌਂਕ ਬਸ ਹੈ ਟੀਕੇ ਲਗਾਉਣੇ ਦਾ,
ਹਰ ਇਕ ਰਾਂਝੇ ਨੂੰ ਟੀਕਾ ਲਵਾਇਆ ਈ।
ਹੀਰਾਂ ਹਸਦੀਆਂ ਤੁਸਦੀਆਂ ਫਿਰਦੀਆਂ ਨੇ,
ਜਿਨ੍ਹਾਂ ਕਾਲਜ ਨੂੰ ਹੋਰ ਮਹਿਕਾਇਆ ਈ।
ਮੀਊਜ਼ਿਕ ਵਿਚ ਕਲਾਸ ਮਸ਼ਹੂਰ ਇਸਦੀ,
ਇਹਦੇ ਡਾਂਸ ਨੇ ਡੰਕਾ ਵਜਾਇਆ ਈ।
ਪੜ੍ਹੇ ਕੱਟੀ ਨਾ ਏਥੇ ਧਿਆਨ ਦੇ ਕੇ,
ਟਾਈਮ ਗੱਲਾਂ ਦੇ ਵਿਚ ਲੰਘਾਇਆ ਈ।
ਹਰ ਇਕ ਸਮਝਦਾ ਹਈ 'ਹਮਦਰਦ' ਏਥੇ,
ਜੀਕਰ ਰੱਬ ਦੀ ਜੰਵ ਉਹ ਆਇਆ ਈ।

(ਛਪ ਰਹੀ ਪੁਸਤਕ ਮਾਡਰਨ ਹੀਰ, ਵਿਚੋਂ)

ਕਾਕ ਟੇਲ

ਨਵੀਂ ਛਪ ਰਹੀ ਕਿਤਾਬ ਕਾਕ ਟੇਲ ਵਿਚੋਂ ਇਹ ਵੰਨਗੀ ਹੈ । ਕਾਕਟੇਲ ਮਿਲੀ ਜੁਲੀ ਸ਼ਰਾਬ ਨੂੰ ਕਹਿੰਦੇ ਹਨ । ਇਸੇ ਤਰ੍ਹਾਂ ਇਹ ਇਕੋ ਕਵਿਤਾ ਤਿੰਨਾਂ ਰੰਗਾਂ ਵਿਚ ਛਪੀ ਹੈ । 'ਗ਼ਜ਼ਲ' ਵਿਚ ਛਪ ਚੁਕੀ ਇਸ ਸੰਜੀਦਾ ਗਜ਼ਲ ਦੀ ਪੈਰੋਡੀ ਹੈ ਅਤੇ ਨਾਲ ਹੀ ਇਸਦਾ ਉਰਦੂ ਰੂਪ ਹੈ। ਇਸ ਤਰ੍ਹਾਂ ਮੈਂ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਪੰਜਾਬੀ ਵਿਚ ਵੀ ਗ਼ਜ਼ਲ ਦਾ ਉਭਾਰ ਤੇ ਚਮਤਕਾਰ ਸੰਭਾਲਣ ਦੀ ਪੂਰੀ ਪੂਰੀ ਸਮਰਥਾ ਹੈ ।

............'ਹਮਦਰਦ'

ਕਾਕ ਟੇਲ

ਸੰਜੀਦਾ

ਬਿਜਲੀਆਂ ਦਾ ਜਵਾਬ ਹੁੰਦਾ ਏ ।
ਹੁਸਨ ਜਦ ਬੇਨਕਾਬ ਹੁੰਦਾ ਏ ।
ਮੇਰੇ ਸੌ ਸੌ ਸਵਾਲ ਹੁੰਦੇ ਹਨ
ਤੇਰਾ ਇਕੋ ਜਵਾਬ ਹੁੰਦਾ ਏ ।
ਤੇਰੀ ਮਹਿਫ਼ਿਲ'ਚ ਬੈਠਦਾ ਏ ਇਵੇਂ
ਗੈਰ ਜੀਕੂੰ ਨਵਾਬ ਹੁੰਦਾ ਏ ।
ਜਿਸਦੀ ਮੁਰਦਾ ਜ਼ਮੀਰ ਹੋ ਜਾਏ
ਉਸ ਦਾ ਮੁਰਦਾ ਖਰਾਬ ਹੁੰਦਾ ਏ ।

ਪੈਰੋਡੀ

ਝੂਠ ਜਦ ਬੇਨਕਾਬ ਹੁੰਦਾ ਏ ।
ਤੇਰਾ ਖਾਨਾ ਖਰਾਬ ਹੁੰਦਾ ਏ ।
ਮੇਰੇ ਜਿਧੇ ਸਵਾਲ ਹੁੰਦੇ ਹਨ
ਤੇਰਾ ਪੁਠਾ ਜਵਾਬ ਹੁੰਦਾ ਏ ।
ਈਕੂੰ ਠੇਕੇ ਨੂੰ ਤੁਰਿਆ ਜਾਂਦਾ ਹੈ
ਰਿੰਦ ਜੀਕੂੰ ਨਵਾਬ ਹੁੰਦਾ ਏ ।
ਦੌੜਦਾ ਏ ਜੋ ਮੁਰਦਿਆਂ ਪਿੱਛੇ
ਉਸਦਾ ਮੁਰਦਾ ਖਰਾਬ ਹੁੰਦਾ ਏ ।

ਉਰਦੂ

ਬਿਜਲੀਉਂ ਕਾ ਜਵਾਬ ਹੋਤਾ ਹੈ ।
ਹੁਸਨ ਜਬ ਬੇ ਨਿਕਾਬ ਹੋਤਾ ਹੈ ।
ਮੇਰੇ ਸੋ ਸੋ ਸਵਾਲ ਹੋਤੇ ਹੈਂ
ਆਪ ਕਾ ਇਕ ਜਵਾਬ ਹੋਤਾ ਹੈ ।
ਹੁਸਨ ਤੇਰਾ ਹਰੇਕ ਮਹਿਫਿਲ ਮੇਂ
ਆਪ ਅਪਨਾ ਜਵਾਬ ਹੋਤਾ ਹੈ ।
ਜਿਸਕਾ ਮੁਰਦਾ ਜ਼ਮੀਰ ਹੋ ਜਾਏ
ਉਸਕਾ ਮੁਰਦਾ ਖਰਾਬ ਹੋਤਾ ਹੈ ।

ਕੋਈ ਕਰਦਾ ਹੈ ਇਸ ਤਰ੍ਹਾਂ ਵੀ ਹਿਸਾਬ
ਰੋਜ਼ ਮੇਰਾ ਹਿਸਾਬ ਹੁੰਦਾ ਏ।
ਉਹਨੂੰ ਹੁੰਦਾ ਨਹੀਂ ਕਿਸੇ ਦਾ ਲਿਹਾਜ਼
ਬੇ ਲਿਹਾਜ਼ ਇਨਕਲਾਬ ਹੁੰਦਾ ਏ।
ਆਖਦਾ ਏਂ ਜਦੋਂ 'ਨਹੀਂ' ਹਸਕੇ
ਕਿਨਾ ਮਿੱਠਾ ਜਵਾਬ ਹੁੰਦਾ ਏ।
ਇਸ਼ਕ ਜੋ ਕਾਮਯਾਬ ਹੋ ਨ ਸਕੇ
ਉਹ ਬੜਾ ਕਾਮਯਾਬ ਹੁੰਦਾ ਏ
ਮੌਤ ਨੂੰ ਖੁਦ ਸਹੇੜਨਾ ਪੈਂਦੇ
ਤਾਂ ਕਿਤੇ ਇਨਕਲਾਬ ਹੁੰਦਾ ਏ।
ਮਾਅਰਫਤ ਦੀ ਨਿਗਾਹ ਦੇ ਸਦਕੇ
ਪੱਤਾ ਪੱਤਾ ਕਿਤਾਬ ਹੁੰਦਾ ਏ।
ਇਸ਼ਕ 'ਹਮਦਰਦ' ਇਕ ਹਕੀਕਤ ਹੈ
ਹੁਸਨ ਤੇ ਉਸਦਾ ਖ਼ਾਬ ਹੁੰਦਾ ਏ।

ਰੋਜ਼ ਤੈਨੂੰ ਸਰਾਪ ਦੇਂਦਾ ਹਾਂ
ਰੋਜ਼ ਮੇਰਾ ਹਿਸਾਬ ਹੁੰਦਾ ਏ।
ਆਖਦਾ ਏਂ ਜਦੋਂ 'ਨਹੀਂ' ਹਸਕੇ
ਕਿੱਨਾ ਸੋਖਾ ਜਵਾਬ ਹੁੰਦਾ ਏ।
ਇਸ਼ਕ ਜਿਸ ਨੂੰ ਵਪਾਰ ਲਗਦਾ ਹੈ
ਉਹ ਬੜਾ ਕਾਮਯਾਬ ਹੁੰਦਾ ਏ।
ਬੈਂਕ ਬੈਲੰਸ ਨਿਲ ਕਰਾਈ ਦਾ
ਤਾਂ ਕਿਤੇ ਇਨਕਲਾਬ ਹੁੰਦਾ ਏ।
ਮੇਰੇ ਉਤੇ ਤੂੰ ਰੀਝ ਪੈਂਦਾ ਏਂ
ਇਹ ਵੀ ਇਕ ਇਨਕਲਾਬ ਹੁੰਦਾ ਏ।
ਮਾਸਟਰ ਦੀ ਤਲਾਸ਼ ਕਿਉਂ ਨ ਕਰਾਂ
ਮਾਸਟਰ ਇਕ ਕਿਤਾਬ ਹੁੰਦਾ ਏ।
ਇਕ ਹਕੀਕਤ ਹੈ ਦੌਲਤ ਐ 'ਹਮਦਰਦ'
ਪਿਆਰ ਤੇ ਉਸਦਾ ਖ਼ਾਬ ਹੁੰਦਾ ਏ।

ਕੋਈ ਕਰਤਾ ਹੈ ਇਸ ਤਰਹ ਭੀ ਹਿਸਾਬ
ਰੋਜ਼ ਮੇਰਾ ਹਿਸਾਬ ਹੋਤਾ ਹੈ।
ਉਨਕੋ ਹੋਤਾ ਨਹੀਂ ਕਿਸੀ ਦਾ ਲਿਹਾਜ਼
ਬੇਲਿਹਾਜ਼ ਇਨਕਲਾਬ ਹੋਤਾ ਹੈ।
ਹੰਸ ਕੇ ਇਨਕਾਰ ਜਬ ਵੁਹ ਕਰਤੇ ਹੈਂ
ਕਿਤਨਾ ਸ਼ੀਰੀ ਜਵਾਬ ਹੋਤਾ ਹੈ।
ਇਸ਼ਕ ਜੋ ਕਾਮਯਾਬ ਹੋ ਨ ਸਕੇ
ਵੁਹ ਬੜਾ ਕਾਮਯਾਬ ਹੋਤਾ ਹੈ।
ਲੇਨੀ ਪੜਤੀ ਹੈ ਮੌਤ ਖ਼ੁਦ ਹੀ ਮੋਲ
ਫਿਰ ਕਹੀਂ ਇਕਕਲਾਬ ਹੋਤਾ ਹੈ।
ਮਅਰਫਤ ਕੀ ਨਿਗਾਹ ਕੇ ਸਦਕੇ
ਪੱਤਾ ਪੱਤਾ ਕਿਤਾਬ ਹੋਤਾ ਹੈ।
ਇਕ ਹਕੀਕਤ ਹੈ ਇਸ਼ਕ ਐ 'ਹਮਦਰਦ,
ਹੁਸਨ ਤੋ ਉਸਕਾ ਖ਼ਾਬ ਹੋਤਾ ਹੈ।

ਪਰ ਮੈਂ ਬੈਠਾ ਹਾਂ ਕੰਢੇ ਤੇ

ਸਾਧੂ ਸਿੰਘ 'ਹਮਦਰਦ'

ਕੈਸਪੀਅਨ ਸਾਗਰ ਦਾ ਬੱਚਾ
ਲਹਿਰਾਂ ਲੈਂਦਾ ਬੱਚੇ ਵਾਂਗਰ ।
ਲਹਿਰਾਂ ਛਡਦਾ ਮੌਜ 'ਚ ਆ ਕੇ
ਮੌਜਾਂ ਚਾੜੇ ਕੰਢੇ ਉਤੇ
ਫੇਰ ਉਤਾਰੇ ਪਿੱਛੇ ਜਾਵੇ ।
ਚੜ੍ਹਦਾ ਲਹਿੰਦਾ ਜਜ਼ਬੇ ਵਾਂਗਰ ।
ਇਕ ਛੱਲ ਜਾਵੇ ਤੇ ਇਕ ਆਵੇ
ਨਿਰਛਲ ਉਸਦੇ ਹਿਰਦੇ ਵਿੱਚੋਂ
ਨਿਕਲਣ ਤੇ ਛਾਤੀ ਤੇ ਉਸਦੀ
ਕਰਨ ਕਲੋਲਾਂ ਮੌਜਾਂ ਮਾਨਣ
ਪਰ ਮੈਂ ਬੈਠਾ ਹਾਂ ਕੰਢੇ ਤੇ ।

○ ○

ਕੰਢੇ ਉਤੇ ਮੈਂ ਬੈਠਾ ਹਾਂ,
ਵੇਖ ਰਹਿਆਂ ਹਾਂ ਚੌਹੀਂ ਪਾਸੀਂ
ਬੱਚੇ ਬੁੱਢੇ ਕਾਮੇ ਬਾਬੂ
ਕੁੜੀਆਂ ਮਾਵਾਂ ਤੇ ਭੈਣਾਂ ਤੇ
ਜੋੜੇ ਜੋੜੇ ਟੱਬਰ ਜੁੜਕੇ
ਗੋਤੇ ਲਾ ਕੇ ਖੁਸ਼ ਹੁੰਦੇ ਨੇ ।
ਕੰਮ ਕਰ ਕਰਕੇ ਥੱਕੇ ਹੋ ਸਨ ।
ਦੂਰ ਥਕਾਵਟ ਕਰਦੇ ਨੇ ਤੇ
ਮਿਹਨਤ ਕਰਕੇ ਆਇਆ ਸੀ ਜੋ
ਉਸ ਮੁੜ੍ਹਕੇ ਨੂੰ ਲਾਹੁੰਦੇ ਨੇ ਸਭ
ਤਾਂ ਜੋ ਅਗਲੇ ਦਿਨ ਨੂੰ ਵੀ ਉਹ
ਕੰਮ ਕਰ ਸਕਣ ਤਕੜੇ ਹੋ ਕੇ ।
ਇਸ ਵੇਲੇ ਭੁੱਲੇ ਨੇ ਸਭ ਕੁਝ
ਯਾਦ ਉਨ੍ਹਾਂ ਨੂੰ ਇਕੋ ਹੀ ਗੱਲ
ਮਾਣੀਦੀ ਹੈ ਵਿਹਲ ਕਿਸ ਤਰ੍ਹਾਂ
ਵੇਹਲ ਭੀ ਉਹ ਜੋ ਤਾਂ ਮਿਲਦੀ ਹੈ
ਜਾਨ ਲੜਾਉਣੀ ਜਦ ਆਉਂਦੀ ਹੈ ।
ਖੁਸ਼ ਹੁੰਦਿਆਂ ਨੂੰ ਵੇਖ ਰਿਹਾ ਹਾਂ
ਦੂਰ ਕਿਨਾਰੇ ਉਤੇ ਬੈਠਾ ।

○ ○

ਮਾਣ ਰਹਿਆਂ ਹਾਂ ਮੈਂ ਵੀ ਖੁਸ਼ੀਆਂ
ਆਪਣਾ ਆਪ ਉਨ੍ਹਾਂ ਵਿੱਚ ਪਾ ਕੇ ।
ਇਉਂ ਲੱਗੇ ਜਿਉਂ ਮੈਂ ਵੀ ਗੋਤੇ
ਲਾਉਂਦਾ ਹਾਂ ਓਨ੍ਹਾਂ ਦੇ ਵਾਂਗੂੰ
ਖੁਸ਼ ਹੁੰਦਾਂ ਓਨਾਂ ਦੇ ਵਾਂਗੂੰ
ਕਾਮਾ ਬਾਬੂ ਮੈਂ ਵੀ ਹਾਂ ਜਿਉਂ
ਕੈਸਪੀਅਨ ਦੇ ਕੰਢੇ ਉਤੇ
ਨ੍ਹਾਉਂਦੇ ਏਨ੍ਹਾਂ ਦੇਵਤਿਆਂ ਚੋਂ
ਦੂਰ ਕਿਨਾਰੇ ਉਤੇ ਬੈਠਾ ।

○ ○

ਕੈਸਪੀਅਨ ਦੇ ਕੰਢੇ ਉਤੇ
ਵੇਖ ਰਹਿਆ ਹਾਂ ਚੌਹੀਂ ਪਾਸੀਂ
ਮੇਹਨਤ ਦੀ ਬੱਤੀ ਦੇ ਜਲਵੇ
ਚਾਨਣ ਕੀਤਾ ਹੈ ਜਿਨ੍ਹਾਂ ਨੇ
ਹਰ ਇਕ ਪਾਸੇ ਤੇ ਹਰ ਤਰਫ਼ੇ ।
ਪਰ ਇਕ ਪਾਸੇ ਲੀਕ ਜਿਹੀ ਹੈ ।
ਕੁਝ ਪਛੱਮ ਕੁਝ ਦਖਣ ਵਲ ਨੂੰ
ਕਾਲੀ ਕਾਲੀ ਅੰਧਿਆਰੇ ਦੀ ।
ਇਕ ਪੁਰਖੀ ਰਜਵਾੜਾ ਸ਼ਾਹੀ
ਦੀ ਇਹ ਕਾਲਖ ਅੱਜ ਵੀ ਕਾਇਮ ।

ਸੋਚ ਰਿਹਾ ਹਾਂ ਮਿਟ ਜਾਏਗੀ,
ਹੁਣ ਇਹ ਕਾਇਮ ਰਹਿ ਨਹੀਂ ਸਕਦੀ।
ਚਾਨਣ ਅੱਗੇ ਮਿਟ ਜਾਏਗੀ
ਅੰਧਿਆਰੇ ਦੀ ਲੀਕ ਜਿਹੀ ਇਹ।
ਕੈਸਪੀਅਨ ਦੇ ਆਲੇ ਦੁਆਲੇ
ਸਭ ਪਾਸੇ ਚਾਨਣ ਪਸਰੇਗਾ
ਲੀਕ ਨਹੀਂ ਦਿਸੇਗੀ ਕੋਈ
ਅੰਧਿਆਰੇ ਦੀ ਕਾਲੀ ਕਾਲੀ।
ਪਰ ਮੈਂ ਹਾਂ ਕੰਢੇ ਤੇ ਬੈਠਾ।

o o

ਸੋਚ ਰਿਹਾ ਕੰਢੇ ਤੇ ਬੈਠਾ
ਗੋਤੇ ਮੈਂ ਵੀ ਲਾਵਾਂ ਇਸ ਵਿੱਚ
ਪਰ ਇਕ ਸ਼ਰਮ ਜਿਹੀ ਆਉਂਦੀ ਹੈ।
ਹਿੰਦ ਸਾਗਰ ਦਾ ਨੇੜ ਮੈਂ ਕੀਤਾ
ਜੋ ਸਾਗਰ ਹੈ ਬਹੁਤਾ ਵੱਡਾ।
ਜਿਸ ਅੱਗੇ ਕੈਸਪੀਅਨ ਲੱਗੇ
ਬੱਚਾ ਬੱਚਾ, ਜੁੱਸੇ ਕਾਰਨ।
ਐਪਰ ਉੱਝ ਇਹ ਬੱਚਾ ਵੇਖੋ
ਅੱਗੋਂ ਲੰਘਿਆ ਹੋਇਆ ਦਿੱਸੇ
ਉਸ ਵਡੇਰੇ ਪਾਸੋਂ ਕਿੰਨਾ।
ਸ਼ਰਮ ਇਹੋ ਖਾਂਦੀ ਏ ਮੈਨੂੰ,
ਇਸਨੂੰ ਆਪਣਾ ਆਪ ਵਖਾਵਾਂ ?
ਭਰਮ ਜੋ ਬਣਿਆ ਹੋਇਆ ਮੇਰਾ
ਤੇ ਮੇਰੇ ਉਸ ਹਿੰਦ ਸਾਗਰ ਦਾ
ਖੁਲ੍ਹ ਜਾਏਗਾ ਭਰਮ ਜਦੋਂ ਇਹ
ਕੀ ਆਖਣਗੇ ਬਾਕੂ ਵਾਲੇ
ਆਈਜ਼ਰਬਾਈਜਾਨ ਦੇ ਲੋਕੀਂ।
ਹਾਂ ਮੈਂ ਹਾਂ ਕੰਢੇ ਤੇ ਬੈਠਾ।

ਸਾਥੀ ਕਹਿੰਦੇ ਨੇ ਤੂੰ ਵੀ ਹੁਣ
ਹਮਦਰਦਾ ! ਕੁਝ ਗੋਤੇ ਲਾ ਲੈ।
ਅਲੈਗਜ਼ਾਂਦਰ ਮਿਰੋਨੌਵ ਤੇ
ਆਨੰਦ ਭਾਈ ਆਖ ਰਹੇ ਨੇ।
ਗੋਤੇ ਲਾ ਲੈ ਗੋਤੇ ਲਾ ਲੈ।
ਨਾਂਹ ਕਰਾਂ ਤਾਂ ਆਖਣ ਇਹ ਕਿ
ਇਹ ਸ਼ਰਮੀਲਾ ਕੁੜੀਆਂ ਵਾਂਗੂ
ਇਹ ਗੱਲ ਵੀ ਹੈ ਠੀਕ ਇਨ੍ਹਾਂ ਦੀ।
ਸ਼ਾਇਰ ਨੇ ਸ਼ਰਮੀਲੇ ਹੁੰਦੇ
ਨੰਗੇ ਕਰਦੇ ਨੇ ਦੂਜੇ ਨੂੰ;
ਜੋ ਕਾਲਖ ਦੇ ਹੈਨ ਪੁਜਾਰੀ;
ਜੋ ਅੰਧਿਆਰੇ ਦੇ ਗਾਹਕ ਨੇ।
ਆਪ ਕਿਵੇਂ ਨੰਗੇ ਹੋ ਬੈਠਣ।
ਲੋਕਾਂ ਅੱਗੇ ਸਾਗਰ ਅੱਗੇ।
ਭਰਮ ਜਿਹਾ ਬਣਿਆ ਰਹਿ ਜਾਏ।
ਕੰਢੇ ਦੇ ਉੱਤੇ ਬੈਠੇ ਦਾ।

ਪਰ ਮੈਂ ਵੀ ਲਾਵਾਂਗਾ ਇਸ ਵਿੱਚ
ਗੋਤੇ, ਜਦ ਵੇਲਾ ਆਏਗਾ
ਜਦ ਮੈਨੂੰ ਡਰ ਨਹੀਂ ਭਾਸੇਗਾ।
ਸ਼ਰਮ ਉਡੇਗੀ ਜਦ ਇਹ ਮੇਰੀ।
ਮੈਂ ਵੀ ਗੋਤੇ ਲਾਵਾਂਗਾ ਫਿਰ
ਹਿੰਦ ਸਾਗਰ ਵਿੱਚ ਕੈਸਪੀਅਨ ਵਿੱਚ।
ਪਰ ਹੁਣ ਤਾਂ ਮੈਂ ਬੈਠਾ ਹੋਇਆ
ਹਾਂ ਇਸ ਸਾਗਰ ਦੇ ਕੰਢੇ ਉਤੇ।

o o

ਕਿਤਨਾ ਬਦਲ ਗਿਆ ਇਨਸਾਨ

ਸਾਧੂ ਸਿੰਘ 'ਹਮਦਰਦ'

ਮਾਈ ਡੀਅਰ ਦਿਲਦਾਰ।

ਡੈਡੀ ਨਾਲ ਮੈਂ ਗਲ ਬਾਤ ਕੀਤੀ ਹੈ ਤੇ ਉਨ੍ਹਾਂ ਨੂੰ ਸਾਫ਼ ਸਾਫ਼ ਦੱਸ ਦਿੱਤਾ ਹੈ ਕਿ ਜਿਸ ਵੇਲੇ ਤੋਂ ਮੈਂ ਉਨ੍ਹਾਂ ਦੇ ਮਿਤਰ ਗਿਆਨ ਦੇ ਲੜਕੇ ਮਿਸਟਰ ਦਿਲਦਾਰ ਨੂੰ ਸਿਨਮਾ ਹਾਲ ਵਿਚ ਵੇਖਿਆ ਉਸੇ ਵੇਲੇ ਤੋਂ ਹੀ ਅਪਣਾ ਦਿਲ ਉਸ ਨੂੰ ਅਰਪਣ ਕਰ ਚੁੱਕੀ ਹਾਂ। ਡੈਡੀ ਕਹਿਣ ਲਗੇ ਮਿਸਟਰ ਗਿਆਨ ਮੇਰੇ ਮਿਤਰ ਤਾਂ ਹਨ ਤੇ ਮਿਸਟਰ ਦਿਲਦਾਰ ਵੀ ਚੰਗਾ ਲੜਕਾ ਹੈ ਪਰ ਸਮਾਜ ਵਿਚ ਆਰਥਕ ਨਾ—ਬਰਾਬਰੀ ਦੇ ਕਾਰਨ ਇਹ ਰਿਸ਼ਤਾ ਨਹੀਂ ਹੋ ਸਕਦਾ। ਦਿਲਦਾਰ ! ਫੇਰ ਤੁਹਾਨੂੰ ਪਤਾ ਹੈ ਮੈਂ ਡੈਡੀ ਨੂੰ ਕੀ ਉਤਰ ਦਿੱਤਾ ? ਮੈਂ ਜਵਾਬ ਦਿੱਤਾ, "ਇਹ ਮੇਰੀ ਮੁਹਬੱਤ ਦਾ ਮਾਮਲਾ ਹੈ ਤੇ ਕੇਵਲ ਮੇਰੇ ਨਾਲ ਹੀ ਸਬੰਧਤ ਹੈ ਇਸ ਲਈ ਇਸ ਸਬੰਧ ਵਿਚ ਮੈਂ ਤੁਹਾਡੀ ਕੋਈ ਗੱਲ ਵੀ ਸੁਨਣ ਲਈ ਤਿਆਰ ਨਹੀਂ।" ਤੁਹਾਨੂੰ ਪਤਾ ਹੀ ਹੈ ਕਿ ਡੈਡੀ ਮੈਨੂੰ ਕਿੰਨਾ ਪਿਆਰ ਕਰਦੇ ਹਨ ? ਹਾਲੇ ਮੈਂ ਛੋਟੀ ਹੀ ਸਾਂ ਕਿ ਮੇਰੀ ਮਮੀ ਸਾਡੇ ਤੋਂ ਸਦਾ ਲਈ ਵਿਛੜ ਗਏ। ਡੈਡੀ ਨੇ ਉਸ ਤੋਂ ਬਾਅਦ ਲਗਾਤਾਰ ਤਿੰਨ ਵਿਆਹ ਕਰਵਾਏ ਪਰ ਤਿੰਨਾ ਨੂੰ ਹੀ ਤਲਾਕ ਦੇ ਦਿਤੇ। ਮੈਨੂੰ ਕਹਿਣ ਲਗੇ, "ਜਿੰਨੀ ਦੇਰ ਤੂੰ ਇਸ ਮਾਮਲੇ ਵਿਚ ਮੇਰੀ ਸਲਾਹ ਨਹੀਂ ਲਵੇਂਗੀ ਇਹ ਵਿਆਹ ਕਦੀ ਵੀ ਸਫਲ ਨਹੀਂ ਹੋਵੇਗਾ।" ਖੈਰ। ਕਾਫ਼ੀ ਦੇਰ ਤੱਕ ਗਲਾਂ ਬਾਤਾਂ ਹੁੰਦੀਆਂ ਰਹੀਆਂ ਤੇ ਬੜੀ ਦੇਰ ਤੱਕ ਉਹ ਮੈਨੂੰ ਸਮਝਾਂਦੇ ਰਹੇ। ਪਰ ਮੈਂ ਇਕੋ ਗੱਲ ਆਖੀ ਗਈ, "ਡੈਡੀ, ਇਹ ਮੇਰਾ 'ਲਵ ਅਫੇਅਰ' ਹੈ ਤੁਸੀਂ ਇਸ ਵਿਚ ਰੋੜਾ ਬਨਣ ਦੀ ਕੋਸ਼ਿਸ਼ ਨਾ ਕਰੋ।" ਮੈਨੂੰ ਢੀਠ ਤੇ ਜ਼ਿੱਦੀ ਬਣੀ ਦੇਖ ਕੇ ਅਖੀਰ ਉਨ੍ਹਾਂ ਇਜਾਜ਼ਤ ਦੇ ਦਿੱਤੀ। ਵੇਖਿਆ ਦਿਲਦਾਰ ! ਸਾਡਾ ਪਿਆਰ ਕਿੰਨਾ ਸਫਲ ਹੈ ? ਹਾਲੇ ਕੱਲ ਹੀ ਅਸੀਂ ਮਿਲੇ ਸਾਂ ਤੇ ਅੱਜ ਹੀ ਇਹ ਮਾਮਲਾ ਨਜਿਠਿਆ ਗਿਆ ਤੇ ਅਸੀਂ ਵਿਆਹ ਕਰਵਾਵਾਂਗੇ। ਮੇਰੇ ਡੈਡੀ ਨਵੇਂ ਜ਼ਮਾਨੇ ਦੇ ਵਾਤਾਵਰਨ ਵਿਚ ਪਲੇ ਹਨ ਪਰ ਹੁਣ ਭਾਵੇਂ ਉਹ 'ਆਊਟ ਆਫ ਡੇਟ' ਹੋ ਚੁਕੇ ਹਨ ਤਾਂ ਵੀ ਉਨ੍ਹਾਂ ਕੋਈ ਰੁਕਾਵਟ ਪਾਉਣੀ ਚੰਗੀ ਨਾ ਸਮਝੀ। ਅਸਲ ਵਿਚ ਮੈਂ ਉਨ੍ਹਾਂ ਨੂੰ ਸਾਫ ਤੌਰ ਤੇ ਦੱਸ ਦਿੱਤਾ ਸੀ ਕਿ ਉਹਨਾ ਦੀ ਬੇਟੀ ਮਾਡਰਨ ਲੜਕੀ ਹੈ ਤੇ ਅਪਣੇ ਬਾਰੇ ਆਪ ਚੰਗੀ ਤਰ੍ਹਾਂ ਸੋਚ ਸਕਦੀ ਹੈ ਤਾਂ ਉਨ੍ਹਾਂ ਮੈਨੂੰ ਤੁਹਾਡੇ ਨਾਲ ਵਿਆਹ ਕਰਨ ਦੀ ਆਗਿਆ ਦੇ ਦਿੱਤੀ।

ਦਿਲੀ ਪਿਆਰ ਸਹਿਤ,

ਅਚਲਾ ਐਮ. ਏ.

ਅਚਲਾ ਡਾਰਲਿੰਗ,

ਮੈਂ ਅਪਣੇ ਡੈਡੀ ਨੂੰ ਤੁਹਾਡਾ ਲੈਟਰ ਦਿਖਾਇਆ। ਤੁਹਾਨੂੰ ਸ਼ਾਇਦ ਇਸ ਗੱਲ ਦਾ ਪਤਾ ਨਹੀਂ ਕਿ ਮੇਰੇ ਡੈਡੀ ਪੁਰਾਣੇ ਖਿਆਲਾਂ ਦੇ ਆਦਮੀ ਹਨ। ਜਦੋਂ ਹੀ ਉਨ੍ਹਾਂ ਨੇ ਤੁਹਾਡੀ ਲੈਟਰ ਦੇਖੀ ਤਾਂ ਅਖਾਂ ਲਾਲ ਕਰਕੇ ਬੋਲੇ, "ਦਿਲਦਾਰ ਮੈਨੂੰ ਤੇਰੀਆਂ ਇਹ ਗੱਲਾਂ ਪਸੰਦ ਨਹੀਂ। ਗਿਆਨ ਸਿੰਘ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਸ ਦਾ ਪੁਤਰ ਇਕ ਸੁਸਾਇਟੀ ਗਰਲ ਪਿਛੇ ਅਪਣੇ ਪਿਓ ਦਾਦੇ ਦੇ ਨਾਊਂ ਨੂੰ ਵੱਟਾ ਲਾਵੇ। ਇਹ ਵਿਆਹ ਜਿੰਨੀ ਛੇਤੀ ਹੋਵੇਗਾ ਉਨੀ ਹੀ ਛੇਤੀ ਟੁਟ ਜਾਏਗਾ। ਪਰਸੋਂ ਤਾਂ ਤੁਸੀਂ ਹਾਲੇ ਮਿਲੇ ਹੋ ਤੇ ਕੱਲ ਹੀ ਵਿਆਹ ਦਾ ਵੀ ਫੈਸਲਾ ਕਰ ਲਿਆ ਤੇ ਇਸ ਗੱਲ ਬਾਰੇ ਸੋਚਿਆ ਵੀ ਨਹੀਂ ਕਿ ਮੇਰੀ ਇਸ ਮਾਮਲੇ ਵਿਚ ਕੀ ਰਾਏ ਹੈ?" ਮੈਂ ਅਪਣੇ ਡੈਡੀ ਨੂੰ ਸਾਫ ਕਹਿ ਦਿੱਤਾ ਕਿ ਭਾਵੇਂ ਉਹ ਇਜਾਜ਼ਤ ਦੇਣ ਤੇ ਭਾਵੇਂ ਨਾ ਮੈਂ ਅਚਲਾ ਨਾਲ ਜ਼ਰੂਰ ਵਿਆਹ ਕਰਵਾਵਾਂਗਾ। ਉਨ੍ਹਾਂ ਵੀ ਮੈਨੂੰ ਕਹਿ ਦਿੱਤਾ ਕਿ ਜੇ ਤੂੰ ਇਸ ਗੱਲ ਨੂੰ ਠੀਕ ਸਮਝਦਾ ਹੈਂ ਕਿ ਮੇਰੀ ਰਾਏ ਦੀ ਕੋਈ ਜ਼ਰੂਰਤ ਨਹੀਂ ਤਾਂ ਜਾਹ, ਜਾ ਕੇ ਵਿਆਹ ਕਰਵਾ ਲੈ ਪਰ ਯਾਦ ਰਖੀਂ ਇਸ ਘਰ ਵਿਚ ਮੁੜ ਕੇ ਪੈਰ ਨਾ ਪਾਈਂ। ਮੇਰੀਆਂ ਜਵਾਨ ਧੀਆਂ ਹਨ, ਮੈਂ ਨਹੀਂ ਚਾਹੁੰਦਾ ਕਿ ਇਸ ਦਾ ਅਸਰ ਉਨ੍ਹਾਂ ਤੇ ਪਵੇ। ਜਾਇਦਾਦ ਮੈਂ ਸਾਰੀ ਆਪ ਕਮਾ ਕੇ ਇੱਕਠੀ ਕੀਤੀ ਹੈ ਇਸ ਲਈ ਮੈਨੂੰ ਪੂਰਨ ਹੱਕ ਹੈ ਕਿ ਮੈਂ ਤੈਨੂੰ ਇਸ ਤੋਂ ਵਾਂਝਿਆ ਰੱਖਾਂ। ਤੂੰ ਜਾ ਕੇ ਵਿਆਹ ਕਰਵਾ ਸਕਦਾ ਹੈਂ।'

ਮੈਂ ਹੁਣੇ ਹੀ ਤੁਹਾਡੇ ਕੋਲ ਆ ਰਿਹਾ ਹਾਂ। ਤੁਸੀਂ ਸਿਵਲ ਮੈਰਿਜ ਲਈ ਤਿਆਰ ਰਹਿਣਾ।

ਤੁਹਾਡਾ ਤੇ ਸਿਰਫ ਤੁਹਾਡਾ,
ਦਿਲਦਾਰ ਐਮ. ਏ. ਐਲ. ਐਲ.ਬੀ.।

ਡੀਅਰ ਮਿਸਟਰ ਗਿਆਨ,

ਮੈਂ ਅੱਜ ਅਚਲਾ ਐਮ. ਏ. ਨਾਲ ਵਿਆਹ ਕਰਵਾ ਲਿਆ ਹੈ। ਜਦੋਂ ਮੈਂ ਘਰੋਂ ਨਿਕਲਿਆ ਸਾਂ ਤਾਂ ਮਮੀ ਨੇ ਮੈਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ। ਦੇਵਿੰਦਰ ਤੇ ਸਤਿੰਦਰ ਵੀ ਰੋਂਦੀਆਂ ਰਹੀਆਂ। ਪਰ ਮੈਂ ਅਪਣੇ 'ਲਵ ਅਫੇਅਰ' ਵਿਚਕਾਰ ਕਿਸੇ ਨੂੰ ਨਹੀਂ ਸੀ ਆਉਣ ਦੇਣਾ ਚਾਹੁੰਦਾ। ਹੁਣ ਤੁਸੀਂ ਅਪਣੇ ਘਰ ਸੁਖੀ ਰਹੋ ਤੇ ਮੈਂ ਅਪਣੇ ਘਰ। ਅਪਣੇ ਡੈਡੀ ਦੀ ਜਾਇਦਾਦ ਦੀ ਮਾਲਕ ਉਸ ਦੀ ਇਕੋ ਇਕ ਧੀ ਅਚਲਾ ਹੈ ਅਤੇ ਇਹ ਜਾਇਦਾਦ ਤੁਹਾਡੀ ਜਾਇਦਾਦ ਤੋਂ ਕਿਤੇ ਜ਼ਿਆਦਾ ਹੈ। ਤੁਸੀਂ ਅਪਣੀ ਜਾਇਦਾਦ ਸੰਭਾਲ ਰਖੋ ਤੇ ਅਪਣੇ ਪੁਰਾਣੇ ਖਿਆਲਾਂ ਦਾ ਢੰਡੋਰਾ ਪਿਟਦੇ ਰਹੋ।

ਤੁਹਾਡਾ ਠੁਕਰਾਇਆ ਹੋਇਆ
ਦਿਲਦਾਰ ਐਮ. ਏ. ਐਲ ਐਲ. ਬੀ.।

ਬਰਖੁਰਦਾਰ ਦਿਲਦਾਰ ਸਿੰਘ,

ਸੁਖੀ ਰਹੋ ਬੇਟਾ। ਤੁਸੀਂ ਮੇਰੀ ਮਰਜ਼ੀ ਵਿਰੁਧ ਸ਼ਾਦੀ ਕਰਾਕੇ ਚੰਗਾ ਨਹੀਂ ਕੀਤਾ। ਜਿਸ ਨੂੰ ਤੁਸੀਂ ਸੁਸਾਇਟੀ ਦੀ ਤਰੱਕੀ ਸਮਝਦੇ ਹੋ ਉਹ ਗੱਲ ਸਾਡੇ ਲਈ ਹੇਠੀ ਵਾਲੀ ਹੈ। ਮੈਂ ਤਾਂ ਇਹੋ ਜਿਹੇ ਖਿਆਲਾਂ ਵਾਲੇ ਬੱਚੇ ਬੱਚੀਆਂ

ਦੀ ਪਰਵਾਹ ਨਹੀਂ ਕਰਦਾ ਪਰ ਤੇਰੇ ਮਾਤਾ ਜੀ ਕੱਲ ਤੇਰੇ ਜਾਣ ਪਿਛੋਂ ਬਿਮਾਰ ਹੋ ਗਏ ਹਨ। ਤੂੰ ਸਾਡਾ ਇਕਲੌਤਾ ਪੁਤਰ ਏਂ ਜੇ ਤੂੰ ਨਾ ਆਇਓਂ ਤਾਂ ਉਹ ਪ੍ਰਾਣ ਤਿਆਗ ਦੇਵੇਗੀ। ਬੇਹੋਸ਼ੀ ਵਿਚ ਵੀ ਤੇਰਾ ਨਾਂ ਲੈ ਰਹੀ ਹੈ। ਤੂੰ ਬੀਬੀ ਅਚੱਲ ਕੌਰ ਨੂੰ ਨਾਲ ਲੈ ਕੇ ਆਏਂ ਤਾਂ ਉਸ ਗਰੀਬਣੀ ਦੀ ਜਾਨ ਬਚ ਜਾਏਗੀ। ਇਹ ਗੱਲ ਦਸਣ ਦੀ ਲੋੜ ਨਹੀਂ ਕਿ ਮੈਂ ਤੇਰੀ ਮਾਤਾ ਦੀ ਖ਼ਾਤਰ ਤੈਨੂੰ ਮੁਆਫ ਕਰ ਦਿੱਤਾ ਹੈ, ਆਖਰ ਤੂੰ ਮੇਰਾ ਪੁਤਰ ਹੈਂ।

ਪਿਆਰ ਸਹਿਤ ਤੇਰਾ ਪਿਤਾ,
ਗਿਆਨ ਸਿੰਘ

ਮਿਸਟਰ ਗਿਆਨ ਸਿੰਘ,

ਮੈਂ ਤੁਹਾਡਾ ਬੇਟਾ ਹੀ ਨਹੀਂ ਤੇ ਤੁਹਾਡੀ ਜਾਇਦਾਦ ਦਾ ਹੱਕਦਾਰ ਵੀ ਨਹੀਂ। ਅੱਜ ਕੱਲ ਅਸੀਂ 'ਹਨੀ ਮੂਨ' ਮਨਾ ਰਹੇ ਹਾਂ। ਸ਼ਹਿਰ ਦੇ ਹੋਟਲ ਵਿਚ ਹਾਂ। ਤੁਹਾਡਾ ਪਰਸੋਂ ਦਾ ਲਿਖਿਆ ਹੋਇਆ ਖਤ ਮਿਲਿਆ। ਜੇ ਮਮੀਂ ਮਰ ਜਾਏ ਮੈਨੂੰ ਅਫਸੋਸ ਜ਼ਰੂਰ ਹੋਵੇਗਾ। ਪਰ ਤੁਹਾਨੂੰ ਪਤਾ ਹੀ ਹੈ ਕਿ ਮੈਂ ਇਕ ਬੁਢੀ ਠੇਰੀ ਲਈ ਅਪਣਾ ਹਨੀ ਮੂਨ ਦਾ ਮਜ਼ਾ ਕਿਸ ਤਰ੍ਹਾਂ ਕਿਰਕਿਰਾ ਕਰ ਸਕਦਾ ਹਾਂ। ਫੇਰ ਤੁਸੀਂ ਮੇਰੇ ਨਾਲ ਕਿਹੜਾ ਪਿਤਾ ਵਾਲਾ ਸਲੂਕ ਕੀਤਾ ਹੈ? ਤੁਸੀਂ ਤਾਂ ਮੈਨੂੰ ਮੁਆਫ ਕਰ ਦਿੱਤਾ ਹੈ ਪਰ ਅਚਲਾ ਤੁਹਾਨੂੰ ਮੁਆਫ ਕਰਨ ਲਈ ਬਿਲਕੁਲ ਤਿਆਰ ਨਹੀਂ। ਉਹ ਤੇ ਮੈਂ ਤੁਹਾਡੀ ਸਾਦਗੀ ਉਤੇ ਹਸਿਆ ਕਰਦੇ ਹਾਂ। ਮਮੀਂ ਨੂੰ ਕਹਿਣਾ ਕਿ ਅਜਕਲ ਦੀ ਦੁਨੀਆਂ ਵਿਚ ਇਹੋ ਜਿਹੀ ਮਮਤਾ ਰਖਣਾ ਬੇਵਕੂਫਾਂ ਦਾ ਕੰਮ ਹੈ ਅਤੇ ਖਾਹਮਖਾਹ ਅਪਣੀ ਜਾਨ ਨਾ ਗੁਆ ਬੈਠਣ। ਮੁਆਫ ਕਰਨਾ ਤੁਸੀਂ ਉਨ੍ਹਾਂ ਨੂੰ ਦੱਸ ਦੇਣਾ ਕਿ ਦਿਲਦਾਰ ਤੁਹਾਡੇ ਕੋਲ ਬਿਲਕੁਲ ਨਹੀਂ ਆਏਗਾ। ਉਨ੍ਹਾਂ ਨੂੰ ਜਾਨ ਦੇਣ ਦੀ ਕੋਈ ਲੋੜ ਨਹੀਂ।

ਤੁਹਾਡਾ ਠੁਕਰਾਇਆ ਹੋਇਆ,
ਦਿਲਦਾਰ ਸਿੰਘ ਐਮ. ਏ. ਐਲ. ਐਲ. ਬੀ

ਬਰਖੁਰਦਾਰ ਦਿਲਦਾਰ ਸਿੰਘ,

ਕੱਲ ਜਦ ਤੁਹਾਨੂੰ ਦੋਹਾਂ ਨੂੰ ਦੇਖਿਆ ਤਾਂ ਮੇਰਾ ਦਿਲ ਖਿੜ ਗਿਆ। ਤੁਸੀਂ ਆਪ ਤਾਂ ਆਏ ਨਾ ਅਚਲਾ ਤੁਹਾਡੇ ਇਸ਼ਾਰੇ ਨਾਲ ਆਈ ਤਾਂ ਉਸ ਨੇ ਬੁਢੇ ਪਿਓ ਦੀ ਬੇਨਤੀ ਠੁਕਰਾ ਕੇ ਰਖ ਦਿੱਤੀ। ਮੈਂ ਤੁਹਾਡੀ ਮਾਤਾ ਜੀ ਖਾਤਰ ਸਭ ਕੁਝ ਬਰਦਾਸ਼ਤ ਕਰ ਲਿਆ। ਤੁਸੀਂ ਪਿਓ ਬਣੋਗੇ ਤਾਂ ਤੁਹਾਨੂੰ ਪਿਤਾ ਪਿਆਰ ਦੀ ਜਾਣਕਾਰੀ ਹੋਵੇਗੀ ਕਿ ਇਕ ਪਿਤਾ ਦੇ ਹਿਰਦੇ ਵਿਚ ਅਪਣੇ ਬੱਚੇ ਲਈ ਕਿੰਨਾਂ ਪਿਆਰ ਹੁੰਦਾ ਹੈ। ਮੈਂ ਘਰ ਜਾ ਕੇ ਜਦ ਤੁਹਾਡੇ ਰੁੱਖੇਪਨ ਬਾਰੇ ਦਸਿਆ ਤਾਂ ਤੁਹਾਡੀ ਮਾਤਾ ਨੇ ਚੀਖ ਮਾਰ ਕੇ ਸਦਾ ਲਈ ਇਸ ਲਹੂ ਤੇ ਮਿੱਟੀ ਦੇ ਜਾਮੇਂ ਨੂੰ ਤਿਆਗ ਦਿੱਤਾ। ਮਰਨ ਵੇਲੇ ਤੁਹਾਡਾ ਹੀ ਨਾਂ ਉਸ ਦੀ ਜ਼ਬਾਨ ਤੇ ਸੀ।

ਹੁਣ ਮੈਂ ਤੁਹਾਨੂੰ ਕਦੀ ਵੀ ਆਉਣ ਲਈ ਨਹੀਂ ਲਿਖਾਂਗਾ ਭਾਵੇਂ ਮੇਰਾ ਮਨ ਹਾਲੇ ਵੀ ਤੁਹਾਡੇ ਪਿਆਰ ਵਿਚ ਤੜਪ ਰਿਹਾ ਹੈ। ਬਰਖੁਰਦਾਰ! ਮੈਂ ਹੁਣ ਅਪਣੇ ਦਿਲ ਨੂੰ ਸਖ਼ਤ ਬਣਾ ਲਿਆ ਹੈ। ਤੁਸੀਂ ਸੁਖੀ ਵਸੋ ਤੇ ਵਧੋ

ਭੁੱਲੋਂ। ਇਹ ਅਰਦਾਸ ਮੈਂ ਅਖੀਰੀ ਦਮ ਤੱਕ ਕਰਦਾ ਰਹਾਂਗਾ ਪਰ ਮੈਂ ਹੁਣ ਤੇਰਾ ਮੂੰਹ ਦੇਖਣ ਲਈ ਤਿਆਰ ਨਹੀਂ। ਇਹ ਦਸਣ ਦੀ ਮੈਨੂੰ ਕੋਈ ਲੋੜ ਨਹੀਂ ਕਿ ਤੇਰੀਆਂ ਦੋਹਾਂ ਭੈਣਾਂ ਦੇ ਵਿਆਹ ਕਰ ਦਿਤੇ ਗਏ ਹਨ। ਹੁਣ ਮੈਨੂੰ ਤੇਰੀ ਲੋੜ ਨਹੀਂ ਭਾਸਦੀ। ਫਿਰ ਵੀ ਅਰਦਾਸ ਕਰਦਾ ਹਾਂ ਕਿ ਤੂੰ ਬੀਬੀ ਅਚਲ ਕੌਰ ਨਾਲ ਸੁੱਖੀ ਰਹੇ।

ਇਕ ਭੁਲਾਇਆ ਹੋਇਆ ਪਿਤਾ,
ਗਿਆਨ ਸਿੰਘ

ਮਾਈ ਡੀਅਰ ਫਾਦਰ,

ਮੈਂ ਇਹ ਖ਼ਬਰ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੀ ਅਚਲਾ ਨਾਲ ਅਣਬਣ ਹੋ ਗਈ ਹੈ। ਉਹ ਇਸ ਗੱਲ ਦੇ ਖਹਿੜੀ ਪਈ ਹੋਈ ਹੈ ਕਿ ਕਿਸੇ ਤਰ੍ਹਾਂ ਤਲਾਕ ਲੈ ਲਿਆ ਜਾਵੇ। ਇਸ ਦਾ ਮਤਲਬ ਇਹ ਹੋਵੇਗਾ ਕਿ ਮੈਂ ਉਸ ਦੀ ਜਾਇਦਾਦ ਤੋਂ ਵਾਂਝਿਆ ਰਹਿ ਜਾਵਾਂਗਾ। ਤੁਹਾਡੇ ਕੋਲ ਮੈਂ ਆਉਣਾ ਨਹੀਂ ਚਾਹੁੰਦਾ ਕਿਉਂਕਿ ਤੁਸੀਂ ਮੇਰੇ ਨਾਲ ਭਾਰੀ ਬੇਇਨਸਾਫੀ ਕੀਤੀ ਹੈ। ਮੈਂ ਤੁਹਾਡਾ ਮੂੰਹ ਤੱਕ ਵੀ ਦੇਖਣਾ ਨਹੀਂ ਚਾਹੁੰਦਾ ਪਰ ਫਿਰ ਵੀ ਮੈਂ ਕਦੀ ਤੁਹਾਡਾ ਪੁੱਤਰ ਰਿਹਾ ਹਾਂ। ਇਸ ਨਾਤੇ ਮੈਂ ਇਕ ਬੇਨਤੀ ਕਰਦਾ ਹਾਂ ਕਿ ਜੇ ਆਪ ਮੈਨੂੰ ਪੰਜ ਹਜ਼ਾਰ ਰੁਪਏ ਦਾ ਚੈਕ ਭੇਜ ਦੇਵੋ ਤਾਂ ਮੈਂ ਸਮਝਾਂਗਾ ਕਿ ਤੁਹਾਡੇ ਕਠੋਰ ਹਿਰਦੇ ਵਿਚ ਪੁਤਰ ਪਿਆਰ ਦੀ ਹਾਲੇ ਤਕ ਕੋਈ ਕਸਕ ਮੌਜੂਦ ਹੈ। ਮੈਨੂੰ ਉਮੀਦ ਤਾਂ ਨਹੀਂ ਕਿ ਤੁਸੀਂ ਮੈਨੂੰ ਰੁਪਏ ਭੇਜੋਗੇ ਪਰ ਫੇਰ ਵੀ ਮੈਂ ਆਪ ਦੇ ਪਿਤਾ ਪਿਆਰ ਨੂੰ ਅਜ਼ਮਾਣ ਦਾ ਹੌਸਲਾ ਕੀਤਾ ਹੈ।

ਰੁਪਏ ਦੀ ਮੈਨੂੰ ਸਖਤ ਲੋੜ ਹੈ ਮਿਸਟਰ ਫਾਦਰ।

ਇਕ ਠੁਕਰਾਇਆ ਹੋਇਆ ਬੇਟਾ,
ਦਿਲਦਾਰ ਐਮ. ਏ. ਐਲ. ਐਲ.ਬੀ.

ਮੇਰੇ ਪਿਆਰੇ ਵੀਰ ਦਿਲਦਾਰ ਸਿੰਘ, ਜੀ,
ਸਤਿ ਸ੍ਰੀ ਅਕਾਲ।

ਇਸ ਚਿੱਠੀ ਦੇ ਨਾਲ ਮੈਂ ਆਪ ਜੀ ਨੂੰ ਪੰਜ ਹਜ਼ਾਰ ਰੁਪੈ ਦਾ ਚੈਕ ਭੇਜ ਰਹੀ ਹਾਂ। ਇਸ ਦੇ ਨਾਲ ਹੀ ਮੈਂ ਤੁਹਾਨੂੰ ਇਕ ਬਹੁਤ ਦੁਖ ਭਰੀ ਘਟਨਾ ਸੁਣਾ ਰਹੀ ਹਾਂ ਕਿ ਸਾਡੇ ਬਜ਼ੁਰਗ ਪਿਤਾ ਗਿਆਨ ਸਿੰਘ ਜੀ ਕੱਲ ਸੁਰਗਵਾਸ ਹੋ ਗਏ ਹਨ। ਤੁਹਾਡਾ ਖ਼ਤ ਮਿਲਣ ਤੇ ਉਹ ਤੜਪ ਉਠੇ। ਬਹੁਤ ਦੇਰ ਰੋਂਦੇ ਰਹੇ ਤੇ ਫੇਰ ਬੇਹੋਸ਼ ਹੋ ਗਏ। ਜਦੋਂ ਹੋਸ਼ ਆਈ ਤਾਂ ਉਨ੍ਹਾਂ ਇਕ ਰਜਿਸਟਰੀ ਸ਼ੁਦਾ ਵਸੀਅਤ ਨਾਮੇਂ ਦੀ ਨਕਲ ਦੋਹਾਂ ਭੈਣਾਂ ਦੇ ਹੱਥ ਫੜਾ ਦਿੱਤੀ ਤੇ ਕਹਿਆ, "ਮੇਰੀ ਜਾਇਦਾਦ ਤੁਹਾਡੀ ਦੋਹਾਂ ਦੀ ਹੈ। ਹੁਣ ਇਸ ਤੇ ਤੁਹਾਡਾ ਹੱਕ ਹੈ। ਮੈਂ ਅਪਣੇ ਪੁਤਰ ਨੂੰ ਮੁਆਫ ਕਰ ਦਿੱਤਾ ਹੈ। ਪਰ ਜਾਇਦਾਦ ਤੁਹਾਡੀ ਦੋਹਾਂ ਦੀ ਹੀ ਹੈ। ਮੈਂ ਚਾਹੁੰਦਾ ਹਾਂ ਕਿ ਉਹ ਵਿਚਾਰਾ ਤੰਗ ਨਾ ਹੋਵੇ ਇਸ ਲਈ ਪੰਜ ਹਜ਼ਾਰ ਰੁਪਿਆ ਉਸ ਨੂੰ ਭੇਜ ਦੇਵੋ ਤਾਂ ਜੋ ਮਰ ਰਹੇ ਪਿਓ ਦੀ ਰੂਹ ਨੂੰ ਸ਼ਾਂਤੀ ਆ ਜਾਏ।" ਅਸੀਂ ਕਿਹਾ, "ਸਤਿਕਾਰ ਯੋਗ ਪਿਤਾ ਜੀਓ, ਤੁਸੀਂ ਸਾਨੂੰ ਛਡਕੇ ਸਦਾ ਲਈ ਵਿਛੜ ਰਹੇ ਹੋ। ਅਸੀਂ ਇਸ

ਜਾਇਦਾਦ ਨੂੰ ਕੀ ਕਰਾਂਗੀਆਂ ? ਸਾਨੂੰ ਵਾਹਿਗੁਰੂ ਨੇ ਬਹੁਤ ਕੁਝ ਦਿੱਤਾ ਹੈ। ਪੰਜ ਹਜ਼ਾਰ ਕੀ ਅਸੀਂ ਸਾਰੀ ਦੀ ਸਾਰੀ ਜਾਇਦਾਦ ਵੀਰ ਦਿਲਦਾਰ ਦੇ ਨਾਂ ਲਿਖ ਦਿਆਂਗੀਆਂ। ਮੈਂ ਪੰਜ ਹਜ਼ਾਰ ਰੁਪਏ ਦਾ ਚੈਕ ਉਹਨਾਂ ਦੇ ਹੱਥ ਵਿਚ ਦੇ ਕੇ ਕਿਹਾ, 'ਇਹ ਭੇਜ ਰਹੀ ਹਾਂ' ਮਰਦੇ ਹੋਏ ਪਿਤਾ ਜੀ ਨੇ ਕੇਵਲ ਇਹੋ ਹੀ ਸ਼ਬਦ ਕਹੇ :—

ਚੰਦ ਨ ਬਦਲਾ
ਸੂਰ ਨ ਬਦਲਾ,
ਨਾ ਬਦਲਾ ਆਸਮਾਨ
ਕਿਤਨਾ ਬਦਲ ਗਿਆ ਇਨਸਾਨ।'

ਤੁਸੀਂ ਜਲਦੀ ਆ ਜਾਣਾ ਅਖੰਡ ਪਾਠ ਰਖਿਆ ਹੋਇਆ ਹੈ।

ਤੁਹਾਡੀ ਭੈਣ,
ਦੇਵਿੰਦਰ ਕੌਰ ਐਮ. ਏ.



ਜ਼ੀਨਤ ਬਘੇਲ ਸਿੰਘ

ਸਾਧੂ ਸਿੰਘ ਹਮਦਰਦ

ਜੱਬਾਰ ਖਾਂ ਤੇ ਜ਼ੀਨਤ ਜਥੇਦਾਰ ਜੀ ਦੇ ਤੰਬੂ ਵਿੱਚ ਗਏ, ਉਨ੍ਹਾਂ ਦਾ ਖਿਆਲ ਸੀ ਕਿ ਹਜ਼ਾਰਾਂ ਸਿੰਘਾਂ ਦਾ ਜਥੇਦਾਰ ਜੋ ਇਕ ਤਰ੍ਹਾਂ ਨਾਲ ਇਨ੍ਹਾਂ ਲਈ ਇਕ ਬਾਦਸ਼ਾਹ ਦੀ ਹੈਸੀਅਤ ਰਖਦਾ ਸੀ ਬੜੇ ਠਾਠ ਨਾਲ ਰਹਿੰਦਾ ਹੋਵੇਗਾ, ਪਰ ਉਹ ਦੋਵੇਂ ਵੇਖ ਕੇ ਹੈਰਾਨ ਹੋ ਗਏ ਕਿ ਜਥੇਦਾਰ ਜੀ ਇਕ ਟੁੱਟੀ ਫੁੱਟੀ ਸਫ ਵਿਛਾ ਕੇ ਬੈਠੇ ਹੋਏ ਸਨ ਅਤੇ ਭੁੱਜੇ ਹੋਏ ਛੋਲਿਆਂ ਦਾ ਸੇਵਨ ਕਰ ਰਹੇ ਸਨ। ਮਾਈ ਦਇਆ ਕੌਰ ਕੋਲ ਬੈਠੀ ਹੋਈ ਸੀ ਅਤੇ ਹੁਣੇ ਹੁਣੇ ਪਾਠ ਦਾ ਭੋਗ ਪਾ ਕੇ ਹਟੀ ਸੀ। ਜੇ ਕਮਰੇ ਵਲ ਵੇਖਿਆ ਜਾਵੇ ਤਾਂ ਐਉਂ ਜਾਪਦਾ ਸੀ ਜਿਵੇਂ ਕਿਸੇ ਮਾਮੂਲੀ ਜਿਹੇ ਗਰੀਬੜੇ ਦਾ ਘਰ ਹੈ। ਘਰ ਵਿੱਚ ਕੋਈ ਵਿਸ਼ੇਸ਼ ਸਾਮਾਨ ਨਹੀਂ ਸੀ, ਪਰ ਸ਼ਸਤਰ ਆਦਿ ਜ਼ਰੂਰ ਸਨ। ਮਾਤਾ ਦਇਆ ਕੌਰ ਨੇ ਜ਼ੀਨਤ ਤੇ ਜੱਬਾਰ ਖਾਂ ਨੂੰ ਆਉਂਦੇ ਵੇਖ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਬੈਠਣ ਲਈ ਇਕ ਸਫ ਵਿਛਾ ਦਿੱਤੀ। ਜ਼ੀਨਤ ਨੇ ਦੂਜੇ ਪਾਸੇ ਜਦ ਨਜ਼ਰ ਫੇਰਕੇ ਡਿਠਾ ਤਾਂ ਇਕ ਪਰਦਾ ਲੱਗਾ ਵੇਖਿਆ, ਉਸ ਬਾਰੇ ਜ਼ੀਨਤ ਜਥੇਦਾਰ ਜੀ ਨੂੰ ਪੁਛਣ ਲਗੀ :—

ਜ਼ੀਨਤ:—ਇਸ ਪਾਸੇ ਕੀ ਹੈ ਜਥੇਦਾਰ ਜੀ ?

ਜਥੇਦਾਰ:—ਗੁਰੂ ਗ੍ਰੰਥ ਸਾਹਿਬ ਹੈ ਬੇਟੀ।

ਜ਼ੀਨਤ:—ਇਹ ਕੀ ਹੁੰਦਾ ਹੈ ?

ਜਥੇਦਾਰ:—ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਪੁਸਤਕ।

ਜ਼ੀਨਤ:—ਉਹੀ ਜਿਸ ਨੂੰ ਸਿੰਘ ਮੱਥਾ ਟੇਕਦੇ ਹਨ ?

ਜਥੇਦਾਰ:—ਹਾਂ, ਹਾਂ ਉਹੋ ਹੀ ਜਿਸ ਨੂੰ ਅਸੀਂ ਮੱਥਾ ਟੇਕਦੇ ਹਾਂ।

ਜ਼ੀਨਤ:—ਤੁਸੀਂ ਮੱਥਾ ਕਿਉਂ ਟੇਕਦੇ ਹੋ ?

ਜਥੇਦਾਰ:—ਇਸ ਦੀ ਇਜ਼ਤ ਤੇ ਸਤਿਕਾਰ ਕਰਨ ਲਈ।

ਜ਼ੀਨਤ:—ਮੱਥਾ ਟੇਕਣਾ ਤਾਂ ਮੂਰਤੀ ਪੂਜਾ ਹੈ।

ਜਥੇਦਾਰ:—(ਮੁਸਕਰਾਉਂਦੇ ਹੋਏ) ਪੁਤਰੀ। ਇਹ ਸਾਡੇ ਦੇਸ ਦੀ ਮੁੱਢ ਤੋਂ ਚਲੀ ਆ ਰਹੀ ਰੀਤ ਹੈ ਜੋ ਅਸੀਂ ਆਪਣੇ ਵੱਡਿਆਂ ਦਾ ਸਤਿਕਾਰ ਕਰਦੇ ਹਾਂ। ਇਕ ਪੁੱਤਰ ਜੇ ਆਪਣੇ ਪਿਤਾ ਨੂੰ ਮੱਥਾ ਟੇਕਦਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਪੁੱਤਰ ਆਪਣੇ ਪਿਤਾ ਨੂੰ ਪੂਜ ਰਿਹਾ ਹੈ। ਪੂਜਾ ਕਰਨ ਅਤੇ ਮੱਥਾ ਟੇਕਣ ਵਿੱਚ ਜ਼ਮੀਨ ਤੇ ਆਸਮਾਨ ਦਾ ਫਰਕ ਹੈ ਪੁੱਤਰੀ। ਕੁਰਾਨ ਸ਼ਰੀਫ ਨੂੰ ਮੁਸਲਮਾਨ ਚੁੰਮਦੇ ਹਨ, ਉਹ ਕਿਉਂ ? ਅਰਬ ਵਿੱਚ ਚੁੰਮਣਾ, ਅਦਬ ਤੇ ਸਤਿਕਾਰ ਦੀ ਨਿਸ਼ਾਨੀ ਹੈ, ਇਹ ਅਰਬ ਦਾ

ਸਤਿਆਚਾਰ ਹੈ । ਜੋ ਹੈਸੀਅਤ ਅਰਬ ਵਿੱਚ ਕੁਰਾਨ ਸਰੀਫ਼ ਨੂੰ ਚੁੰਮਣਾ ਰਖਦੀ ਹੈ ਉਹੋ ਹੈਸੀਅਤ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦੀ ਹੈ ਜਿਸ ਤਰ੍ਹਾਂ ਕੁਰਾਨ ਸਰੀਫ਼ ਨੂੰ ਚੁੰਮਣਾ ਮੂਰਤੀ ਪੂਜਾ ਨਹੀਂ ਇਉਂ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਮੂਰਤੀ ਪੂਜਾ ਨਹੀਂ । ਇਸ ਲਈ ਪੁੱਤਰੀ, ਇਹ ਗੱਲ ਸਮਝ ਲਉ ਕਿ ਸਿੱਖ ਕਦੀ ਭੀ ਮੂਰਤੀ ਪੂਜਾ ਨਹੀਂ ਕਰਦੇ ਸਗੋਂ ਸਿੱਖ ਧਰਮ ਵਿੱਚ ਇਸ ਦੀ ਵਿਰੋਧਤਾ ਕੀਤੀ ਗਈ ਹੈ ।

ਜ਼ੀਨਤ ਨੂੰ ਹੁਣ ਪਤਾ ਲਗਾ ਕਿ ਸਿੱਖ ਬੁਤ-ਪ੍ਰਸਤੀ ਦੇ ਕਟੜ ਵਿਰੋਧੀ ਹਨ ਅਤੇ ਉਹ ਖੁਦਾ ਨੂੰ ਹੀ ਮੰਨਦੇ ਹਨ । ਉਸ ਨੇ ਫੇਰ ਸਵਾਲ ਕੀਤਾ :—

ਜ਼ੀਨਤ:—ਜਦ ਸਿੱਖ ਭੀ ਇਕੋ ਖੁਦਾ ਨੂੰ ਮੰਨਦੇ ਹਨ ਅਤੇ ਮੂਰਤੀ ਪੂਜਾ ਨਹੀਂ ਕਰਦੇ ਤਾਂ ਉਨ੍ਹਾਂ ਵਿੱਚ ਅਤੇ ਮੁਸਲਮਾਨਾ ਵਿੱਚ ਕੀ ਫ਼ਰਕ ਹੋਇਆ ? ਉਹ ਤਾਂ ਇਕ ਹੀ ਹੋਏ ।

ਜਥੇਦਾਰ:—ਸਿੱਖ ਧਰਮ ਅਤੇ ਇਸਲਾਮ ਮਿਲਦੇ ਹਨ ।

ਜ਼ੀਨਤ:—ਤਾਂ ਸਿੱਖ ਮੁਸਲਮਾਨ ਬਨਣ ਤੋਂ ਕਿਉਂ ਝਿਜਕਦੇ ਹਨ ? ਬਘੇਲ ਸਿੰਘ ਇਸਲਾਮ ਦਾ ਨਾਂ ਸੁਣਦੇ ਹੀ ਕਿਉਂ ਅੱਗ ਭਬੂਕਾ ਹੋ ਜਾਂਦਾ ਹੈ ? ਮੈਂ ਉਨ੍ਹਾਂ ਨੂੰ ਮੁਸਲਮਾਨ ਬਨਣ ਲਈ ਕਿਹਾ ਕਿ ਇਸ ਤਰ੍ਹਾਂ ਤੁਹਾਡੀ ਜਾਨ ਬਚ ਜਾਵੇਗੀ ਤਾਂ ਅੱਖਾਂ ਲਾਲ ਕਰਕੇ ਕਹਿਣ ਲੱਗੇ ਕਿ ਅੱਗੇ ਤੋਂ ਮੇਰੇ ਨਾਲ ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰ । ਉਹ ਇਨੇ ਜਜ਼ਬਾਤੀ ਕਿਉਂ ਬਣ ਜਾਂਦੇ ਹਨ ?

ਜਥੇਦਾਰ:—ਜੇ ਅਸੀਂ ਇਹ ਕਹਿੰਦੇ ਹਾਂ ਕਿ ਇਸਲਾਮ ਚੰਗਾ ਹੈ ਤਾਂ ਇਸ ਦਾ ਇਹ ਭਾਵ ਨਹੀਂ ਕਿ ਸਿੱਖ ਧਰਮ ਬੁਰਾ ਹੈ ਅਤੇ ਉਹਨੂੰ ਛੱਡ ਦਿੱਤਾ ਜਾਵੇ ਤੇ ਜੇ ਸਿੰਘ ਮੁਸਲਮਾਨ ਬਨਣ ਤੋਂ ਇਨਕਾਰ ਕਰਦੇ ਹਨ ਤਾਂ ਇਸ ਦਾ ਮਤਲਬ ਭੀ ਇਹ ਨਹੀਂ ਕਿ ਉਹ ਇਸਲਾਮ ਨੂੰ ਬੁਰਾ ਕਹਿੰਦੇ ਹਨ । ਸਾਨੂੰ ਇਸ ਗੱਲ ਉੱਤੇ ਹੋਰ ਭੀ ਗੁੱਸਾ ਆਉਂਦਾ ਹੈ ਜਦੋਂ ਸਿੰਘਾਂ ਨੂੰ ਕਿਹਾ ਜਾਂਦਾ ਹੈ ਕਿ ਜਾਂ ਮੁਸਲਮਾਨ ਬਣ ਜਾਉ ਤੇ ਜਾਂ ਕਤਲ ਕਰ ਦਿੱਤੇ ਜਾਵੋਗੇ । ਸਿੱਖ ਇਹੋ ਜਿਹੀਆਂ ਗੱਲਾਂ ਕਦੀ ਨਹੀਂ ਸੁਣ ਸਕਦੇ । ਅਸੂਲ ਦੇ ਸਾਹਮਣੇ ਉਹ ਜਾਨ ਨੂੰ ਕੁਝ ਨਹੀਂ ਸਮਝਦੇ । ਉਹ ਤਾਂ ਦੇਸ਼ ਅਤੇ ਧਰਮ ਦੀ ਖ਼ਾਤਰ ਲੱਖਾਂ ਵਾਰ ਜਨਮ ਲੈ ਕੇ ਕੁਰਬਾਨ ਹੋ ਸਕਦੇ ਹਨ । ਬਘੇਲ ਸਿੰਘ ਨੇ ਠੀਕ ਕਿਹਾ ਹੈ । ਉਹ ਬੁਜ਼-ਦਿਲ ਤੇ ਕਮਜ਼ੋਰ ਨਹੀਂ ਜੋ ਜਾਨ ਬਚਾਣ ਖ਼ਾਤਰ ਆਪਣਾ ਧਰਮ ਛੱਡ ਦੇਵੇ । ਬਘੇਲ ਸਿੰਘ ਨੂੰ ਜਾਨ ਬਚਾਉਣ ਲਈ ਮੁਸਲਮਾਨ ਬਨਣ ਲਈ ਕਹਿਣਾ ਕਿਸੇ ਚੰਗੇ ਮੋਮਨ ਦਾ ਕੰਮ ਨਹੀਂ ਹੋ ਸਕਦਾ ਬੇਟੀ ।

(ਨਾਵਲ—ਜ਼ੀਨਤ ਬਘੇਲ ਸਿੰਘ ਵਿੱਚੋਂ)

ਸੁਪਨੇ ਦਾ ਇਕ ਸਫਾ

ਸਾਧੂ ਸਿੰਘ 'ਹਮਦਰਦ'

(ਇਹ ਘਟਣਾ 'ਹਮਦਰਦ' ਦੇ ਜੀਵਣ ਦੀ ਇਕ ਸੱਚੀ ਘਟਣਾ ਹੈ ਜੋ ਉਨ੍ਹਾਂ ਨੇ ਨਾਓਂ ਤਬਦੀਲ ਕਰਕੇ ਦਰਜ ਕੀਤੀ ਹੈ)

ਸਾਧੂ ਸਿੰਘ ਜਿਸ ਸੰਸਥਾ ਵਿਚ ਨੌਕਰ ਸੀ ਉਹ ਭਾਵੇਂ ਧਾਰਮਕ ਸੰਸਥਾ ਸੀ ਪਰ ਉਸ ਵਿਚ ਕੰਮ ਕਰਨ ਵਾਲੇ ਸਾਰੇ ਹੀ ਅੰਗਰੇਜ਼ੀ ਸਰਕਾਰ ਦੇ ਵਿਰੋਧੀ ਅਤੇ ਇਸ ਸਰਕਾਰ ਦਾ ਖਾਤਮਾ ਕਰਨ ਲਈ ਘੋਲ ਕਰਨ ਵਾਲੇ ਸਨ। ਸਾਧੂ ਸਿੰਘ ਇਸ ਜਮਾਤ ਦਾ ਪਬਲਿਸਿਟੀ ਇੰਚਾਰਜ ਸੀ। ਭਾਈ ਰਣਧੀਰ ਸਿੰਘ ਇਸ ਸੰਸਥਾ ਦੇ ਅਫਸਰਾਂ ਵਿਚੋਂ ਸਨ ਪਰ ਉਹ ਤਰਨ ਤਾਰਨ ਵਿਚ ਨੌਜਵਾਨਾਂ ਨੂੰ ਗਤਕਾ ਸਿਖਾਉਣ ਦੇ ਰੂਪ ਵਿਚ ਲੜਨਾ ਭਿੜਨਾ ਤੇ ਜੰਗ ਕਰਨਾ ਸਿਖਾਉਂਦੇ ਸਨ। ਜੁਗ ਪਲਟਾਉ ਦਲ ਨਾਲ ਉਨ੍ਹਾਂ ਦਾ ਸਹਿਚਾਰ ਸੀ ਕਿ ਉਨ੍ਹਾਂ ਨੇ ਸਾਧੂ ਸਿੰਘ ਨੂੰ ਇਸ ਦਲ ਦੀ ਪਬਲਿਸਿਟੀ ਕਰਨ ਲਈ ਪ੍ਰੇਰ ਲਿਆ ਸੀ। ਉਹ ਕਲਮ ਰਾਹੀਂ ਅੱਗ ਗਲਛਣ ਵਿਚ ਮਸ਼ਹੂਰ ਸੀ। ਇਸ ਲਈ ਉਹ ਪਬਲੀਸਿਟੀ ਲਈ ਫਿਟ ਨੌਜਵਾਨ ਸਮਝਿਆ ਗਿਆ ਸੀ। ਭਾਈ ਰਣਬੀਰ ਸਿੰਘ ਕਿਉਂਕਿ ਇਹ ਨਹੀਂ ਸੀ ਚਾਹੁੰਦੇ ਕਿ ਸਾਧੂ ਸਿੰਘ ਨੂੰ ਦਲ ਦੇ ਅੰਦਰ ਦਾ ਪਤਾ ਲਗੇ ਇਸ ਲਈ ਉਨ੍ਹਾਂ ਨੇ ਇਹ ਜ਼ਰੂਰੀ ਸਮਝਿਆ ਕਿ ਸਾਧੂ ਸਿੰਘ ਨੂੰ ਹੋਰ ਕੁਝ ਨਾ ਦਸਿਆ ਜਾਵੇ। ਉਹ ਕਿਉਂਕਿ ਆਪ ਕਟੜ ਕਿਸਮ ਦੇ ਇਨਕਲਾਬੀ ਸਨ ਇਸ ਲਈ ਉਨ੍ਹਾਂ ਨੇ ਇਸ ਸਬੰਧੀ ਬਹੁਤੀ ਵਾਕਫੀ ਪ੍ਰਾਪਤ ਕਰਨ ਦਾ ਯਤਨ ਨਾ ਕੀਤਾ "ਗਡੀਆਂ ਉਲਟਾ ਦਿਓ" "ਗੜਬੜ ਪੈਦਾ ਕਰ ਦਿਓ", "ਅੰਗਰੇਜ਼ਾਂ ਤੇ ਉਨ੍ਹਾਂ ਦੇ ਪਿਠੂਆਂ ਨੂੰ ਮਾਰੋ" ਆਦਿ ਲਿਟਰੇਚਰ ਉਰਦੂ ਤੇ ਪੰਜਾਬੀ ਵਿਚ ਹੱਥ ਨਾਲ ਲਿਖੀ ਜਾਂਦੀ ਤੇ ਸਾਈਕਲੋਸਟਾਈਲ ਕਰਕੇ ਖਾਸ ਖਾਸ ਲੋਕਾਂ ਨੂੰ ਦਿੱਤੀ ਜਾਂਦੀ ਸੀ। ਸਾਧੂ ਸਿੰਘ ਆਪ ਲਿਖਦਾ ਪਰ ਸਾਈਕਲੋਸਟਾਈਲ ਕਰਾਉਣ ਲਈ ਕਿਸੇ ਦੂਸਰੇ ਦੀ ਲਿਖਤ ਵਿਚ ਲਿਖਾਉਂਦਾ ਸੀ।

ਸਾਧੂ ਸਿੰਘ ਦੀਆਂ ਹੱਥ ਦੀਆਂ ਲਿਖਤਾਂ ਭਾਈ ਰਣਬੀਰ ਸਿੰਘ ਕੋਲ ਹੁੰਦੀਆਂ। ਰਣਬੀਰ ਸਿੰਘ ਜਾਂ ਉਸ ਦਾ ਕੋਈ ਹੋਰ ਆਦਮੀ ਇਹ ਲਿਖਤਾਂ ਤੇ ਸਾਈਕਲੋਸਟਾਈਲ ਕਾਗਜ਼ ਦਫਤਰ ਦੇ ਪਿਛਵਾੜੇ ਵਲੋਂ ਸਾਧੂ ਸਿੰਘ ਤੋਂ ਲੈ ਜਾਂਦਾ। ਖੁਫੀਆ ਪੁਲੀਸ ਦੇ ਤਿੰਨ ਸਿਪਾਹੀ ਹਰ ਵੇਲੇ ਦਫਤਰ ਦੇ ਸਾਹਮਣੇ ਬੈਠੇ ਰਹਿੰਦੇ ਸਨ। ਸਾਧੂ ਸਿੰਘ ਨਾਲ ਵੀ ਉਨ੍ਹਾਂ ਦੀ ਆਉਂਦਿਆਂ ਜਾਂਦਿਆਂ ਸਤਿ ਸ੍ਰੀ ਅਕਾਲ ਸੀ।

ਇਕ ਦਿਨ ਸਾਧੂ ਸਿੰਘ ਦਫ਼ਤਰ ਤੋਂ ਦੁਪਹਿਰ ਦਾ ਖਾਣਾ ਖਾਣ ਲਈ ਨਿਕਲਿਆ। ਉਸ ਦੇ ਪਿਛੇ ਪੁਲਿਸ ਦਾ ਇਕ ਸਿਪਾਹੀ ਹੋ ਤੁਰਿਆ। ਜਦੋਂ ਉਹ ਮੋੜ ਤੋਂ ਮੁੜਿਆ ਤੇ ਦਫ਼ਤਰ ਤੋਂ ਦੂਰ ਹੋ ਗਿਆ ਤਾਂ ਸਿਪਾਹੀ ਨੇ ਉਸ ਨੂੰ ਸਤਿ ਸ੍ਰੀ ਅਕਾਲ ਆਖ ਕੇ ਉਸ ਨੂੰ ਕਿਹਾ ਕਿ ਉਹ ਛੇਤੀ ਤਰਨ ਤਾਰਨ ਪੁਜ ਜਾਏ ਕਿਉਂਕਿ ਉਸ ਦੇ ਮਿਤਰ ਰਣਬੀਰ ਸਿੰਘ ਦੀ ਤਲਾਸ਼ੀ ਹੋਣ ਵਾਲੀ ਸੀ। ਸਿਪਾਹੀ ਨੇ ਦਸਿਆ ਕਿ ਸਾਧੂ ਸਿੰਘ ਨੇ ਜਦੋਂ ਉਹ ਗੁਰ–ਦੁਆਰੇ ਇੰਸਪੈਕਟਰ ਸੀ, ਉਸ ਦੇ ਬੁਢੇ ਪਿਤਾ ਦੀ ਮਦਦ ਕੀਤੀ ਸੀ ਜੋ ਇਕ ਗਰੰਥੀ ਸੀ। ਸਿਪਾਹੀ ਨੇ ਦਸਿਆ ਕਿ ਉਸ ਦੇ ਪਿਉ ਨੇ ਉਸ ਨੂੰ ਹਦਾਇਤ ਕੀਤੀ ਸੀ ਕਿ ਜੇ ਕਿਤੇ ਮੌਕਾ ਮਿਲੇ ਤਾਂ ਉਹ ਉਸ (ਸਾਧੂ ਸਿੰਘ) ਦੀ ਮਦਦ ਕਰੇ। ਇਸੇ ਕਾਰਨ ਉਸ ਨੇ ਸਾਧੂ ਸਿੰਘ ਦੇ ਮਿਤਰ ਦੀ ਤਲਾਸ਼ੀ ਬਾਰੇ ਉਸ ਨੂੰ ਸੂਚਨਾ ਦਿੱਤੀ ਸੀ।

ਸਾਧੂ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੇ ਸਿਪਾਹੀ ਦਾ ਧੰਨਵਾਦ ਕੀਤਾ ਤੇ ਆਪ ਮੋਟਰਾਂ ਦੇ ਅੱਡੇ ਤੇ ਜਾ ਕੇ ਬੜੀ ਮੁਸ਼ਕਲ ਨਾਲ ਤਰਨ ਤਾਰਨ ਵਾਲੀ ਮੋਟਰ ਜਾ ਫੜੀ। ਜੰਗ ਕਾਰਨ ਤਰਨ ਤਾਰਨ ਲਈ ਬਹੁਤ ਘੱਟ ਮੋਟਰਾਂ ਚਲਦੀਆਂ ਸਨ ਤੇ ਜੇ ਇਹ ਮੋਟਰ ਖੁੰਝ ਜਾਂਦੀ ਤਾਂ ਲਗ ਪਗ ਘੰਟੇ ਬਾਅਦ ਉਸ ਨੂੰ ਕੋਈ ਹੋਰ ਮੋਟਰ ਮਿਲਣੀ ਸੀ।

ਸਾਧੂ ਸਿੰਘ ਤਰਨ ਤਾਰਨ ਪੁੱਜ ਕੇ ਉਸ ਅੱਡੇ ਤੇ ਗਿਆ ਜਿਥੇ ਭਾਈ ਰਣਬੀਰ ਸਿੰਘ ਨੌਜਵਾਨਾਂ ਨੂੰ ਗਤਕਾ ਸਿਖਾ ਰਹੇ ਸਨ। ਇਕ ਪਾਸੇ ਕਰਕੇ ਉਸ ਨੇ ਭਾਈ ਸਾਹਿਬ ਨੂੰ ਸਾਰੀ ਗੱਲ ਦੱਸੀ। ਭਾਈ ਸਾਹਿਬ ਦਾ ਮਕਾਨ ਸਰੋਵਰ ਦੇ ਕੰਢੇ ਤੇ ਬੁੰਗਿਆ ਦੇ ਪਿਛਲੇ ਪਾਸੇ ਸੀ। ਦੋਵੇਂ ਉਥੇ ਪੁਜੇ ਤੇ ਉਥੇ ਨਾ ਕੇਵਲ ਸਾਧੂ ਸਿੰਘ ਦੇ ਹੱਥ ਦੀਆਂ ਲਿਖਤਾਂ ਹੀ ਸਨ ਸਗੋਂ ਹੋਰ ਸਾਈਕਲੋਸਟਾਈਲਡ ਮੈਟੀਰੀਅਲ ਪਿਆ ਸੀ। ਇਹ ਸਾਰਾ ਸਾਮਾਨ ਇਕ ਚੁਬਾਰੇ ਵਿਚ ਪਿਆ ਸੀ। ਉਨ੍ਹਾਂ ਸੋਚਿਆ ਕਿ ਜੇ ਅੱਗ ਲਗਾਈ ਗਈ ਤਾਂ ਹੋ ਸਕਦਾ ਹੈ ਕਿ ਪੁਲਿਸ ਆ ਜਾਏ ਤੇ ਉਹ ਫੜੇ ਜਾਣ। ਸਾਧੂ ਸਿੰਘ ਨੂੰ ਇਕ ਤਜਵੀਜ਼ ਸੁਝੀ। ਉਸ ਨੇ ਰੋੜੇ ਜੋ ਕਾਫ਼ੀ ਗਿਣਤੀ ਵਿਚ ਪਏ ਸਨ ਕਾਗਜ਼ਾਂ ਨਾਲ ਬੰਨ੍ਹ ਕੇ ਪੋਟਲੀਆਂ ਬਣਾ ਕੇ ਉਪਰੋਂ ਸਰੋਵਰ ਵਿਚ ਸੁਟਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਵੀਹ ਪੰਝੀ ਮਿੰਟ ਵਿਚ ਇਹ ਸਾਰਾ ਮੈਟੀਰੀਅਲ ਸਰੋਵਰ ਵਿਚ ਸੁਟ ਦਿੱਤਾ। ਦੋ ਤਿੰਨ ਨੀਲੀਆਂ ਪੱਗੜੀਆਂ, ਦੋ ਤਿੰਨ ਕਮੀਜ਼ਾਂ ਤੇ ਦੋ ਤਿੰਨ ਪਜਾਮਿਆਂ ਦਾ ਕਪੜਾ ਪੋਟਲੀਆਂ ਬੰਨ੍ਹਣ ਲਈ ਜ਼ਾਇਆ ਕਰਨਾ ਪਿਆ। ਉਨ੍ਹਾਂ ਨੇ ਚੰਗੀ ਤਰ੍ਹਾਂ ਹੇਠਲੇ ਦੋ ਕਮਰੇ ਤੇ ਉਪਰਲਾ ਚੁਬਾਰਾ ਵੇਖਿਆ ਤੇ ਜਦੋਂ ਉਨ੍ਹਾਂ ਨੂੰ ਤਸੱਲੀ ਹੋ ਗਈ ਕਿ ਹੁਣ ਕੋਈ ਚੀਜ਼ ਬਾਕੀ ਨਹੀਂ ਰਹੀ ਤਾਂ ਉਨ੍ਹਾਂ ਨੇ ਮਕਾਨ ਨੂੰ ਜੰਦਰੇ ਲਾਏ ਤੇ ਦੋਵੇਂ ਹੀ ਆਪੋ ਆਪਣੇ ਰਾਹ ਪਏ। ਭਾਈ ਰਣਬੀਰ ਸਿੰਘ ਗਤਕਾ ਸਿਖਾਉਣ ਲਈ ਅਪਣੇ ਰਾਹ ਪਿਆ ਅਤੇ ਸਾਧੂ ਸਿੰਘ ਭਾਈ ਮੋਹਨ ਸਿੰਘ ਵੈਦ ਐਂਡ ਸਨਜ਼ ਦੀ ਦੁਕਾਨ ਵੱਲ ਤੁਰ ਪਿਆ। ਤਾਕਿ ਉਹ ਖਾਰਸ਼ ਦੀ ਦੁਆਈ ਲੈ ਕੇ ਅੰਮ੍ਰਿਤਸਰ ਵਾਪਸ ਚਲਾ ਜਾਏ।

ਜਦੋਂ ਸਾਧੂ ਸਿੰਘ ਦੂਰ ਜਾ ਕੇ ਮੋੜ ਮੁੜਨ ਲੱਗਾ ਤਾਂ ਉਸ ਨੇ ਪਿੱਛੇ ਮੁੜ ਕੇ

ਦੇਖਿਆ ਤਾਂ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਸ ਨੇ ਪੁਲੀਸ ਨਾਲ ਭਾਈ ਰਣਬੀਰ ਸਿੰਘ ਨੂੰ ਫੇਰ ਮਕਾਨ ਵਿੱਚ ਵੜਦਿਆਂ ਦੇਖਿਆ। ਉਹ ਵੀ ਉਨੀਂ ਪੈਰੀਂ ਵਾਪਸ ਮਕਾਨ ਵਲ ਮੁੜ ਆਇਆ। ਡਰ ਦਿਲ ਵਿੱਚ ਇਹ ਸੀ ਕਿ ਕੋਈ ਕਾਗਜ਼ ਆਦਿ ਰਹਿ ਨਾ ਗਿਆ ਹੋਵੇ। ਸਿੱਖ ਹਵਾਲਦਾਰ ਸਾਧੂ ਸਿੰਘ ਨੂੰ ਜਾਣਦਾ ਸੀ। ਜਦੋਂ ਉਹ ਉਥੇ ਪੁਜਿਆ ਤਾਂ ਹਵਾਲਦਾਰ ਨੇ ਹੱਸ ਕੇ ਕਿਹਾ, "ਕੀ ਕਰੀਏ ਸਰਦਾਰ ਜੀ ਡੀਊਟੀ ਜੋ ਹੋਈ, ਸਾਨੂੰ ਹੁਕਮ ਤਲਾਸ਼ੀ ਲੈਣ ਦਾ ਹੈ ਸੋ ਹੁਕਮ ਦੇ ਬੰਨ੍ਹੇ ਤਲਾਸ਼ੀ ਲੈ ਰਹੇ ਹਾਂ।" ਸਾਧੂ ਸਿੰਘ ਨੇ ਉਸੇ ਤਰ੍ਹਾਂ ਹੱਸ ਕੇ ਉਤਰ ਦਿੱਤਾ, "ਜੰਮ ਜੰਮ ਤਲਾਸ਼ੀਆਂ ਲਉ ਪਿਆਰਿਉ। ਭਾਈ ਸਾਹਿਬ ਕਿਹੜੇ ਬੰਬ ਪਸਤੌਲ ਰਖੀ ਬੈਠੇ ਨੇ ?" ਇਹ ਕਹਿੰਦਿਆਂ ਸਾਧੂ ਸਿੰਘ ਭਾਈ ਰਣਬੀਰ ਸਿੰਘ ਦੀਆਂ ਅੱਖਾਂ ਵਿੱਚ ਅੱਖਾਂ ਪਾਈ ਭੇਦ ਭਰੇ ਅੰਦਾਜ਼ ਵਿੱਚ ਹੱਸ ਰਿਹਾ ਸੀ।

ਤਲਾਸ਼ੀ ਲੈਣ ਪਿੱਛੋਂ ਜਦੋਂ ਕੁਝ ਨ ਨਿਕਲਿਆ ਤਾਂ ਹਵਾਲਦਾਰ ਨੇ ਦੋਹਾਂ ਤੋਂ ਫੇਰ ਮੁਆਫ਼ੀ ਮੰਗੀ। ਪੁਲਿਸ ਉਥੋਂ ਚਲੀ ਗਈ। ਸਾਧੂ ਸਿੰਘ ਤੇ ਭਾਈ ਰਣਬੀਰ ਸਿੰਘ ਕਾਫ਼ੀ ਸਮਾਂ ਖੜੇ ਗੱਲਾਂ ਕਰਦੇ ਰਹੇ। ਅੰਮ੍ਰਿਤਸਰ ਦੀ ਖੁਫ਼ੀਆ ਪੁਲਿਸ ਦੇ ਉਸ ਸਿਪਾਹੀ ਦੀ ਸਰਾਹਨਾ ਕਰਦੇ ਰਹੇ ਜਿਸ ਨੇ ਸਮੇਂ ਸਿਰ ਤਲਾਸ਼ੀ ਦੀ ਸੂਚਨਾ ਦੇ ਕੇ ਉਨ੍ਹਾਂ ਦੋਹਾਂ ਨੂੰ ਮੌਤ ਦੇ ਮੂੰਹ ਵਿੱਚੋਂ ਬਚਾਇਆ ਸੀ। ਜੇ ਉਹ ਫਸ ਜਾਂਦੇ ਤਾਂ ਕੁਦਰਤੀ ਗੱਲ ਸੀ ਕਿ ਉਹ ਪੁਲਿਸ ਦੀ ਮਾਰ ਕੁਟ ਦਾ ਸ਼ਿਕਾਰ ਹੁੰਦੇ, ਉਨ੍ਹਾਂ ਤੇ ਸਾਜ਼ਸ਼ ਦਾ ਮੁਕਦਮਾ ਚਲਦਾ ਤੇ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਹੁੰਦੀ। ਪਿਛੋਂ ਭਾਵੇਂ ਇਸ ਬਾਰੇ ਤਸੱਵਰ ਕਰਕੇ ਉਨ੍ਹਾਂ ਦਾ ਹਿਰਦਾ ਡੋਲ ਜਾਂਦਾ ਹੋਵੇ ਪਰ ਉਸ ਵੇਲੇ ਉਨ੍ਹਾਂ ਲਈ ਫਾਂਸੀ ਲਗ ਜਾਣਾ ਇਕ ਖੇਲ ਤੋਂ ਵਧ ਨਹੀਂ ਸੀ।

ਪੰਜਾਬੀ-ਦੁਨੀਆ

ਪੰਜਾਬੀ-ਦੁਨੀਆ ਆਲੋਚਨਾ, ਖੋਜ ਅਤੇ ਦੂਜੀਆਂ ਭਾਸ਼ਾਵਾਂ ਨਾਲ ਤੁਲਨਾਤਮਕ ਅਧਿਐਨ ਦਾ ਇਕੋ ਇਕ ਮਾਸਕ ਪਰਚਾ ਹੈ । ਪੰਜਾਬ ਸਰਕਾਰ ਦੇ ਪਜਾਬੀ ਦੇ ਵਿਕਾਸ ਦੀਆਂ ਹੋਰ ਯੋਜਨਾਵਾਂ ਤੋਂ ਇਲਾਵਾ ਇਹ ਇਕ ਉਘਾ ਕਾਰਜ ਹੈ ।

ਸੂਚਨਾ

ਭਾਸ਼ਾ ਵਿਭਾਗ ਪੰਜਾਬ ਵੱਲੋਂ ਜਨ-ਸਾਹਿਤ ਦਾ 'ਬਾਲ ਸਾਹਿਤ' ਵਿਸ਼ੇਸ਼ ਅੰਕ ਮਹੀਨਾ ਅਕਤੂਬਰ, ਨਵੰਬਰ 1968 ਨੂੰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ । ਸਮੂਹ ਕਵੀਆਂ ਲਖਕਾਂ ਅਤੇ ਵਿਦਵਾਨਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅੰਕ ਲਈ ਆਪਣੀਆਂ ਵੱਡਮੁਲੀਆਂ ਰਚਨਾਵਾਂ ਉਚੇਚੇ ਤੌਰ ਤੇ ਲਿਖ ਕੇ ਵਿਭਾਗ ਨੂੰ ਸ਼ੀਘਰ ਭੇਜਣ ਦੀ ਕਿਰਪਾਲਤਾ ਕਰਨ । ਇਸ ਅੰਕ ਵਿਚ ਲੇਖਕਾਂ ਪਾਸੋਂ ਹੇਠ ਅਨੁਸਾਰ ਬੱਚਿਆਂ ਲਈ ਕਹਾਣੀਆਂ, ਕਵਿਤਾਵਾਂ, ਹਲਕੇ ਫੁਲਕੇ ਲੇਖ ਤੇ ਇਕਾਂਗੀ ਆਦਿ ਦੀ ਮਗ ਕੀਤੀ ਜਾਂਦੀ ਹੈ :-

1. ਲੋਕ ਕਹਾਣੀਆਂ
2. ਪੰਜ ਤੰਤਰ ਤੇ ਹਿਤ-ਉਪਦੇਸ਼ ਦੀਆ ਕਹਾਣੀਆਂ ।
3. ਪਰੀ ਕਹਾਣੀਆਂ
4. ਭਿੰਨ ਭਿੰਨ ਦੇਸ਼ਾਂ ਦੀਆਂ ਕਹਾਣੀਆਂ
5. ਖੋਜ, ਯਾਤਰਾ ਤੇ ਸਾਹਸ ਦੀਆਂ ਕਹਾਣੀਆਂ
6. ਅਵਿਸ਼ਕਾਰਾਂ ਦੀਆ ਕਹਾਣੀਆ
7. ਅਖਾਣਾਂ ਦੀਆਂ ਕਹਾਣੀਆ
8. ਨੇਤਾਵਾਂ, ਮਹਾਂਪੁਰਸ਼ਾਂ ਤੇ ਧਾਰਮਿਕ ਆਗੂਆਂ ਬਾਰੇ ਇਕਾਂਗੀ, ਕਵਿਤਾਵਾਂ ਤੇ ਕਹਾਣੀਆਂ
9. ਹਸਾਉਣੇ ਤੇ ਉਪਦੇਸ਼ ਭਰੇ ਲੇਖ
10. ਭਿੰਨ ਭਿੰਨ ਦੇਸ਼ਾਂ ਦੇ ਵਾਸੀਆਂ, ਉਨ੍ਹਾਂ ਦੇ ਰਹਿਣ ਸਹਿਣ ਆਦਿ ਬਾਰੇ ਜਾਣਕਾਰੀ ਭਰਪੂਰ ਲੇਖ
11. ਜੀਵਨੀਆਂ ਆਦਿ, ਆਦਿ

ਇਹ ਅੰਕ ਰੰਗੀਨ ਤੇ ਸਾਦੇ ਚਿਤਰਾਂ ਨਾਲ ਭਰਪੂਰ ਹੋਵੇਗਾ । ਪੰਨੇ ਲਗਭਗ ਦੋ ਸੌ ਹੋਣਗੇ ।

ਮੁਲ ਕੇਵਲ 1 ਰੁਪਿਆ ਹੋਵੇਗਾ ।

—ਸੰਪਾਦਕ

Regd. P—15
R. No. 10067/62 Min. of I. & B.

ਭਾਸ਼ਾ ਵਿਭਾਗ - ਪੰਜਾਬ